@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 18 January 2025
VISIT: www.qaumipatrika.org
Email: qpatrika@gmail.com
Punjabi National Daily
Qaumi Patrika NO.1
ਨਵੀਂ ਦਿੱਲੀ: ਸ਼ਨੀਵਾਰ 18 ਜਨਵਰੀ 2025, 5 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 69, qpatrika@gmail.com ਫੋਨ : 9971359517 www.qaumipatrika.org

# ਪ੍ਰਧਾਨ ਮੰਤਰੀ ਹੁਣ ਇਹ ਸਵੀਕਾਰ ਕਰ ਲੈਣ ਕਿ ਮੁਫਤ ਦੀਆਂ ਚੀਜਾਂ ਵੰਡਣਾ ਦੇਸ਼ ਲਈ ਚੰਗਾ: ਕੇਜਰੀਵਾਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 17 ਜਨਵਰੀ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਦਿੱਲੀ ਚੋਣਾਂ ਲਈ ਆਪਣੇ ਮੈਨੀਫੈਸਟੋ ਵਿੱਚ ਭਾਜਪਾ ਨੇ 'ਆਪ' ਦੀ ਨਕਲ ਕੀਤੀ ਹੈ ਅਤੇ ਕਈ 'ਰੇਵੜੀਆਂ' ਦਾ ਐਲਾਨ ਕੀਤਾ ਹੈ। ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਹਨਾਂ ਦੀ ਪਾਰਟੀ ਦੁਆਰਾ ਕੀਤੇ ਗਏ ਮੁਫਤ ਦੇ ਵਾਅਦਿਆਂ ਨੂੰ ਸਵੀਕਾਰ ਨਹੀਂ ਕਰਨਗੇ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇਪੀ ਨੱਡਾ ਨੇ ਸ਼ੁੱਕਰਵਾਰ ਨੂੰ 5 ਫਰਵਰੀ ਨੂੰ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੀ ਪਾਰਟੀ ਦਾ ਮੈਨੀਫੈਸਟੋ ਜਾਰੀ ਕੀਤਾ। ਇਸ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਵਿੱਚ ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਹੁਣ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਮੁਫਤ ਵਿੱਚ ਚੀਜਾਂ ਦੇਣ ਲਈ ਉਨ੍ਹਾਂ ਦੀ ਆਲੋਚਨਾ ਕਰਨਾ "ਗਲਤ" ਸੀ। ਵਿਰੋਧੀ ਪਾਰਟੀ 'ਤੇ ਤਿੱਖਾ ਹਮਲਾ ਕਰਦੇ ਹੋਏ ਕੇਜਰੀਵਾਲ ਨੇ ਕਿਹਾ, "ਭਾਜਪਾ ਨੇ ਵਾਰ-ਵਾਰ ਕਿਹਾ ਹੈ ਕਿ ਕੇਜਰੀਵਾਲ ਮੁਫਤ ਵਿੱਚ ਚੀਜਾਂ ਦਿੰਦੇ ਹਨ ਪਰ ਅੱਜ ਭਾਜਪਾ ਦੇ ਰਾਸਟਰੀ ਪ੍ਰਧਾਨ ਨੇ ਐਲਾਨ ਕੀਤਾ ਹੈ ਕਿ ਉਹ ਵੀ ਦਿੱਲੀ ਦੇ ਲੋਕਾਂ ਨੂੰ ਮੁਫਤ ਵਿੱਚ ਚੀਜਾਂ ਦੇਣਗੇ।" ਉਨ੍ਹਾਂ ਕਿਹਾ, "ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਾਡੇ ਬਾਰੇ ਜੋ ਕਿਹਾ ਉਹ ਗਲਤ ਸੀ। ਉਨ੍ਹਾਂ ਨੂੰ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ



ਮੁਫਤ ਵਿੱਚ ਚੀਜਾਂ ਦੇਣ ਵਿੱਚ ਕੁਝ ਵੀ ਗਲਤ ਨਹੀਂ ਹੈ। ਇਹ ਪਰਮਾਤਮਾ ਵੱਲੋਂ ਇੱਕ ਤੋਹਫਾ ਹੈ ਅਤੇ ਦੇਸ ਲਈ ਚੰਗਾ ਹੈ।" ਕੇਜਰੀਵਾਲ ਨੇ ਕਿਹਾ, "ਮੋਦੀ ਜੀ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ (ਭਾਜਪਾ) ਵਾਅਦਿਆਂ ਨਾਲ ਸਹਿਮਤ ਹਨ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਮੈਂ ਮੁਫਤ ਵਿਚ ਸਹੂਲਤਾਂ ਦੇਣ ਦੇ ਮਾਮਲੇ ਵਿਚ ਸਹੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਦੇ ਮੈਨੀਫੈਸਟੋ ਵਿੱਚ ਸਿਰਫ ਉਹੀ ਵਾਅਦੇ ਕੀਤੇ ਗਏ ਹਨ, ਜੋ 'ਆਪ' ਪਹਿਲਾਂ ਹੀ ਕਰ ਰਹੀ ਹੈ। ਕੇਜਰੀਵਾਲ ਨੇ ਕਿਹਾ, "ਫਿਰ ਲੋਕ ਉਹਨਾਂ ਨੂੰ ਵੋਟ ਕਿਉਂ ਦੇਣ?" ਉਨ੍ਹਾਂ ਭਾਜਪਾ ਦੀ ਆਲੋਚਨਾ ਕੀਤੀ ਕਿ ਉਨ੍ਹਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕਾਨੂੰਨ ਵਿਵਸਥਾ ਨੂੰ ਸੁਧਾਰਨ ਦਾ ਕੋਈ ਵਾਅਦਾ ਸਾਮਲ ਨਹੀਂ ਕੀਤਾ ਅਤੇ ਇਸਦੇ ਚੋਣ ਦਸਤਾਵੇਜ ਨੂੰ "ਝੂਠ ਦਾ ਪੁਲੰਦਾ" ਦੱਸਿਆ। ਕੇਜਰੀਵਾਲ ਨੇ ਦੋਸ ਲਾਇਆ ਕਿ ਭਾਜਪਾ ਨੇ ਸਿਰਫ ਉਨ੍ਹਾਂ ਪੁਰਾਣੀਆਂ ਯੋਜਨਾਵਾਂ ਦਾ ਵਾਅਦਾ ਕੀਤਾ ਹੈ ਜਿਨ੍ਹਾਂ ਨੂੰ ਉਹ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਕੇਜਰੀਵਾਲ ਨੇ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਦੇ ਮੈਨੀਫੈਸਟੋ ਵਿੱਚ ਕਿਹਾ ਗਿਆ ਹੈ ਕਿ ਮੁਹੱਲਾ ਕਲੀਨਿਕ ਬੰਦ ਕਰ ਦਿੱਤੇ ਜਾਣਗੇ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਦਿੱਲੀ ਭਰ ਦੇ ਲੋਕਾਂ ਤੋਂ ਪੁੱਛੇਗੀ ਕਿ ਕੀ ਉਨ੍ਹਾਂ ਨੂੰ ਇਹ ਕਲੀਨਿਕ ਚਾਹੀਦੇ ਹਨ ਜਾਂ ਨਹੀਂ।

# ਮਹਾਕੁੰਭ 'ਚ ਅਗਲੇ ਹਫਤੇ ਹੋਵੇਗੀ ਯੋਗੀ ਕੈਬਨਿਟ ਦੀ ਮੀਟਿੰਗ

ਨੈਸ਼ਨਲ ਡੈਸਕ 17 ਜਨਵਰੀ। ਮਹਾਕੁੰਭ ਮੇਲਾ 2025 ਇਸ ਵਾਰ ਬਹੁਤ ਖਾਸ ਹੋਣ ਵਾਲਾ ਹੈ, ਕਿਉਂਕਿ ਇਸ ਮੇਲੇ ਦੌਰਾਨ ਯੋਗੀ ਆਦਿੱਤਿਆਨਾਥ ਸਰਕਾਰ ਸੰਗਮ ਵਿੱਚ ਡੁਬਕੀ ਲਗਾਉਣ ਤੋਂ ਬਾਅਦ ਲੋਕ ਭਲਾਈ ਲਈ ਮਹੱਤਵਪੂਰਨ ਫੈਸਲੇ ਲੈਣ ਦੀ ਤਿਆਰੀ ਵਿਚ ਹੈ। ਮਹਾਂਕੁੰਭ ਦੌਰਾਨ ਮੁੱਖ ਮੰਤਰੀ ਯੋਗੀ ਆਪਣੀ ਕੈਬਨਿਟ ਦੇ ਮੰਤਰੀਆਂ ਨਾਲ ਅਗਲੇ ਹਫਤੇ ਯਾਨੀ 20-21 ਜਨਵਰੀ ਨੂੰ ਮੇਲਾ ਖੇਤਰ ਵਿੱਚ ਮੀਟਿੰਗ ਕਰ ਰਹੇ ਹਨ। ਇਹ ਬੈਠਕ ਰਾਜ ਅਤੇ ਪ੍ਰਯਾਗਰਾਜ ਦੇ ਹਿੱਤ ਵਿੱਚ ਕੀਤੀ ਜਾਵੇਗੀ, ਜੋ ਇੱਕ ਇਤਿਹਾਸਕ ਪਲ ਹੋਵੇਗਾ। ਪ੍ਰਸਾਸਨ ਨੇ ਸੰਭਾਵੀ ਤਰੀਕਿਆਂ ਅਨੁਸਾਰ ਤਿਆਰੀਆਂ ਕਰਨੀਆਂ ਸੁਰੂ ਕਰ ਦਿੱਤੀਆਂ ਹਨ। ਪ੍ਰਯਾਗਰਾਜ ਅਤੇ ਰਾਜ ਦੇ ਹੋਰ ਹਿੱਸਿਆਂ ਨਾਲ ਸਬੰਧਤ ਮਹੱਤਵਪੂਰਨ ਫੈਸਲੇ ਕੈਬਨਿਟ ਵਿੱਚ ਲਏ ਜਾਣਗੇ। ਦੱਸ ਦੇਈਏ ਕਿ ਜਿਵੇਂ ਯੋਗੀ ਆਦਿੱਤਿਆਨਾਥ ਨੇ ਉੱਤਰ ਪ੍ਰਦੇਸ ਦੀ ਵਾਗਡੋਰ ਸੰਭਾਲੀ, ਉਨ੍ਹਾਂ ਨੇ ਆਸਥਾ ਦੇ ਸਥਾਨਾਂ ਨੂੰ ਵਿਕਸਤ ਕਰਕੇ ਅਤੇ ਉੱਥੇ ਸਮਾਗਮਾਂ ਦੀ ਮੇਜਬਾਨੀ ਕਰਕੇ ਸਰਕਾਰ ਨੂੰ ਆਸਥਾ ਦੀਆਂ ਚਿੰਤਾਵਾਂ ਨਾਲ ਜੋੜਨ ਦੀ ਕਵਾਇਦ ਸੁਰੂ ਕਰ ਦਿੱਤੀ। ਇਸ ਸਬੰਧ ਵਿੱਚ, ਸਰਕਾਰ ਨੇ 2019 ਵਿੱਚ ਪ੍ਰਯਾਗਰਾਜ ਕੁੰਭ ਦੌਰਾਨ ਇੱਕ ਕੈਬਨਿਟ ਮੀਟਿੰਗ ਵੀ ਕੀਤੀ ਸੀ, ਜਿਸ ਵਿਚ ਮੇਰਠ ਤੋਂ ਪ੍ਰਯਾਗਰਾਜ ਨੂੰ ਜੋੜਨ



ਵਾਲੇ ਗੰਗਾ ਐਕਸਪ੍ਰੈਸਵੇਅ ਦੇ ਨਿਰਮਾਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ ਸੀ। ਮਹਾਂਕੁੰਭ ਦੇ ਇਸ ਵੱਡੇ ਸਮਾਗਮ ਦੌਰਾਨ ਵਿਧਾਨ ਸਭਾ ਦੀ ਇੱਕ ਵਿਸੇਸ ਮੀਟਿੰਗ ਬੁਲਾਉਣ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ, ਜਿਸ ਵਿੱਚ ਰਾਜ ਦੇ ਸਾਰੇ ਜਨ ਪ੍ਰਤੀਨਿਧੀ ਇਕੱਠੇ ਬੈਠ ਕੇ ਮਹਾਂਕੁੰਭ ਦੇ ਧਾਰਮਿਕ ਅਤੇ ਵਿਕਾਸ ਕਾਰਜਾਂ 'ਤੇ ਚਰਚਾ ਕਰਨਗੇ।

## ਐਨਕਾਊਂਟਰ ਤੋਂ ਬਾਅਦ ਦੋ ਇਨਾਮੀ ਬਦਮਾਸ਼ ਗ੍ਰਿਫਤਾਰ, ਪੈਰ 'ਚ ਲੱਗੀ ਗੋਲੀ

ਮਥੁਰਾ 17 ਜਨਵਰੀ। ਉੱਤਰ ਪ੍ਰਦੇਸ ਦੇ ਮਥੁਰਾ ਜ਼ਿਲ੍ਹੇ 'ਚ ਪੁਲਸ ਨੇ ਐਨਕਾਊਂਟਰ ਤੋਂ ਬਾਅਦ ਦੋ ਇਨਾਮੀ ਬਦਮਾਸ਼ਾਂ ਨੂੰ ਗ੍ਰਿਫਤਾਰ ਕਰ ਲਿਆ। ਇਕ ਪੁਲਸ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਵੇਂ ਬਦਮਾਸਾਂ ਦੇ ਪੈਰ 'ਚ ਗੋਲੀ ਲੱਗਣ ਤੋਂ ਬਾਅਦ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਬਦਮਾਸ ਕਤਲ ਦੀ ਕੋਸ਼ਿਸ਼ ਵਰਗੇ ਗੰਭੀਰ ਮਾਮਲਿਆਂ 'ਚ ਲੋੜੀਂਦੇ ਸਨ ਅਤੇ ਇਨ੍ਹਾਂ ਖ਼ਿਲਾਫ ਜ਼ਿਲ੍ਹੇ ਦੇ ਕਈ ਥਾਣਿਆਂ ਵਿਚ ਕੁੱਲ ਇਕ ਦਰਜਨ ਕੇਸ ਦਰਜ ਹਨ। ਅਧਿਕਾਰੀ ਨੇ ਦੱਸਿਆ ਕਿ ਬਦਮਾਸਾਂ ਦੇ ਕਬਜੇ 'ਚੋਂ ਵਾਰਦਾਤ 'ਚ ਵਰਤਿਆ ਗਿਆ ਹਥਿਆਰ ਅਤੇ ਮੋਟਰਸਾਈਕਲ ਬਰਾਮਦ ਕਰ ਲਿਆ ਗਿਆ ਹੈ। ਸੀਨੀਅਰ ਪੁਲਸ ਕਪਤਾਨ ਸੈਲੇਸ ਕੁਮਾਰ ਪਾਂਡੇ ਨੇ ਦੱਸਿਆ ਕਿ ਮੁਲਜਮਾਂ ਦੀ ਪਛਾਣ ਧਰਮਿੰਦਰ ਉਰਫ ਧਰਮੂ ਅਤੇ ਅਰੁਣ ਉਰਫ ਅੰਨਾ ਵਜੋਂ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਘਰਿੰਦਰ ਸਿਧਾਰਥ ਨਗਰ ਦਾ ਵਸਨੀਕ ਹੈ ਜਦਕਿ ਅਰੁਣ ਕਿਨਾਰਈ ਪਿੰਡ ਦਾ ਰਹਿਣ ਵਾਲਾ ਹੈ। ਅਧਿਕਾਰੀ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਦੋਵੇਂ ਬਦਮਾਸ ਮੰਗਲਵਾਰ ਰਾਤ ਯਮੁਨਾ ਐਕਸਪ੍ਰੈਸਵੇਅ ਰਾਹੀਂ ਕਿਤੇ ਜਾ ਰਹੇ ਸਨ, ਜਿਸ ਤੋਂ ਬਾਅਦ ਪੁਲਸ ਨੇ ਘੇਰਾਬੰਦੀ ਕਰ ਕੇ ਰਾਤ 9 ਵਜੇ ਦੇ ਕਰੀਬ ਨਗਲਾ ਫਾਰਮ ਪਿੰਡ ਦੇ ਰਸਤੇ 'ਤੇ ਇਕ ਅੰਡਰਪਾਸ ਨੇੜੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸਾਂ ਨੇ ਗੋਲੀ ਚਲਾ ਦਿੱਤੀ, ਜਿਸ ਦੇ ਜਵਾਬ 'ਚ ਪੁਲਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਗੋਲੀ ਲੱਗਣ ਨਾਲ ਦੋਵੇਂ ਬਦਮਾਸ ਜਖਮੀ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਦੋਵਾਂ ਬਦਮਾਸਾਂ 'ਤੇ 25-25 ਹਜਾਰ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ।

# ਵਰਲਡ ਚੈਸ ਚੈਪੀਂਅਨ ਗੁਕੇਸ਼ ਸਣੇ 4 ਨੂੰ ਭਾਰਤ ਰਤਨ

**ਏਜੰਸੀਆਂ**

ਨਵੀਂ ਦਿੱਲੀ 17 ਜਨਵਰੀ। ਰਾਸਟਰਪਤੀ ਦ੍ਰੋਪਦੀ ਮੁਰਮੂ ਵਲੋਂ ਸ਼ੁੱਕਰਵਾਰ ਨੂੰ ਵਿਸਵ ਸਤਰੰਜ ਚੈਂਪੀਅਨਸ਼ਿਪ ਜੇਤੂ ਗ੍ਰੈਂਡਮਾਸਟਰ ਡੀ ਗੁਕੇਸ ਅਤੇ ਪੈਰਿਸ ਓਲੰਪਿਕ ਵਿੱਚ ਦੋ ਵਾਰ ਤਗਮਾ ਜੇਤੂ ਮਹਿਲਾ ਨਿਸਾਨੇਬਾਜ ਮਨੂ ਭਾਕਰ ਸਣੇ ਚਾਰ ਖ਼ਿਡਾਰੀਆਂ ਨੂੰ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਸਟਰਪਤੀ ਭਵਨ ਵਿਖੇ ਆਯੋਜਿਤ ਇੱਕ ਸਮਾਗਮ ਵਿੱਚ ਸ੍ਰੀਮਤੀ ਮੁਰਮੂ ਨੇ ਵੱਖ-ਵੱਖ ਖੇਡਾਂ ਵਿੱਚ ਸਾਨਦਾਰ ਪ੍ਰਦਰਸਨ ਕਰਨ ਵਾਲੇ ਖਿਡਾਰੀਆਂ ਨੂੰ ਮੇਜਰ ਧਿਆਨ ਚੰਦ ਖੇਲ ਰਤਨ, ਅਰਜੁਨ ਅਤੇ ਦਰੋਣਾਚਾਰੀਆ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਸਭ ਤੋਂ ਪਹਿਲਾਂ ਸਤਰੰਜ ਵਿੱਚ ਸਾਨਦਾਰ ਪ੍ਰਦਰਸਨ ਕਰਨ ਵਾਲੇ ਭਾਰਤੀ ਗ੍ਰੈਂਡਮਾਸਟਰ ਡੀ ਗੁਕੇਸ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਓਲੰਪਿਕ ਵਿੱਚ ਦੋ ਤਗਮੇ ਜਿੱਤਣ ਵਾਲੀ ਮਹਿਲਾ ਨਿਸਾਨੇਬਾਜ ਮਨੂ ਭਾਕਰ, ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਪੈਰਾ ਐਥਲੀਟ ਪ੍ਰਵੀਨ ਕੁਮਾਰ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਰਾਸਟਰਪਤੀ ਨੇ ਅੰਨੂ ਰਾਣੀ ਨੂੰ ਐਥਲੈਟਿਕਸ, ਸਵੀਟੀ ਨੂੰ ਮੁੱਕੇਬਾਜੀ, ਸਤਰੰਜ ਵਿੱਚ ਵੰਤਿਕਾ ਅਗਰਵਾਲ, ਸਲੀਮਾ ਟੇਟੇ, ਅਭਿਸੇਕ ਸੰਜੇ, ਜਰਮਨਪ੍ਰੀਤ ਸਿੰਘ ਅਤੇ ਸੁਖਜੀਤ ਸਿੰਘ ਨੂੰ ਹਾਕੀ ਵਿਚ, ਰਾਕੇਸ ਕੁਮਾਰ ਨੂੰ (ਪੈਰਾ-ਤੀਰਅੰਦਾਜੀ), ਪ੍ਰੀਤੀ ਪਾਲ (ਪੈਰਾ ਐਥਲੈਟਿਕਸ), ਅਜੀਤ ਸਿੰਘ, ਸਕੱਤਰ ਸਰਜੇਰਾਓ ਖਲਾਰੀ (ਪੈਰਾ ਅਥਲੈਟਿਕਸ) ਅਤੇ ਧਰਮਬੀਰ (ਪੈਰਾ ਅਥਲੈਟਿਕਸ), ਪ੍ਰਣਵ ਸੁਰਮਾ (ਪੈਰਾ ਅਥਲੈਟਿਕਸ), ਐੱਚ ਹੋਕਾਟੋ ਸੇਮਾ (ਪੈਰਾ ਅਥਲੈਟਿਕਸ), ਸਮੀਰਨ (ਪੈਰਾ ਅਥਲੈਟਿਕਸ), ਨਵਦੀਪ (ਪੈਰਾ ਅਥਲੈਟਿਕਸ), ਨਤੇਸ ਕੁਮਾਰ (ਪੈਰਾ ਬੈਡਮਿੰਟਨ), ਤੁਲਸਾਮਿਥੀ ਮੁਰੂਗੇਸਨ (ਪੈਰਾ ਬੈਡਮਿੰਟਨ), ਨਾਟਯ ਸ੍ਰੀ ਸੁਮਤੀ ਸਵਾਨਾ (ਪੈਰਾ ਬੈਡਮਿੰਟਨ), ਮਨੀਸਾ ਰਾਮਦਾਸ (ਪੈਰਾ



ਬੈਡਮਿੰਟਨ), ਕਪਿਲ ਪਰਮਾਰ (ਪੈਰਾ ਜੂਡੋ) ਅਤੇ ਮੋਨਾ ਅਗਰਵਾਲ (ਪੈਰਾ ਸੂਟਿੰਗ) ਨੂੰ ਉਨ੍ਹਾਂ ਦੇ ਸਾਨਦਾਰ ਪ੍ਰਦਰਸਨ ਲਈ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

## ਸੈਫ ਅਲੀ ਖਾਨ 'ਤੇ ਹੋਏ ਹਮਲੇ ਦਾ ਰਾਜਨੀਤੀਕਰਨ ਕਰ ਰਹੀ ਵਿਰੋਧੀ ਧਿਰ

ਮੁੰਬਈ 17 ਜਨਵਰੀ। ਮਹਾਰਾਸ਼ਟਰ ਦੇ ਗ੍ਰਹਿ ਰਾਜ ਮੰਤਰੀ ਯੋਗੇ ਕਦਮ ਨੇ ਕਿਹਾ ਕਿ ਵਿਰੋਧੀ ਧਿਰ ਹਿੰਦੀ ਫ਼ਿਲਮ ਅਦਾਕਾਰ ਸੈਫ ਅਲੀ ਖਾਨ 'ਤੇ ਹੋਏ ਹਮਲੇ ਦਾ ਰਾਜਨੀਤੀਕਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਦਾਅਵਾ ਕੀਤਾ ਕਿ ਅਦਾਕਾਰ ਦੇ ਉਪਨਾਮ ਕਾਰਨ ਮਾਮਲੇ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਯੋਗੇਸ਼ ਕਦਮ ਨੇ ਇਕ ਚੈਨਲ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਘਟਨਾ ਚੋਰੀ ਦੀ ਕੋਸ਼ਿਸ਼ ਦਾ ਮਾਮਲਾ ਹੈ। ਦੋਸ਼ੀ ਦੀ ਪਛਾਣ ਕਰ ਲਈ ਗਈ ਹੈ, ਜਿਸ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਮੰਤਰੀ ਨੇ ਕਿਹਾ ਕਿ ਮੁੰਬਈ ਇਕ ਸੁਰੱਖਿਅਤ ਥਾਂ ਹੈ ਅਤੇ ਵਿਰੋਧੀ ਧਿਰ ਪੁਲਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੱਸ ਦੇਈਏ ਕਿ ਬੁੱਧਵਾਰ ਦੇਰ ਰਾਤ ਬਾਂਦਰਾ ਵਿਚ ਇਕ ਬਹੁ-ਮੰਜ਼ਿਲਾ ਇਮਾਰਤ ਦੀ 12ਵੀਂ ਮੰਜ਼ਿਲ 'ਤੇ ਸਥਿਤ ਉਹਨਾਂ ਦੇ ਅਪਾਰਟਮੈਂਟ 'ਚ ਇਕ ਘੁਸਪੈਠੀਏ ਵਲੋਂ ਖਾਨ (54) 'ਤੇ ਚਾਕੂ ਨਾਲ ਕਈ ਵਾਰ ਹਮਲਾ ਕੀਤਾ ਗਿਆ। ਇਸ ਮਾਮਲੇ ਦੇ ਸਬੰਧ ਵਿਚ ਲੀਲਾਵਤੀ ਹਸਪਤਾਲ ਦੇ ਡਾਕਟਰਾਂ ਨੇ ਕਿਹਾ ਕਿ ਐਮਰਜੈਂਸੀ ਸਰਜਰੀ ਤੋਂ ਬਾਅਦ ਅਦਾਕਾਰ ਦੀ ਹਾਲਤ ਖਤਰੇ ਤੋਂ ਬਾਹਰ ਹੈ। ਹਮਲਾ ਹੋਣ ਮਗਰੋਂ ਉਹਨਾਂ ਨੂੰ ਲੀਲਾਵਤੀ



ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇਹ ਘਟਨਾ 'ਸਤਿਗੁਰੂ ਸਰਨ' ਇਮਾਰਤ ਵਿੱਚ ਉਨ੍ਹਾਂ ਦੇ ਘਰ ਸਵੇਰੇ ਲਗਭਗ 2.30 ਵਜੇ ਵਾਪਰੀ। ਘੁਸਪੈਠੀਆ ਮੌਕੇ ਤੋਂ ਫਰਾਰ ਹੋ ਗਿਆ। ਕਦਮ ਨੇ ਕਿਹਾ ਕਿ ਸੈਫ ਅਲੀ ਖਾਨ 'ਤੇ ਹੋਏ ਹਮਲੇ ਨੂੰ ਸਾਬਕਾ ਰਾਜ ਮੰਤਰੀ ਬਾਬਾ ਸਿੱਦੀਕੀ ਦੀ ਹੱਤਿਆ ਅਤੇ ਅਦਾਕਾਰ ਸਲਮਾਨ ਖਾਨ ਨੂੰ ਦਿੱਤੀਆਂ ਗਈਆਂ ਧਮਕੀਆਂ ਨਾਲ ਜੋੜਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ, "ਘੁਸਪੈਠੀਏ ਦੀ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਸਨੂੰ ਫੜ ਲਿਆ ਜਾਵੇਗਾ।" ਉਨ੍ਹਾਂ ਦਾਅਵਾ ਕੀਤਾ ਕਿ ਅਦਾਕਾਰ ਦੇ ਖਾਨ ਉਪਨਾਮ ਕਾਰਨ ਮਾਮਲੇ ਨੂੰ ਗਲਤ ਢੰਗ ਨਾਲ ਪੇਸ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਇਸ ਘਟਨਾ ਦਾ ਸਿਰਫ ਰਾਜਨੀਤੀਕਰਨ ਕਰਨਾ ਚਾਹੁੰਦੀ ਹੈ। ਮੁੰਬਈ ਸੁਰੱਖਿਅਤ ਹੈ ਅਤੇ ਵਿਰੋਧੀ ਧਿਰ ਪੁਲਸ ਨੂੰ ਬਦਨਾਮ ਕਰ ਰਹੀ ਹੈ। ਰਾਸਟਰਵਾਦੀ ਕਾਂਗਰਸ ਪਾਰਟੀ (ਸਰਦਚੰਦਰ ਪਵਾਰ) (ਐੱਨਸੀਪੀ-ਐੱਸਪੀ) ਦੇ ਨੇਤਾ ਜਤਿੰਦਰ ਆਵਹਾਡ ਨੇ ਦਾਅਵਾ ਕੀਤਾ ਕਿ ਸੈਫ ਅਲੀ ਖਾਨ ਨੂੰ ਜਿਸ ਤਰ੍ਹਾਂ ਦੀਆਂ ਸੱਟਾਂ ਲੱਗੀਆਂ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਹਮਲਾਵਰ ਉਸਨੂੰ ਮਾਰਨਾ ਚਾਹੁੰਦਾ ਸੀ। ਮਹਾਰਾਸਟਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਐੱਨਸੀਪੀ (ਸਪਾ) ਦੇ ਨੇਤਾ ਆਧਵ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਦਾਅਵਾ ਕੀਤਾ ਕਿ ਖਾਨ ਨੂੰ ਕੱਟੜਪੰਥੀਆਂ ਨੇ ਆਪਣੇ ਪੁੱਤਰ ਦਾ ਨਾਮ ਤੈਮੂਰ ਰੱਖਣ ਲਈ ਨਿਸਾਨਾ ਬਣਾਇਆ। ਖਾਨ ਦੇ ਸਰੀਰ 'ਤੇ ਸੱਟਾਂ ਦੇ ਛੇ ਨਿਸਾਨ ਹਨ, ਜਿਨ੍ਹਾਂ ਵਿੱਚੋਂ ਦੋ ਗੰਭੀਰ ਜਖਮ ਹਨ ਅਤੇ ਚਾਕੂ ਨਾਲ ਇਕ ਹਮਲਾ ਉਸ ਦੀ ਰੀੜ੍ਹ ਦੀ ਹੱਡੀ 'ਤੇ ਕੀਤਾ ਗਿਆ ਹੈ।

# ਪੰਜਾਬੀਆਂ ਲਈ ਸੌਗਾਤ ! ਮੁੱਖ ਮੰਤਰੀ ਨੇ ਦਿੱਤਾ ਖਾਸ ਤੋਹਫਾ

**ਨਵਦੀਪ ਸਿੰਘ ਸਾਹਨੀ**

ਪਟਿਆਲਾ 17 ਜਨਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਪੰਜਾਬ ਦੇ ਲੋਕਾਂ ਨੂੰ ਖਾਸ ਤੋਹਫਾ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਪਟਿਆਲਾ 'ਚ ਬਣੇ ਦੁਨੀਆ ਦੇ ਇਕਲੌਤੇ ਸਿੱਖ ਮਹਿਲ ਦੇ ਪੈਲੇਸ 'ਹੋਟਲ ਰਨ ਬਾਸ- ਦਿ ਪੈਲੇਸ' ਦਾ ਉਦਘਾਟਨ ਕੀਤਾ ਗਿਆ ਹੈ। ਇਹ ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਖੇ ਬਣਾਇਆ ਗਿਆ ਹੈ। ਸਰਕਾਰ ਨੂੰ ਪੂਰੀ ਉਮੀਦ ਹੈ ਕਿ ਰਾਜਸਥਾਨ ਦੀ ਤਰਜ 'ਤੇ ਕਿਲ੍ਹਾ ਮੁਬਾਰਕ ਵਿਖੇ ਖੁੱਲ੍ਹਣ ਵਾਲਾ ਇਹ ਪੈਲੇਸ ਡੈਸਟੀਨੇਸ਼ਨ ਵੈਡਿੰਗ ਲਈ ਲੋਕਾਂ ਦੀ ਤਰਜੀਹ ਬਣੇਗਾ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਟੂਰਿਜਮ ਨੂੰ ਕਾਫੀ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸਾਡੇ ਕੋਲ ਬੜੀ ਵੱਡੀ ਵਿਰਾਸਤ ਹੈ, ਪਰ ਪਿਛਲੀਆਂ ਸਰਕਾਰਾਂ ਵੱਲੋਂ ਵਿਰਾਸਤ ਦੀ ਸੰਭਾਲ ਨਹੀਂ ਕੀਤੀ ਗਈ। ਪਹਿਲਾਂ ਕੁਰਸੀ 'ਤੇ ਬੈਠਣ ਵਾਲਿਆਂ ਨੇ ਸਾਡੀਆਂ ਥਾਵਾਂ ਆਪਣੇ ਦੋਸਤਾਂ ਨੂੰ ਵੇਚ ਦਿੱਤੀਆਂ, ਜਿੱਥੇ ਉਨ੍ਹਾਂ ਲੋਕਾਂ ਨੇ ਆਪਣੇ 5 ਹੋਟਲ ਬਣਾ ਲਏ। ਓਹੀ ਕੰਮ ਸਰਕਾਰ ਕਿਉਂ ਨਹੀਂ ਕਰ ਸਕਦੀ ਸੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਦਿਸ਼ਾ ਵਿਚ ਹੋਰ ਵੀ ਕਈ ਕੰਮ ਕੀਤੇ ਜਾਣਗੇ। ਪੰਜਾਬ ਦੇ ਨਾਲ-ਨਾਲ ਦੂਜੇ ਸੂਬਿਆਂ ਵਿਚ ਪਈ ਸਰਕਾਰੀ ਜਮੀਨ



ਦੀ ਵੀ ਸਹੀ ਵਰਤੋਂ ਕਰ ਕੇ ਸੂਬੇ ਦਾ ਫਾਇਦਾ ਕਰਵਾਇਆ ਜਾਵੇਗਾ। ਪੰਜਾਬ ਸਰਕਾਰ ਕਈ ਸਾਲਾਂ ਤੋਂ ਇਸ ਪ੍ਰਾਜੈਕਟ 'ਤੇ ਕੰਮ ਕਰ ਰਹੀ ਹੈ। 2 ਸਾਲ ਪਹਿਲਾਂ ਇਸ ਪ੍ਰਾਜੈਕਟ ਨੇ ਰਫਤਾਰ ਫੜੀ। ਕਿਲ੍ਹਾ ਮੁਬਾਰਕ ਸਥਿਤ ਰਣਵਾਸ ਦਾ ਏਰੀਆ, ਗਿਲਾਉਖਾਨਾ ਅਤੇ ਲੱਸੀਖਾਨਾ ਨੂੰ ਹੈਰਿਟੇਜ ਹੋਟਲ ਵਿਚ ਬਦਲਿਆ ਗਿਆ ਹੈ। ਇਸ ਇਮਾਰਤ ਦੀ ਮੁਰੰਮਤ ਦਾ ਕੰਮ ਆਪ ਪੁਰਾਤੱਤਵ ਵਿਭਾਗ ਦਿੱਲੀ ਦੀ ਇਕ ਸੰਸਥਾ ਰਾਹੀਂ ਕਰਵਾ ਰਿਹਾ ਹੈ। ਸਰਕਾਰ ਨੇ ਇਸ ਲਈ ਸ਼ੁਰੂਆਤੀ ਪੜਾਅ ਵਿਚ 6 ਕਰੋੜ ਰੁਪਏ ਦਾ ਫੰਡ ਜਾਰੀ ਕੀਤਾ ਸੀ। ਇਹ ਹੋਟਲ ਪਟਿਆਲਾ ਸਹਿਰ ਦੇ ਸੰਸਥਾਪਕ ਬਾਬਾ ਆਲਾ ਸਿੰਘ ਦੇ ਘਰ ਕਿਲ੍ਹਾ ਮੁਬਾਰਕ ਦੇ ਅੰਦਰ ਬਣਾਇਆ ਗਿਆ ਹੈ। ਹੋਟਲ ਦੀ ਛੱਤ ਲੱਕੜ ਦੀ ਬਣੀ ਹੋਈ ਹੈ। ਜਿਵੇਂ ਹੀ ਤੁਸੀਂ ਕਿਲ੍ਹੇ ਵਿਚ ਦਾਖਲ ਹੁੰਦੇ ਹੋ ਤਾਂ ਖੱਬੇ ਪਾਸੇ ਰਣਵਾਸ ਇਮਾਰਤ ਹੈ। ਪਟਿਆਲਾ ਰਿਆਸਤ ਦੀਆਂ ਰਾਣੀਆਂ ਇਸ ਇਮਾਰਤ ਵਿਚ ਰਹਿੰਦੀਆਂ ਸਨ ਅਤੇ ਉਨ੍ਹਾਂ ਨੂੰ ਇਮਾਰਤ ਤੋਂ ਬਾਹਰ ਜਾਣ ਦੀ ਇਜਾਜਤ ਬਹੁਤ ਘੱਟ ਹੁੰਦੀ ਸੀ। ਇਸ 2 ਮੰਜ਼ਿਲਾ ਇਮਾਰਤ ਦੇ ਉੱਪਰਲੇ ਹਿੱਸੇ ਵਿਚ 3 ਬਿਹਤਰੀਨ ਪੇਂਟਿੰਗ ਚੈਂਬਰ ਹਨ, ਜਿਨ੍ਹਾਂ ਵਿਚ ਕੀਮਤੀ ਪੇਂਟਿੰਗਸ ਸਨ। ਇਸ ਵਿਚ ਇਕ ਜਗ੍ਹਾ ਲੱਸੀਖਾਨਾ ਹੈ,

## ਦਿੱਲੀ ਦੰਗਿਆਂ ਦੇ ਦੋਸ਼ੀ ਤਾਹਿਰ ਹੁਸੈਨ ਭਰਨਗੇ ਨਾਮਜਦਗੀ

ਨਵੀਂ ਦਿੱਲੀ 17 ਜਨਵਰੀ। ਦਿੱਲੀ ਦੰਗਿਆਂ ਦੇ ਦੋਸ਼ੀ ਤਾਹਿਰ ਹੁਸੈਨ ਨੂੰ ਵਿਧਾਨ ਸਭਾ ਚੋਣਾਂ ਲਈ ਨਾਮਜਦਗੀ ਪੱਤਰ ਦਾਖਲ ਕਰਨ ਲਈ ਸਵੇਰੇ ਤਿਹਾੜ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਜੇਲ੍ਹ ਸੂਤਰਾਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਈ ਕੋਰਟ ਨੇ ਹੁਸੈਨ ਨੂੰ ਹਿਰਾਸਤ ਵਿਚ ਪੈਰੋਲ ਦਿੱਤੀ ਹੈ। ਇਕ ਸੂਤਰ ਨੇ ਦੱਸਿਆ ਕਿ ਹੁਸੈਨ ਨੂੰ ਦਿੱਲੀ ਪੁਲਸ ਦੀ ਸਖਤ ਸੁਰੱਖਿਆ ਵਿਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਉਹ ਸਵੇਰੇ ਕਰੀਵ ਸਵਾ 9 ਵਜੇ ਜੇਲ੍ਹ ਤੋਂ ਬਾਹਰ ਆਏ। ਆਣ ਆਦਮੀ ਪਾਰਟੀ ਦੇ ਸਾਬਕਾ ਕੌਂਸਲਰ ਹੁਸੈਨ ਨੂੰ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ () ਨੇ ਦਿੱਲੀ ਵਿਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੁਸਤਫਾਬਾਦ ਚੋਣ ਖੇਤਰ ਤੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਦਿੱਲੀ ਹਾਈ ਕੋਰਟ ਨੇ ਹੁਸੈਨ ਨੂੰ ਨਾਮਜਦਗੀ ਪੱਤਰ ਦਾਖਲ ਕਰਨ ਲਈ ਮੰਗਲਵਾਰ ਨੂੰ ਦੰਗਿਆਂ ਨਾਲ ਸਬੰਧਤ ਕਤਲ ਦੇ ਇਕ ਮਾਮਲੇ ਵਿਚ ਹਿਰਾਸਤ ਵਿਚ ਪੈਰੋਲ ਦਿੱਤੀ। ਦੱਸਣਯੋਗ ਹੈ ਕਿ ਉੱਤਰੀ-ਪੂਰਬੀ ਦਿੱਲੀ ਵਿਚ 24 ਫਰਵਰੀ 2020 ਨੂੰ ਹਿੰਸਾ ਭੜਕੀ ਸੀ, ਜਿਸ ਵਿਚ 53 ਲੋਕ ਮਾਰੇ ਗਏ ਸਨ ਅਤੇ ਕਈ ਜਖਮੀ ਹੋ ਗਏ ਸਨ।

## 10 ਦਿਨਾਂ 'ਚ ਲਿਆ ਬਦਲਾ, ਬੀਜਾਪੁਰ 'ਚ 12 ਨਕਸਲੀ ਐਂਕਾਉਂਟਰ 'ਚ ਢੇਰ

ਨੈਸ਼ਨਲ ਡੈਸਕ 17 ਜਨਵਰੀ। ਛੱਤੀਸਗੜ੍ਹ ਦੇ ਬੀਜਾਪੁਰ ਦੇ ਜੰਗਲਾਂ 'ਚ ਸਵੇਰ ਤੋਂ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਾਲੇ ਮੁੱਠਭੇੜ ਜਾਰੀ ਹੈ। ਇਸ ਮੁਕਾਬਲੇ ਵਿੱਚ ਸੁਰੱਖਿਆ ਬਲਾਂ ਨੇ ਸਾਮ ਤੱਕ 12 ਨਕਸਲੀਆਂ ਨੂੰ ਮਾਰ ਮੁਕਾਇਆ ਹੈ। ਇਸ ਦੀ ਜਾਣਕਾਰੀ ਸਥਾਨਕ ਪੁਲਸ ਨੇ ਦਿੱਤੀ ਹੈ। ਬੀਜਾਪੁਰ ਅਤੇ ਤੇਲੰਗਾਨਾ ਦੀ ਸਰਹੱਦ 'ਤੇ ਪੈਂਦੇ ਤਿੰਨ ਜ਼ਿਲ੍ਹਿਆਂ 'ਚ ਸੁਰੱਖਿਆ ਬਲਾਂ ਵੱਲੋਂ ਵੱਡਾ ਆਪਰੇਸਨ ਚਲਾਇਆ ਜਾ ਰਿਹਾ ਹੈ। ਸਵੇਰ ਤੋਂ ਹੀ ਨਕਸਲੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਰੁਕ-ਰੁਕ ਕੇ ਗੋਲੀਬਾਰੀ ਹੋ ਰਹੀ ਹੈ। ਬੀਜਾਪੁਰ 'ਚ ਸੁਰੱਖਿਆ ਬਲਾਂ ਨੇ ਨਕਸਲੀਆਂ ਖਿਲਾਫ ਵੱਡੀ ਮੁਹਿੰਮ ਚਲਾਈ ਹੈ। ਤੇਲੰਗਾਨਾ ਦੀ ਸਰਹੱਦ 'ਤੇ ਕਈ ਪਿੰਡਾਂ 'ਚ ਨਕਸਲੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਨੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਪੁਲਸ ਨੇ ਮੁਕਾਬਲੇ ਵਾਲੀ ਥਾਂ ਤੋਂ ਐਸ.ਐਲ.ਆਰ. ਸਮੇਤ ਕਈ ਹਾਈਟੈਕ ਹਥਿਆਰ ਵੀ ਬਰਾਮਦ ਕੀਤੇ ਹਨ। ਦੱਸਿਆ ਜਾ ਰਿਹਾ ਹੈ ਕਿ ਮੁਕਾਬਲਾ ਅਜੇ ਵੀ ਜਾਰੀ ਹੈ। ਡੀ.ਆਰ.ਜੀ. ਬੀਜਾਪੁਰ, ਡੀ.ਆਰ.ਜੀ. ਸੁਕਮਾ, ਡੀ.ਆਰ.ਜੀ. ਦਾਂਤੇਵਾੜਾ, ਕੋਬਰਾ 204, 205, 206, 208, 210 ਅਤੇ ਕਰਿਪੂ 229 ਬਟਾਲੀਅਨ ਇਸ ਆਪਰੇਸਨ ਵਿੱਚ ਸਾਮਲ ਹਨ। ਇਨ੍ਹਾਂ ਸਾਰੀਆਂ ਬਟਾਲੀਅਨਾਂ ਦੇ ਜਵਾਨ ਨਕਸਲੀਆਂ ਵਿਰੁੱਧ ਵੱਡੀ ਕਾਰਵਾਈ ਨੂੰ ਅੰਜਾਮ ਦੇ ਰਹੇ ਹਨ। ਪੁਲਸ ਮੁਤਾਬਕ ਬੀਜਾਪੁਰ ਦੇ ਮਰੁਧਬਾਕਾ ਅਤੇ ਪੁਜਾਰੀ ਕਾਂਕੇਰ ਇਲਾਕੇ 'ਚ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ ਚੱਲ ਰਿਹਾ ਹੈ। ਸੁਰੱਖਿਆ ਏਜੰਸੀਆਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਸ ਇਲਾਕੇ ਵਿੱਚ



ਨਕਸਲੀ ਲੁਕੇ ਹੋਏ ਹਨ। ਸੂਚਨਾ ਮਿਲਣ ਤੋਂ ਬਾਅਦ ਜਵਾਨਾਂ ਨੇ ਤਲਾਸੀ ਮੁਹਿੰਮ ਚਲਾਈ। ਤਲਾਸੀ ਮੁਹਿੰਮ ਦੌਰਾਨ ਨਕਸਲੀ ਭੱਜਣ ਲੱਗੇ ਅਤੇ ਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ। ਜਵਾਨਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਹੁਣ ਤੱਕ ਰੁਕ-ਰੁਕ ਕੇ ਹੋਏ ਮੁਕਾਬਲਿਆਂ 'ਚ 12 ਨਕਸਲੀ ਮਾਰੇ ਜਾ ਚੁੱਕੇ ਹਨ। ਛੱਤੀਸਗੜ੍ਹ ਦੇ ਬੀਜਾਪੁਰ ਦੇ ਜੰਗਲੀ ਖੇਤਰ ਕੁਟਰੂ ਵਿੱਚ ਨਕਸਲੀਆਂ ਨੇ ਸੁਰੱਖਿਆ ਬਲਾਂ ਦੀ ਗੱਡੀ ਨੂੰ ਨਿਸਾਨਾ ਬਣਾਇਆ ਸੀ।

# ਸੁਪਰੀਮ ਕੋਰਟ ਨੇ ਮੰਗੀ ਡੱਲੇਵਾਲ ਦੀ ਮੈਡੀਕਲ ਰਿਪੋਰਟ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 17 ਜਨਵਰੀ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ 51 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਰਿਪੋਰਟ ਦੀ ਕਾਪੀ ਮੰਗੀ ਹੈ ਤਾਂ ਜੋ ਅਖਿਲ ਭਾਰਤੀ ਆਯੂਰਵਿਗਿਆਨ ਸੰਸਥਾ (ਏਮਜ) ਦੇ ਮੈਡੀਕਲ ਬੋਰਡ ਤੋਂ ਉਨ੍ਹਾਂ ਦੀ ਸਿਹਤ ਦੀ ਸਥਿਤੀ ਬਾਰੇ ਰਾਏ ਲਈ ਜਾ ਸਕੇ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਐੱਨ. ਕੋਟੀਸਵਰ ਸਿੰਘ ਦੀ ਬੈਂਚ ਨੇ ਹੈਰਾਨੀ ਪ੍ਰਗਟ ਕੀਤੀ ਕਿ ਲਗਭਗ 50 ਦਿਨਾਂ ਤੋਂ ਮਰਨ ਵਰਤ ਕਰ ਰਹੇ ਵਿਅਕਤੀ ਦੀ ਸਿਹਤ 'ਚ ਕਿਵੇਂ ਸੁਧਾਰ ਹੋ ਸਕਦਾ ਹੈ। ਬੈਂਚ ਨੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਨਿਰਦੇਸ ਦਿੱਤਾ ਕਿ ਉਹ ਡੱਲੇਵਾਲ ਦੀ ਜਾਂਚ ਰਿਪੋਰਟ ਅੱਜ ਹੀ ਸੁਪਰੀਮ ਕੋਰਟ ਦੇ ਰਜਿਸਟਰਾਰ ਸਾਹਮਣੇ ਪੇਸ ਕਰਨ। ਬੈਂਚ ਨੇ ਸੁਪਰੀਮ ਕੋਰਟ ਦੇ ਰਜਿਸਟਰਾਰ ਨੂੰ ਨਿਰਦੇਸ ਦਿੱਤਾ ਕਿ ਉਹ ਡੱਲੇਵਾਲ ਦੀ ਜਾਂਚ ਰਿਪੋਰਟ 'ਤੇ ਮੈਡੀਕਲ ਬੋਰਡ ਦੀ ਰਾਏ ਲੈਣ ਲਈ ਏਮਜ ਦੇ ਡਾਇਰੈਕਟਰ ਨੂੰ ਰਿਪੋਰਟ ਭੇਜਣ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਇਸ ਦਲੀਲ ਦਾ ਵੀ ਨੋਟਿਸ ਲਿਆ ਕਿ ਅਧਿਕਾਰੀ ਪ੍ਰਦਰਸਨਕਾਰੀ ਕਿਸਾਨਾਂ ਨਾਲ ਗੱਲਬਾਤ



ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹੱਲ ਦੀ ਉਮੀਦ ਹੈ। ਪੰਜਾਬ ਸਰਕਾਰ ਵੱਲੋਂ ਪੇਸ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਡੱਲੇਵਾਲ ਨੂੰ ਇਕ ਅਸਥਾਈ ਹਸਪਤਾਲ 'ਚ ਤਬਦੀਲ ਕਰਨ ਸੰਬੰਧੀ ਕੁਝ ਪ੍ਰਗਤੀ ਹੋਈ ਹੈ, ਜਿਸ ਨੂੰ ਹੁਣ ਪ੍ਰਦਰਸਨ ਵਾਲੀ ਥਾਂ ਤੋਂ 10 ਮੀਟਰ ਦੀ ਦੂਰੀ 'ਤੇ ਸਥਾਪਿਤ ਕੀਤਾ ਗਿਆ ਹੈ। ਸਿੱਬਲ ਨੇ ਬੈਂਚ ਨੂੰ ਇਹ ਵੀ ਦੱਸਿਆ ਕਿ ਕੇਂਦਰ ਸਰਕਾਰ ਦੇ ਪ੍ਰਤੀਨਿਧੀ ਵੀ ਪ੍ਰਦਰਸਨਕਾਰੀ ਕਿਸਾਨਾਂ ਨੂੰ ਮਿਲ ਰਹੇ ਹਨ। ਪੰਜਾਬ ਸਰਕਾਰ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਕਮੇਟੀ ਦੀ ਪ੍ਰਧਾਨਗੀ ਕਰਨ ਵਾਲੇ ਜੱਜ (ਸੇਵਾਮੁਕਤ) ਨਵਾਬ ਸਿੰਘ ਨਾਲ ਮਿਲਣ ਲਈ ਰਾਜੀ ਕਰ ਲਿਆ ਹੈ, ਜਿਸ ਤੋਂ ਬਾਅਦ 6 ਜਨਵਰੀ ਨੂੰ 70 ਸਾਲਾ ਕਿਸਾਨ ਆਗੂ ਨੇ ਸੁਪਰੀਮ ਕੋਰਟ ਵਲੋਂ ਨਿਯੁਕਤ ਕਮੇਟੀ ਨਾਲ ਮੁਲਾਕਾਤ ਕੀਤੀ। ਸੰਯੁਕਤ ਕਿਸਾਨ ਮੋਰਚਾ () (ਗੈਰ-ਰਾਜਨੀਤਿਕ) ਦੇ ਕਨਵੀਨਰ, ਡੱਲੇਵਾਲ ਨੇ 26 ਨਵੰਬਰ, 2024 ਨੂੰ ਮਰਨ ਵਰਤ ਸੁਰੂ ਕੀਤਾ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਡਾਕਟਰੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਹਾਲ ਹੀ 'ਚ ਉਨ੍ਹਾਂ ਦੀ ਸਿਹਤ ਵਿਗੜ ਗਈ। ਸੁਰੱਖਿਆ ਬਲਾਂ ਵੱਲੋਂ ਉਨ੍ਹਾਂ ਨੂੰ ਦਿੱਲੀ ਵੱਲ ਮਾਰਚ ਕਰਨ ਤੋਂ ਰੋਕਣ ਤੋਂ ਬਾਅਦ, ਪਿਛਲੇ ਸਾਲ 13 ਫਰਵਰੀ ਤੋਂ ਹੀ ਐੱਸਕੇਐੱਮ ਅਤੇ ਕਿਸਾਨ ਮਜਦੂਰ ਮੋਰਚੇ ਦੇ ਬੈਨਰ ਹੇਠ ਕਿਸਾਨ ਪੰਜਾਬ ਅਤੇ ਹਰਿਆਣਾ ਵਿਚਕਾਰ ਸੰਭੂ ਅਤੇ ਖਨੌਰੀ ਸਰਹੱਦਾਂ 'ਤੇ ਡੇਰਾ ਲਾ ਕੇ ਬੈਠੇ ਹਨ।

# ਕੋਰੀਅਰ ਰਾਹੀਂ ਨਸ਼ੀਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਮੈਡੀਕਲ ਸਟੋਰ ਦੇ ਮਾਲਕ ਸਣੇ 3 ਮੁਲਜ਼ਮ ਗ੍ਰਿਫਤਾਰ

ਨਵਾਂਸ਼ਹਿਰ 17 ਜਨਵਰੀ। ਨਵਾਂਸ਼ਹਿਰ ਦੀ ਪੁਲਸ ਨੇ ਉੱਤਰ ਪ੍ਰਦੇਸ਼ ਦੇ ਸਿਕੋਹਾਬਾਦ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੇ ਪਦਾਰਥਾਂ ਦੀ ਸਪਲਾਈ ਦਾ ਰੈਕੇਟ ਚਲਾ ਰਹੇ ਮੈਡੀਕਲ ਸਟੋਰ ਮਾਲਕ ਸਣੇ 3 ਵਿਅਕਤੀਆਂ ਨੂੰ ਕਾਬੂ ਕਰਕੇ 30,270 ਨਸ਼ੇ ਵਾਲੀਆਂ ਗੋਲੀਆਂ ਅਤੇ 20 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਐੱਸ. ਐੱਸ. ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੁਲਜ਼ਮ ਦਲੀਪ ਕੁਮਾਰ ਉਰਫ਼ ਦੀਪ ਵਾਸੀ ਬੰਗਾ ਨੂੰ ਪੁਲਸ ਥਾਣਾ ਸਿਟੀ ਬੰਗਾ ਨੇ 270 ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਡਾ. ਚੌਧਰੀ ਨੇ ਦੱਸਿਆ ਕਿ ਉਕਤ ਦੋਸ਼ੀ ਕੋਲੋਂ ਪੁੱਛਗਿੱਛ ਦੌਰਾਨ ਸੁਖਵਿੰਦਰ ਸਿੰਘ ਉਰਫ ਬਿੰਦਾ ਵਾਸੀ ਪਿੰਡ ਲਕਸੀਹਾ ਥਾਣਾ ਮਾਹਿਲਪੁਰ ਜੋਕਿ ਨਸ਼ੇ ਦਾ ਧੰਦਾ ਕਰਦਾ ਹੈ ਅਤੇ ਈਸਾਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, ਨੂੰ ਰੇਡ ਕਰਕੇ 20 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਉਕਤ ਦੋਸ਼ੀ ਦੀ ਤਫ਼ਤੀਸ਼ ਦੌਰਾਨ ਦੋਸ਼ੀ ਫਿਗਰ ਹੋਏ ਅੰਕਿਤ ਅਗਰਵਾਲ ਵਾਸੀ ਫਿਰੋਜ਼ਾਬਾਦ ਜ਼ਿਲ੍ਹਾ ਫਿਰੋਜ਼ਾਬਾਦ (ਯੂ.ਪੀ.) ਜੋਕਿ ਸਿਕੋਹਾਬਾਦ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, 'ਚ ਛਾਪਾ ਮਾਰ ਕੇ ਨਸ਼ੇ ਵਾਲੀਆਂ ਦਵਾਈਆਂ ਵੱਜੋਂ ਵਰਤੀਆਂ ਜਾਣ ਵਾਲੀਆਂ 3 ਹਜ਼ਾਰ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ। ਐੱਸ. ਐੱਸ. ਪੀ. ਡਾ. ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਉੱਤਰ ਪ੍ਰਦੇਸ਼ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੀਆਂ ਗੋਲੀਆਂ ਪਹੁੰਚਾਉਂਦੇ ਸਨ ਅਤੇ ਬੈਂਕ ਐਂਟਰੀ ਤੋਂ ਪੈਸੇ ਲੈਂਦੇ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਪੁਲਸ ਨੇ ਅੰਤਰਰਾਜੀ ਨਸ਼ਿਆਂ ਦੇ ਵਪਾਰ ਦੀ ਲੜੀ ਨੂੰ ਤੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਜਿਨ੍ਹਾਂ ਮਾਮਲਿਆਂ ਵਿਚ ਸਪਲਾਇਰ ਕਿਸੇ ਹੋਰ ਸੂਬੇ ਦਾ ਸੀ, ਉਸ ਦਾ ਨਾਂ ਪੁਲਸ ਕਾਰਵਾਈ ਵਿਚ ਸਾਹਮਣੇ ਆਇਆ ਸੀ ਪਰ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ ਪਰ ਇਸ ਮਾਮਲੇ ਵਿਚ ਪੁਲਸ ਨੇ ਉੱਤਰ ਪ੍ਰਦੇਸ਼ ਵਿਚ ਨਸ਼ੇ ਵਾਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿਚ



ਸਫਲਤਾ ਹਾਸਲ ਕੀਤੀ ਹੈ। ਉਕਤ ਸਪਲਾਇਰ ਅੰਕਿਤ ਅਗਰਵਾਲ ਹੁਸ਼ਿਆਰਪੁਰ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਉਰਫ਼ ਬਿੰਦਾ ਨੂੰ ਕੋਰੀਅਰ ਰਾਹੀਂ ਸਪਲਾਈ ਕਰਦਾ ਸੀ ਅਤੇ ਇਹ ਸਪਲਾਈ ਸੁਖਵਿੰਦਰ ਅੱਗੇ ਕਰਦਾ ਸੀ। ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰਨ ਉਪਰੰਤ ਉਨ੍ਹਾਂ ਨੂੰ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਸਮੇਂ ਐੱਸ. ਪੀ. (ਇੰਵੈਸਟੀਗੇਸ਼ਨ) ਮੁਕੇਸ਼ ਸ਼ਰਮਾ, ਡੀ. ਐੱਸ. ਪੀ. ਪ੍ਰੇਮ ਕੁਮਾਰ, ਡੀ. ਐੱਸ. ਪੀ. ਸਰਵਣ ਸਿੰਘ ਬੱਲ ਅਤੇ ਐੱਸ. ਐੱਚ. ਓ. ਸੁਭਾਸ਼ ਚੰਦਰ ਹਾਜ਼ਰ ਸਨ।

## ਭਿਆਨਕ ਹਾਦਸੇ ਨੇ ਉਜਾੜ ਕੇ ਰੱਖ ਦਿੱਤਾ ਪਰਿਵਾਰ

ਬੁਢਲਾਡਾ 17 ਜਨਵਰੀ। ਨੈਸ਼ਨਲ ਹਾਈਵੇਅ 'ਤੇ ਬੇਸਹਾਰਾ ਪਸ਼ੂ ਦੀ ਫੇਟ ਕਾਰਨ ਕਾਰ ਚਾਲਕ ਨੌਜਵਾਨ ਦੀ ਮੌਤ ਹੋ ਗਈ ਜਦਕਿ ਉਸਦਾ ਸਾਥੀ ਜਖਮੀ ਹੋ ਗਿਆ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਬਰੇਟਾ ਤੋਂ ਬੁਢਲਾਡਾ ਨੈਸ਼ਨਲ ਹਾਈਵੇਅ 'ਤੇ ਗੁਰੂ ਨਾਨਕ ਕਾਲਜ ਪੁੱਲ 'ਤੇ ਵਰਨਾ ਕਾਰ ਦੀ ਬੇਸਹਾਰਾ ਪਸ਼ੂ ਅੱਗੇ ਆਉਣ ਕਾਰਨ ਟੱਕਰ ਹੋ ਗਈ। ਇਸ ਹਾਦਸੇ ਵਿਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ 'ਤੇ ਰਾਹਗੀਰਾਂ ਵੱਲੋਂ ਜਖਮੀ ਕਾਰ ਸਵਾਰਾਂ ਨੂੰ ਸਰਕਾਰੀ ਹਸਪਤਾਲ 'ਚ ਪਹੁੰਚਾਇਆ ਗਿਆ। ਇਸ ਦੌਰਾਨ ਗੰਭੀਰ ਜਖਮੀ ਹੋਏ ਕਾਰ ਚਾਲਕ ਨੌਜਵਾਨ ਗੁਰਸਿਮਰਨ ਸਿੰਘ (19) ਦੀ ਮੌਤ ਹੋ ਗਈ ਅਤੇ ਉਸਦਾ ਸਾਥੀ ਜਸਨਪ੍ਰੀਤ ਸਿੰਘ ਭੰਮੇ ਬੁਰੀ ਤਰ੍ਹਾਂ ਜਖਮੀ ਹੋ ਗਿਆ। ਸਥਾਨਕ ਸਿਟੀ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਰਾਜਵਿੰਦਰ ਸਿੰਘ ਦੇ ਬਿਆਨ 'ਤੇ ਮਾਮਲਾ ਦਰਜ ਕਰਕੇ ਲਾਸ਼ ਪੋਸਟ ਮਾਰਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

## ਲੁਧਿਆਣਾ 'ਚ ਕਾਰ ਸਵਾਰ ਨੌਜਵਾਨਾਂ ਨੇ ਚਲਾਈਆਂ ਗੋਲੀਆਂ, ਦਹਿਸ਼ਤ 'ਚ ਇਲਾਕੇ ਦੇ ਲੋਕ

ਲੁਧਿਆਣਾ 17 ਜਨਵਰੀ। ਇੱਥੇ ਜਲੰਧਰ ਬਾਈਪਾਸ ਭੱਟੀਆ ਕਾਲੋਨੀ ਨੇੜੇ ਕਾਰ ਸਵਾਰ 3 ਨੌਜਵਾਨ ਫਾਇਰਿੰਗ ਕਰਕੇ ਫਰਾਰ ਹੋ ਗਏ। ਫਾਇਰਿੰਗ ਕਾਰਨ ਇਲਾਕੇ 'ਚ ਅਚਾਨਕ ਦਹਿਸ਼ਤ ਫੈਲ ਗਈ। ਗੋਲੀ ਚੱਲਣ ਦੀ ਆਵਾਜ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋਏ ਅਤੇ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਜਾਂਚ ਕਰਦੇ ਹੋਏ ਮੌਕੇ ਤੋਂ 5 ਜ਼ਿੰਦਾ ਕਾਰਤੂਸ ਅਤੇ 2 ਖੋਲ



ਬਰਾਮਦ ਕੀਤੇ ਹਨ। ਪੁਲਸ ਇਲਾਕੇ 'ਚ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਤਿੰਨ ਨੌਜਵਾਨ ਗਰੇਅ ਰੰਗ ਦੀ ਕਾਰ 'ਚ ਸਵਾਰ ਸਨ ਅਤੇ ਪੂਬਰੀ ਤਰ੍ਹਾਂ ਨਸ਼ੇ 'ਚ ਧੁੱਤ ਸਨ। ਉਨ੍ਹਾਂ ਨੇ ਕਿਸੇ ਪਰਵਾਸੀ ਦੇ ਘਰ ਦੇ ਗੇਟ 'ਤੇ ਫਾਇਰਿੰਗ ਕੀਤੀ। ਪੁਲਸ ਦਾ ਮੰਨਣਾ ਹੈ ਕਿ ਕਾਰ ਸਵਾਰ ਨੌਜਵਾਨਾਂ ਨੇ ਸ਼ਾਇਦ ਕਿਸੇ ਦੂਜੀ ਜਗ੍ਹਾ 'ਤੇ ਵਾਰਦਾਤ ਨੂੰ ਅੰਜਾਮ ਦੇਣਾ ਸੀ ਪਰ ਗਲਤੀ ਨਾਲ ਕਿਸੇ ਪਰਵਾਸੀ ਦੇ ਘਰ ਫਾਇਰਿੰਗ ਕਰਕੇ ਭੱਜ ਗਏ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਇਕ ਪਰਿਵਾਰ ਦੇ 5 ਜੀਆਂ ਨੇ ਖਾਧਾ ਜਹਿਰ, ਇਸ ਕਾਰਨ ਚੁੱਕਿਆ ਇਹ ਕਦਮ

ਸਹਾਰਨਪੁਰ 17 ਜਨਵਰੀ। ਉੱਤਰ ਪ੍ਰਦੇਸ਼ 'ਚ ਸਹਾਰਨਪੁਰ ਜ਼ਿਲ੍ਹੇ ਦੇ ਗਾਗਲਹੇੜੀ ਥਾਣਾ ਖੇਤਰ 'ਚ ਕਰਜ 'ਚ ਡੁੱਬੇ ਇਕ ਦਲਿਤ ਪਰਿਵਾਰ ਦੇ ਮੁਖੀਆ ਨੇ ਪਤਨੀ ਅਤੇ ਤਿੰਨ ਬੱਚਿਆਂ ਨਾਲ ਜਹਿਰ ਖਾ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਇਸ ਘਟਨਾ 'ਚ ਪਤਨੀ ਅਤੇ ਇਕ ਬੱਚੇ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਸ ਸੁਪਰਡੈਂਟ ਨਗਰ ਵਿਓਮ ਜ਼ਿੰਦਲ ਨੇ ਮੰਗਲਵਾਰ ਨੂੰ ਦੱਸਿਆ ਕਿ ਕੋਤਵਾਲੀ ਦੇਹਾਤ ਦੇ ਪਿੰਡ ਨੰਦੀ ਫਿਰੋਜਪੁਰ ਵਾਸੀ ਵਿਕਾਸ ਕੁਮਾਰ (45) ਨੇ ਪਤਨੀ ਰਜਨੀ (35) ਅਤੇ ਤਿੰਨ ਬੱਚਿਆਂ 6 ਸਾਲਾ ਪਰੀ, ਤਿੰਨ ਸਾਲਾ ਪਲਕ ਅਤੇ ਡੇਢ ਸਾਲਾ ਵਿਵੇਕ ਨੂੰ ਜਹਿਰੀਲਾ ਪਦਾਰਥ ਖੁਆ ਦਿੱਤਾ ਅਤੇ ਫਿਰ ਖੁਦ ਨੇ ਵੀ ਜਹਿਰ ਖਾ ਲਿਆ। ਰਜਨੀ ਅਤੇ ਵਿਵੇਕ ਦੀ ਮੌਤ ਹੋ ਗਈ, ਜਦੋਂ ਕਿ




ਨਿੱਜੀ ਹਸਪਤਾਲ 'ਚ ਦਾਖਲ ਵਿਕਾਸ ਕੁਮਾਰ ਦੀ ਹਾਲਤ ਬੇਹੱਦ ਨਾਜ਼ੁਕ ਬਣੀ ਹੋਈ ਹੈ। ਪਰੀ ਅਤੇ ਪਲਕ ਦਾ ਬਾਲ ਰੋਗ ਹਸਪਤਾਲ ਦੇ ਇੱਥੇ ਇਲਾਜ ਜਾਰੀ ਹੈ। ਜਾਣਕਾਰੀ ਅਨੁਸਾਰ ਵਿਕਾਸ ਅਤੇ ਉਸ ਦੀ ਪਤਨੀ ਨੇ 8 ਫਾਇਨੈਂਸ ਕੰਪਨੀਆਂ ਤੋਂ 5 ਲੱਖ ਰੁਪਏ ਦਾ ਕਰਜ ਲਿਆ ਹੋਇਆ ਸੀ। ਪਿਛਲੇ 6 ਮਹੀਨਿਆਂ ਤੋਂ ਕੋਈ ਕਿਸ਼ਤ ਜਮ੍ਹਾ ਨਹੀਂ ਕਰਨ ਕਾਰਨ ਉਨ੍ਹਾਂ 'ਤੇ ਇਨ੍ਹਾਂ ਫਾਇਨੈਂਸ ਕੰਪਨੀਆਂ ਦਾ ਭਾਰੀ ਦਬਾਅ ਸੀ। ਇਸ ਸਥਿਤੀ ਤੋਂ ਤੰਗ ਆ ਕੇ ਕੱਲ ਕਿਸੇ ਸਮੇਂ ਵਿਕਾਸ ਨੇ ਇਹ ਆਤਮਘਾਤੀ ਕਦਮ ਚੁੱਕਿਆ। ਪੁਲਸ ਅਨੁਸਾਰ ਇਕ-ਇਕ ਕਰ ਕੇ ਵਿਕਾਸ ਨੇ ਸਾਰਿਆਂ ਨੂੰ ਜਹਿਰੀਲਾ ਪਦਾਰਥ ਖੁਆ ਦਿੱਤਾ। ਇਸ ਪਰਿਵਾਰ ਦੇ ਸਾਰੇ ਲੋਕ ਗਾਗਲਹੇੜੀ ਥਾਣਾ ਖੇਤਰ 'ਚ ਸੜਕ ਕਿਨਾਰੇ ਬੇਹੋਸ਼ੀ ਦੀ ਹਾਲਤ 'ਚ ਪਏ ਮਿਲੇ। ਪਿੰਡ ਨਨਹੇੜਾ ਬੁੱਢਾਖੇੜਾ ਵਾਸੀ ਟੈਕਸੀ ਡਰਾਈਵਰ ਬਾਬਰ ਨੇ ਇਨ੍ਹਾਂ ਲੋਕਾਂ ਨੂੰ ਸੜਕ ਕਿਨਾਰੇ ਤੜਫਦੇ ਦੇਖ ਸਾਰਿਆਂ ਨੂੰ ਆਪਣੀ ਕਾਰ ਰਾਹੀਂ ਹਸਪਤਾਲ 'ਚ ਦਾਖਲ ਕਰਵਾਇਆ।

## ਕਾਰ-ਮੋਟਰਸਾਈਕਲ ਦੀ ਟੱਕਰ 'ਚ 22 ਸਾਲਾ ਹਾਕੀ ਖਿਡਾਰੀ ਦੀ ਮੌਤ, ਪਰਿਵਾਰ ਮੈਂਬਰਾਂ ਨੇ ਦਿੱਤਾ ਧਰਨਾ

ਬਟਾਲਾ 17 ਜਨਵਰੀ। ਬਟਾਲਾ ਦੇ ਨਜਦੀਕੀ ਪਿੰਡ ਘੁੰਮਣ ਕਲਾਂ ਨੇੜੇ ਕਾਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਟੱਕਰ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਲਾਸ਼ ਨੌਸ਼ਹਿਰਾ ਮੱਝਾ ਸਿੰਘ ਵਿਖੇ ਨੈਸ਼ਨਲ ਹਾਈਵੇ 'ਤੇ ਰੱਖ ਕੇ ਕਾਰ ਚਾਲਕ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ ਗਿਆ। ਜਾਣਕਾਰੀ ਅਨੁਸਾਰ ਬੀਤੇ ਦੁਪਹਿਰ ਸਮੇਂ ਕੰਵਲਜੀਤ ਸਿੰਘ (22) ਪੁੱਤਰ ਸੁੱਚਾ ਰਾਮ ਵਾਸੀ ਪਿੰਡ ਘੁੰਮਣ ਕਲਾਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਨੌਸ਼ਹਿਰਾ ਮੱਝਾ ਸਿੰਘ ਵੱਲ ਜਾ ਰਿਹਾ ਸੀ ਕਿ ਜਦੋਂ ਉਹ ਪਿੰਡ ਤੋਂ ਥੋੜ੍ਹੀ ਦੂਰ ਸਥਿਤ ਪੌਦਿਆਂ ਦੀ ਨਰਸਰੀ ਨੇੜੇ ਪੁੱਜਾ ਤਾਂ ਉਸ ਦੇ ਮੋਟਰਸਾਈਕਲ ਦੀ ਇਕ ਕਾਰ ਨਾਲ ਟੱਕਰ ਹੋ ਗਈ, ਜਿਸਦੇ ਚਲਦਿਆਂ ਉਕਤ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ। ਕਾਰ ਸਵਾਰ ਵਿਅਕਤੀ ਵੱਲੋਂ ਜਖਮੀ ਨੌਜਵਾਨ ਨੂੰ ਆਪਣੀ ਕਾਰ 'ਚ ਇਲਾਜ ਲਈ ਸੀ. ਐੱਚ. ਸੀ. ਨੌਸ਼ਹਿਰਾ ਮੱਝਾ ਸਿੰਘ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੂਜੇ ਪਾਸੇ ਉਕਤ ਕਾਰ ਚਾਲਕ ਆਪਣੀ ਕਾਰ ਸੀ. ਐੱਚ. ਸੀ. ਨੌਸ਼ਹਿਰਾ ਮੱਝਾ



ਸਿੰਘ ਵਿਖੇ ਛੱਡ ਕੇ ਫਰਾਰ ਹੋ ਗਿਆ। ਇਸ ਦੌਰਾਨ ਜਦੋਂ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰ ਸੀ. ਐੱਚ. ਸੀ. ਨੌਸ਼ਹਿਰਾ ਮੱਝਾ ਸਿੰਘ ਪੁੱਜੇ ਤਾਂ ਉਨ੍ਹਾਂ ਨੇ ਨੌਜਵਾਨ ਦੀ ਲਾਸ਼ ਨੂੰ ਹਸਪਤਾਲ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਰੱਖ ਕੇ ਕਾਰ ਸਵਾਰ ਵਿਅਕਤੀ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ। ਇਸ ਧਰਨੇ ਦੀ ਸੂਚਨਾ ਮਿਲਦੇ ਹੀ ਡੀ. ਐੱਸ. ਪੀ. ਸਿਟੀ ਬਟਾਲਾ ਲਲਿਤ ਕੁਮਾਰ ਅਤੇ ਡੀ. ਐੱਸ. ਪੀ. ਗੁਰਦਾਸਪੁਰ ਸੁਖਪਾਲ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਕਾਰ ਚਾਲਕ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ, ਜਿਸਦੇ ਚਲਦਿਆਂ ਕਰੀਬ ਸਾਢੇ ਤਿੰਨ ਘੰਟੇ ਬਾਅਦ ਪਰਿਵਾਰਕ ਮੈਂਬਰਾਂ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ। ਇਸ ਸਬੰਧੀ ਡੀ. ਐੱਸ. ਪੀ. ਸਿਟੀ ਲਲਿਤ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਪੁਲਸ ਨੂੰ ਜੋ ਵੀ ਬਿਆਨ ਦਰਜ ਕਰਵਾਉਣਗੇ ਉਸਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਾਰ ਚਾਲਕ ਵਿਅਕਤੀ ਨੂੰ ਵੀ ਜਲਦ ਹੀ ਕਾਬੂ ਕਰ ਲਿਆ ਜਾਵੇਗਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਕਰੀਬ ਸਾਢੇ ਘੰਟੇ ਤੱਕ ਚੱਲੇ ਇਸ ਧਰਨੇ ਕਾਰਨ ਨੈਸ਼ਨਲ ਹਾਈਵੇਅ 'ਤੇ ਲੰਬਾ ਜਾਮ ਲੱਗ ਗਿਆ, ਜਿਸਦੇ ਚਲਦਿਆਂ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

## ਅਫਗਾਨਿਸਤਾਨ ਨੂੰ ਪਛਾੜ ਸਾਲ 2023 'ਚ ਦੁਨੀਆ ਦਾ ਸਭ ਤੋਂ ਵੱਡਾ ਅਫੀਮ ਉਤਪਾਦਕ ਦੇਸ਼ ਬਣਿਆ ਮਿਆਂਮਾਰ

ਗੁਰਦਾਸਪੁਰ 17 ਜਨਵਰੀ। ਸੰਯੁਕਤ ਰਾਸਟਰ ਦੀ ਇਕ ਰਿਪੋਰਟ ਅਨੁਸਾਰ ਅਫਗਾਨਿਸਤਾਨ 'ਚ ਅਫੀਮ ਦੇ ਗੈਰ-ਕਾਨੂੰਨੀ ਵਪਾਰ ਵਿਚ ਤਾਲਿਬਾਨ ਦੀ ਸਰਕਾਰ ਬਣਨ ਤੋਂ ਬਾਅਦ ਮਿਆਂਮਾਰ ਹੁਣ ਅਫਗਾਨਿਸਤਾਨ ਨੂੰ ਪਛਾੜ ਕੇ ਸਾਲ 2023 ਵਿਚ ਦੁਨੀਆ ਦਾ ਸਭ ਤੋਂ ਵੱਡਾ ਅਫੀਮ ਉਤਪਾਦਕ ਦੇਸ ਬਣਨ ਲਈ ਤਿਆਰ ਹੈ। ਇਸ ਸਾਲ ਮਿਆਂਮਾਰ 'ਚ ਅਫੀਮ ਦਾ ਉਤਪਾਦਨ ਅਫਗਾਨਿਸਤਾਨ ਦੇ ਮੁਕਾਬਲੇ



ਤਿੰਨ ਗੁਣਾ ਵੱਧ ਹੋਇਆ ਹੈ। ਸੰਯੁਕਤ ਰਾਸਟਰ ਆਫਿਸ ਆਨ ਡਰੱਗਜ ਐਂਡ ਕ੍ਰਾਈਮ ਦੀ ਰਿਪੋਰਟ ਅਨੁਸਾਰ ਸਾਲ 2023 'ਚ ਮਿਆਂਮਾਰ 'ਚ 1060 ਮੀਟ੍ਰਿਕ ਟਨ ਅਫੀਮ ਦਾ ਉਤਪਾਦਨ ਹੋਵੇਗਾ, ਜੋ ਕਿ ਹੈਰੋਇਨ ਤਿਆਰ ਕਰਨ ਲਈ ਮੁੱਖ ਸਮੱਗਰੀ ਹਨ। ਅਫਗਾਨਿਸਤਾਨ ਵਿਚ ਪਿਛਲੇ ਸਾਲ ਅਪ੍ਰੈਲ ਵਿਚ ਤਾਲਿਬਾਨ ਵੱਲੋਂ ਅਫੀਮ ਦੀ ਖੇਤੀ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਅਫਗਾਨਿਸਤਾਨ ਵਿਚ ਅਫੀਮ ਦਾ ਉਤਪਾਦਨ ਲਗਭਗ 74 ਫੀਸਦੀ ਘੱਟ ਕੇ ਸਿਰਫ 330 ਟਨ ਰਹਿ ਗਿਆ ਹੈ। ਜਦੋਂ ਕਿ ਮੌਜੂਦਾ ਸਮੇਂ 'ਚ ਮਿਆਂਮਾਰ, ਲਾਓਸ ਅਤੇ ਥਾਈਲੈਂਡ ਦਰਮਿਆਨ ਗੋਲਡਨ ਟ੍ਰਾਈਐਂਗਲ ਸਰਹੱਦੀ ਇਲਾਕਾ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਨਸੀਲੇ ਪਦਾਰਥਾਂ ਖਾਸ ਕਰ ਕੇ ਮੇਥਾਮਫੇਟਾਮਾਈਨ ਅਤੇ ਅਫੀਮ ਦੇ ਉਤਪਾਦਨ ਅਤੇ ਸਮੱਗਲਿੰਗ ਦਾ ਕੇਂਦਰ ਬਣਿਆ ਹੋਇਆ ਹੈ।

## ਡੇਅਰੀ ਮਾਲਕ ਤੋਂ ਪੈਸੇ ਤੇ ਮੋਬਾਇਲ ਖੋਹ ਕੇ ਮੋਟਰਸਾਈਕਲ ਸਵਾਰ ਫਰਾਰ

ਸੁਨਾਮ ਊਧਮ ਸਿੰਘ ਵਾਲਾ 17 ਜਨਵਰੀ। ਸਥਾਨਕ ਬਾਬਾ ਭਾਈ ਮੂਲ ਚੰਦ ਸਾਹਿਬ ਦੇ ਨੇੜੇ ਗਊਸਾਲਾ ਕੋਲ ਇਕ ਡੇਅਰੀ ਮਾਲਕ ਤੋਂ ਮੋਟਰਸਾਈਕਲ ਸਵਾਰ ਤਿੰਨ ਵਿਅਕਤੀ ਪੈਸੇ ਅਤੇ ਮੋਬਾਇਲ ਖੋਹ ਕੇ ਫਰਾਰ ਹੋ ਗਏ। ਇਸ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁਲਸ ਪਾਰਟੀ ਉੱਥੇ ਪਹੁੰਚ ਗਈ। ਇਸ ਮੌਕੇ ਦੁਕਾਨਦਾਰ ਨੇ ਦੱਸਿਆ ਕਿ ਤਿੰਨ ਵਿਅਕਤੀ ਮੋਟਰਸਾਈਕਲ 'ਤੇ ਆਏ ਇਕ ਮੋਟਰਸਾਈਕਲ 'ਤੇ ਖੜ੍ਹ ਗਿਆ ਤੇ ਦੋ ਵਿਅਕਤੀ ਉਸ ਕੋਲ ਆਏ ਅਤੇ ਪੈਸੇ ਤੇ ਮੋਬਾਇਲ ਖੋਹ ਕੇ ਭੱਜ ਗਏ ਅਤੇ ਉਸਦੇ ਹੱਥ 'ਤੇ ਵੀ ਸੱਟ ਮਾਰ ਗਏ। ਇਸ ਮੌਕੇ ਥਾਣਾ ਮੁਖੀ ਦੀਪਇੰਦਰ ਜੇਜੀ ਨੇ ਕਿਹਾ ਕਿ ਜਲਦ ਹੀ ਇਨ੍ਹਾਂ ਨੂੰ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੁਲਸ ਬਿਨਾਂ ਨੰਬਰ ਪਲੇਟ ਵਾਲਿਆਂ ਵਾਹਨਾਂ 'ਤੇ ਸਖਤੀ ਕਰਦੀ ਹੈ ਤਾਂ ਸਮਾਜ 'ਚੋਂ ਵਧੀਆ ਸਾਥ ਨਹੀਂ ਮਿਲਦਾ। ਲੋਕਾਂ ਦੇ ਸਹਿਯੋਗ ਨਾਲ ਇਨ੍ਹਾਂ 'ਤੇ ਨਕੇਲ ਕਸੀ ਜਾ ਸਕਦੀ ਹੈ।

## ਆਇਰਲੈਂਡ ਭੇਜਣ ਦੇ ਬਹਾਨੇ 3.70 ਲੱਖ ਦੀ ਠੱਗੀ ਮਾਰਨ ਵਾਲੇ ਏਜੰਟ ਖਿਲਾਫ ਮਾਮਲਾ ਦਰਜ

ਨਵਾਂਸ਼ਹਿਰ 17 ਜਨਵਰੀ। ਆਇਰਲੈਂਡ ਭੇਜਣ ਦੇ ਬਹਾਨੇ 3.70 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਫਰਜ਼ੀ ਟਰੈਵਲ ਏਜੰਟ ਖ਼ਿਲਾਫ ਥਾਣਾ ਸਦਰ ਦੀ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਚਰਨਜੀਤ ਪੁੱਤਰ ਬਿੱਕਰ ਸਿੰਘ ਨੇ ਦੱਸਿਆ ਕਿ ਉਹ ਕਿਸੇ ਕੰਮ ਲਈ ਕਸਬਾ ਜਾਡਲਾ ਗਿਆ ਸੀ, ਜਿੱਥੇ ਉਸ ਦੀ ਮੁਲਾਕਾਤ ਮਨਿਆਰੀ ਦੀ ਦੁਕਾਨ ਦੇ ਮਾਲਕ ਮਨੋਹਰ ਲਾਲ ਨਾਲ ਹੋਈ, ਜਿਸ ਨੇ ਦੱਸਿਆ ਕਿ ਉਸ ਦਾ ਮੁੰਡਾ ਸੰਜੀਵ ਮੋਨੂੰ ਟਰੈਵਲ ਏਜੰਟ ਹੈ ਅਤੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਕਤ ਏਜੰਟ ਸੰਜੀਵ ਮੋਨੂੰ ਨੇ ਉਸ ਨੂੰ 8 ਲੱਖ ਰੁਪਏ ਵਿਚ ਆਇਰਲੈਂਡ ਭੇਜਣ ਦਾ ਸਮਝੌਤਾ ਕੀਤਾ ਸੀ। ਉਕਤ ਏਜੰਟ ਨੇ ਉਸ ਤੋਂ 3.70 ਲੱਖ ਰੁਪਏ ਅਤੇ ਦਸਤਾਵੇਜ਼ ਲੈ ਲਏ ਪਰ ਉਸ ਨੂੰ ਵਿਦੇਸ਼ ਨਹੀਂ ਭੇਜਿਆ। ਉਸ ਨੇ ਦੱਸਿਆ ਕਿ ਉਕਤ ਏਜੰਟ ਨੇ ਉਸ ਨੂੰ 1 ਮਹੀਨੇ ਦੇ ਅੰਦਰ-ਅੰਦਰ ਪੈਸੇ ਵਾਪਸ ਕਰਨ ਦਾ ਭਰੋਸਾ ਵੀ ਦਿੱਤਾ ਸੀ ਪਰ ਉਹ ਆਪਣੇ ਵਾਅਦੇ 'ਤੇ ਖਰਾ ਨਹੀਂ ਉਤਰਿਆ। ਉਨ੍ਹਾਂ ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ 'ਚ ਉਕਤ ਫਰਜ਼ੀ ਏਜੰਟ ਖ਼ਿਲਾਫ ਕਾਨੂੰਨ ਤਹਿਤ ਕਾਰਵਾਈ ਕਰਨ ਅਤੇ ਉਸ ਦੇ ਪੈਸੇ ਵਾਪਸ ਕਰਵਾਉਣ ਦੀ ਮੰਗ ਕੀਤੀ ਹੈ। ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਪਰੋਕਤ ਸ਼ਿਕਾਇਤ ਦੀ ਜਾਂਚ ਕਰਨ ਉਪਰੰਤ ਦਿੱਤੀ ਗਈ ਨਤੀਜਾ ਰਿਪੋਰਟ ਦੇ ਆਧਾਰ 'ਤੇ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੇ ਏਜੰਟ ਸੰਜੀਵ ਕੁਮਾਰ ਉਰਫ਼ ਮੋਨੂੰ ਪੁੱਤਰ ਮਨੋਹਰ ਲਾਲ ਦੇ ਖ਼ਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡੀ. ਜੇ. 'ਤੇ ਪਿਸਤੌਲ ਲਹਿਰਾ ਕੇ ਨੱਚਣ ਵਾਲਾ ਪੁਲਸ ਨੂੰ ਵੇਖ ਕੇ ਭੱਜਿਆ, ਛੱਤ ਤੋਂ ਮਾਰੀ ਛਾਲ

ਜਲੰਧਰ 17 ਜਨਵਰੀ। ਜਲੰਧਰ ਵਿਚ ਇਕ ਪਾਰਟੀ ਦੌਰਾਨ ਚੱਲ ਡੀ. ਜੇ. 'ਤੇ ਹਥਿਆਰ ਲਹਿਰਾ ਕੇ ਨੱਚਣ ਵਾਲੇ ਵਿਅਕਤੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ। ਵੀਡੀਓ ਵਾਇਰਲ ਮਗਰੋਂ ਜਦੋਂ ਪੁਲਸ ਉਕਤ ਵਿਅਕਤੀ ਨੂੰ ਫੜਨ ਗਈ ਤਾਂ ਮੁਲਜਮ ਨੇ ਛੱਤ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਲੱਤ ਟੁੱਟ ਗਈ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਹੀ ਉਕਤ ਵਿਅਕਤੀ ਦੀ ਇਕ ਪਾਰਟੀ ਦੌਰਾਨ ਹਥਿਆਰ ਲਹਿਰਾ ਕੇ ਨੱਚਣ ਦੀ ਵੀਡੀਓ ਵਾਇਰਲ ਹੋਈ ਸੀ। ਉਸ 'ਤੇ ਐਕਸ਼ਨ ਲੈਂਦੇ ਹੋਏ ਥਾਣਾ ਰਾਮਾਮੰਡੀ ਦੀ ਪੁਲਸ ਮਾਮਲਾ ਦਰਜ ਕਰਕੇ ਦੋਸ਼ੀ ਨੂੰ ਫੜਨ ਲਈ ਗਈ ਸੀ। ਪੁਲਸ ਨੂੰ ਵੇਖ ਕੇ ਮੁਲਜਮ ਭੱਜ ਗਿਆ ਅਤੇ ਉਸ ਨੇ ਛੱਤ ਤੋਂ ਛਾਲ ਮਾਰ ਦਿੱਤੀ। ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਠੀਕ ਹੋਣ ਮਗਰੋਂ ਪੁਲਸ ਮੁਲਜਮ ਦੀ ਗ੍ਰਿਫਤਾਰੀ ਵਿਖਾ ਕੇ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲਵੇਗੀ। ਦੋਸ਼ੀ ਖ਼ਿਲਾਫ ਪਹਿਲਾਂ ਵੀ ਨਸ਼ਾ ਤਸਕਰੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਵਿਅਕਤੀ ਕੁਝ ਦਿਨ ਪਹਿਲਾਂ ਹੀ ਜੇਲ੍ਹ ਤੋਂ ਜਮਾਨਤ 'ਤੇ ਬਾਹਰ ਆਇਆ ਸੀ।

## ਡਿਪਾਰਟਮੈਂਟਲ ਸਟੋਰ 'ਚੋਂ ਚੋਰੀ ਕੀਤੀ ਹਜਾਰਾਂ ਦੀ ਨਕਦੀ

ਲੁਧਿਆਣਾ 17 ਜਨਵਰੀ। ਥਾਣਾ ਡਵੀਜ਼ਨ ਨੰ. 3 ਦੇ ਇਲਾਕੇ ਨਿਊ ਸ਼ਿਵਾਜੀ ਨਗਰ ਸਥਿਤ ਇਕ ਡਿਪਾਰਟਮੈਂਟਲ ਸਟੋਰ ਦੇ ਅੰਦਰੋਂ ਚੋਰਾਂ ਨੇ ਹਜ਼ਾਰਾਂ ਦੀ ਨਕਦੀ ਚੋਰੀ ਕਰ ਲਈ। ਚੋਰਾਂ ਨੇ ਸਟੋਰ ਦੇ ਅੰਦਰ ਕਾਫੀ ਸਮਾਂ ਗੁਜ਼ਾਰਿਆ ਅਤੇ ਆਰਾਮ ਨਾਲ ਬੈਠ ਕੇ ਚਿਪਸ ਖਾਧੇ। ਘਟਨਾ ਦਾ ਪਤਾ ਅਗਲੀ ਸਵੇਰ ਲੱਗਾ, ਜਦੋਂ ਸਟੋਰ ਦਾ ਮਾਲਕ ਸਟੋਰ ਪੁੱਜਾ ਅਤੇ ਅੰਦਰ ਪਿਆ ਸਾਮਾਨ ਖਿੱਲਰਿਆ ਹੋਇਆ ਦੇਖਿਆ। ਸਟੋਰ ਦੇ ਮਾਲਕ ਸ਼੍ਰੀ ਰਾਮ ਨੇ ਦੱਸਿਆ ਕਿ ਬੀਤੀ ਰਾਤ ਉਹ ਸਟੋਰ ਬੰਦ ਕਰ ਕੇ ਘਰ ਚਲੇ ਗਏ। ਅਗਲੀ ਸਵੇਰ ਜਿੰਦੇ ਖੋਲ੍ਹੇ ਤਾਂ ਪਤਾ ਲੱਗਾ ਕਿ ਅਣਪਛਾਤੇ ਚੋਰ ਛੱਤ ਰਾਹੀਂ ਸਟੋਰ 'ਚ ਦਾਖਲ ਹੋਏ, ਜਿਨ੍ਹਾਂ ਨੇ ਗੱਲੇ ਵਿਚ ਪਈ ਕਰੀਬ 35 ਹਜ਼ਾਰ ਦੀ ਨਕਦੀ, 2 ਮੋਬਾਈਲ ਅਤੇ ਹਜ਼ਾਰਾਂ ਦੀ ਕੀਮਤ ਦੀਆਂ ਚਾਕਲੇਟਾਂ ਅਤੇ ਚਿਪਸ ਚੋਰੀ ਕਰ ਲਏ। ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਕੈਦ ਹੋਈ। ਸੀ.ਸੀ.ਟੀ.ਵੀ. ਫੁਟੇਜ ਦੇਖਣ 'ਤੇ ਚੋਰਾਂ ਦੀ ਪਛਾਣ ਹੋਈ, ਜਿਸ ਤੋਂ ਬਾਅਦ ਇਲਾਕਾ ਪੁਲਸ ਨੇ ਕਰਨ ਸ਼ਰਮਾ, ਸਾਬੀ ਸਿੰਘ ਅਤੇ ਸੰਨੀ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸਾਰੇ ਚੋਰਾਂ ਖਿਲਾਫ ਕੇਸ ਦਰਜ ਕਰ ਲਿਆ ਹੈ

## 2 ਕਿੱਲੋ ਹੈਰੋਇਨ ਅਤੇ 1.02 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇਕ ਗ੍ਰਿਫ਼ਤਾਰ

ਨਵਾਂਸ਼ਹਿਰ 17 ਜਨਵਰੀ। ਸੀ.ਆਈ.ਏ. ਸਟਾਫ਼ ਨਵਾਂਸ਼ਹਿਰ ਪੁਲਸ ਨੇ ਇਕ ਸਕੂਟਰ ਸਵਾਰ ਨਸ਼ਾ ਸਮੱਗਲਰ ਨੂੰ ਕਾਬੂ ਕਰਕੇ 2 ਕਿੱਲੋ ਹੈਰੋਇਨ ਅਤੇ 1.02 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਪ੍ਰੈੱਸ ਕਾਨਫਰੰਸ ਵਿਚ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਅਵਤਾਰ ਸਿੰਘ ਦੀ ਅਗਵਾਈ ਹੇਠਲੀ ਪੁਲਸ ਟੀਮ ਨੂੰ ਠੋਸ ਸੂਚਨਾ ਮਿਲੀ ਸੀ, ਜਿਸ ਤਹਿਤ ਪੁਲਸ ਨੇ ਗਸ਼ਤ ਦੌਰਾਨ ਪਿੰਡ ਪੂਨੀਆ ਤੋਂ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ, ਜਿਸ ਵਿਚ ਇਕ ਨੌਜਵਾਨ ਹੈ। ਐਕਟਿਵਾ ਸਕੂਟਰ 'ਤੇ ਆ ਰਹੇ ਵਿਅਕਤੀ ਨੂੰ ਕਾਬੂ ਕਰਕੇ ਉਸ ਤੋਂ 2 ਕਿੱਲੋ ਹੈਰੋਇਨ, 1.02 ਲੱਖ ਰੁਪਏ ਦੀ ਡਰੱਗ ਮਨੀ ਅਤੇ ਮੋਬਾਈਲ ਫੋਨ ਬਰਾਮਦ ਕੀਤਾ ਗਿਆ। ਗ੍ਰਿਫ਼ਤਾਰ ਵਿਅਕਤੀ ਦੀ ਪਛਾਣ ਜਸਕਰਨ ਸਿੰਘ ਉਰਫ ਕਰਨ ਪੁੱਤਰ ਚਰਨ ਕੰਵਲਜੀਤ ਵਾਸੀ ਪਿੰਡ ਪੂਨੀਆ ਵੱਜੋਂ ਹੋਈ ਹੈ। ਐੱਸ. ਐੱਸ. ਪੀ. ਕੋਸ਼ਿਸ਼ ਤੇ ਆਰਮ ਐਕਟ ਤਹਿਤ ਅਤੇ ਥਾਣਾ ਸਿਟੀ ਬੰਗਾ ਵਿਚ ਜਬਰ-ਜ਼ਿਨਾਹ ਦੇ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ




ਡਾ.ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਖ਼ਿਲਾਫ ਪਹਿਲਾਂ ਵੀ ਥਾਣਾ ਸਿਟੀ ਬੰਗਾ ਅਤੇ ਖਰੜ ਵਿਚ ਐੱਨ. ਡੀ. ਪੀ. ਐੱਸ., ਮੁਕੰਦਪੁਰ ਵਿਚ ਕਤਲ ਦੀ ਨੂੰ ਜੇਲ੍ਹ ਵਿਚ ਉਸਦੇ ਜਾਣਕਾਰ ਰਾਜੂ (ਕਾਲਪਨਿਕ ਨਾਮ) ਨਾਮਕ ਵਿਅਕਤੀ ਤੋਂ ਪਛਾਣ ਮਿਲੀ ਸੀ। ਜੇਲ੍ਹ ਤੋਂ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਦੋਸ਼ੀ ਜਸਕਰਨਜੀਤ ਸਿੰਘ ਉਕਤ ਰਾਜੂ ਕੋਲੋਂ ਹੈਰੋਇਨ ਦੀ ਖੇਪ ਲੈ ਕੇ ਆਇਆ ਸੀ। ਉਨ੍ਹਾਂ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ

# ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀ ਸਾਵਧਾਨ, ਸਟੱਡੀ ਵੀਜਾ 'ਤੇ ਫਾਈਨਾਂਸਰ ਏ. ਵੀ. ਇੰਝ ਕਰ ਰਿਹੈ ਫਰਾਡ

ਜਲੰਧਰ 17 ਜਨਵਰੀ। ਬਿਹਾਰ ਦੇ ਨਟਵਰ ਲਾਲ ਵਾਂਗ ਜਲੰਧਰ ਦਾ ਕਥਿਤ ਫਾਈਨਾਂਸਰ ਏ. ਵੀ. ਇਸ ਸਮੇਂ ਖੂਬ ਚਰਚਾ ਵਿਚ ਹੈ। ਇਹ ਜਾਅਲੀ ਫਾਈਨਾਂਸਰ ਕਈ ਵੱਡੇ ਫਾਈਨਾਂਸਰਾਂ ਅਤੇ ਟ੍ਰੈਵਲ ਏਜੰਟਾਂ ਤੋਂ ਕਰੋੜਾਂ ਰੁਪਏ ਠੱਗ ਚੁੱਕਾ ਹੈ, ਜਦਕਿ ਅਜੇ ਵੀ ਇਸ ਦਾ ਗੋਰਖਧੰਦਾ ਸਿਖਰਾਂ 'ਤੇ ਚੱਲ ਰਿਹਾ ਹੈ। ਫਾਈਨਾਂਸਰ ਅਤੇ ਟ੍ਰੈਵਲ ਏਜੰਟ ਤਾਂ ਇਸ ਨੇ ਠੱਗੇ ਹੀ ਹਨ ਪਰ ਇਸ ਦੇ ਨਾਲ-ਨਾਲ ਜਾਅਲੀ ਫਾਈਨਾਂਸਰ ਕਾਰਨ ਕਈ ਸਟੂਡੈਂਟਸ ਦਾ ਭਵਿੱਖ ਖਤਰੇ ਵਿਚ ਪੈ ਚੁੱਕਾ ਹੈ। ਅਜੇ ਵੀ ਫੰਡ ਸ਼ੋਅ ਕਰਨ ਦੇ ਨਾਂ 'ਤੇ ਉਹ ਠੱਗੀਆਂ ਮਾਰ ਕੇ ਸਟੂਡੈਂਟਸ ਦਾ ਕਰੀਅਰ ਖਤਮ ਕਰਨ 'ਤੇ ਤੁਲਿਆ ਹੋਇਆ ਹੈ ਕਿਉਂਕਿ ਸਟੂਡੈਂਟਸ ਦੇ ਨਾਂ ਦੇ ਬੈਂਕ ਖਾਤੇ ਖੁਲ੍ਹਵਾ ਕੇ ਏ. ਵੀ. ਨਾਂ ਦਾ ਫਾਈਨਾਂਸਰ ਉਸ ਵਿਚ ਲੱਖਾਂ ਰੁਪਏ ਦੀ ਐਂਟਰੀ ਤਾਂ ਕਰਦਾ ਹੈ ਪਰ ਤੁਰੰਤ ਬਾਅਦ ਸਾਰੇ ਪੈਸੇ ਕੱਢ ਲੈਂਦਾ ਹੈ ਅਤੇ ਇਸੇ ਤਰ੍ਹਾਂ ਇਕ ਹੀ ਰਕਮ ਕਈ ਸਟੂਡੈਂਟਸ ਦੇ ਬੈਂਕ ਖਾਤਿਆਂ ਵਿਚ ਘੁਮਾ ਕੇ ਏਜੰਟਾਂ ਤੋਂ ਲੱਖਾਂ ਦਾ ਵਿਆਜ ਲੈ ਕੇ ਆਪਣੀਆਂ ਜੇਬਾਂ ਭਰ ਰਿਹਾ ਹੈ। ਜਾਅਲੀ ਫਾਈਨਾਂਸਰ ਬੈਂਕ ਖਾਤਿਆਂ 'ਚ ਅਕਾਊਂਟ ਓਪਨਿੰਗ ਦੇ ਪੈਸੇ ਤਕ ਨਹੀਂ ਰਹਿਣ ਦਿੰਦਾ। ਕਿਸੇ ਸਮੇਂ ਆਪਣੇ ਪਿਤਾ ਨਾਲ ਦਾਲਾਂ ਦਾ ਕੰਮ ਕਰਨ ਵਾਲਾ ਜਾਅਲੀ ਫਾਈਨਾਂਸਰ ਏ. ਵੀ. ਪਿਛਲੇ 14 ਸਾਲਾਂ ਤੋਂ ਨਟਵਰ ਲਾਲ ਵਾਂਗ ਕੰਮ ਕਰ ਰਿਹਾ ਹੈ। ਬੱਪੀ ਲਹਿਰੀ ਵਾਂਗ ਸੋਨੇ ਦੀਆਂ ਚੇਨੀਆਂ ਅਤੇ ਅੰਗੂਠੀਆਂ ਪਹਿਨ ਕੇ ਮਹਿੰਗਾਈਆਂ ਗੱਡੀਆਂ 'ਚ ਜਾ ਕੇ ਟ੍ਰੈਵਲ ਏਜੰਟਾਂ ਨੂੰ ਪ੍ਰਭਾਵਿਤ ਕਰਕੇ ਉਹ ਉਨ੍ਹਾਂ ਨੂੰ ਆਪਣਾ ਕਲਾਇੰਟ ਬਣਾਉਂਦਾ ਹੈ। ਜਿਵੇਂ ਹੀ ਏਜੰਟ ਸਟੱਡੀ ਵੀਜਾ 'ਤੇ ਵਿਦੇਸ਼ ਜਾਣ ਵਾਲੇ ਸਟੂਡੈਂਟਸ ਦੇ ਫੰਡ ਸ਼ੋਅ ਕਰਨ ਦਾ ਕੰਮ ਦਿੰਦਾ ਹੈ ਤਾਂ ਉਹ ਆਪਣੇ ਚੋਣਵੇਂ ਬੈਂਕਾਂ 'ਚ ਉਨ੍ਹਾਂ ਸਟੂਡੈਂਟਸ ਦੇ ਖਾਤੇ ਖੁੱਲ੍ਹਵਾ ਕੇ ਏਜੰਟ ਵੱਲੋਂ ਦੱਸੇ ਗਏ ਫੰਡ ਦੀ ਰਕਮ ਉਸ ਖਾਤੇ 'ਚ ਟਰਾਂਸਫਰ ਕਰਵਾ ਕੇ ਐਂਟਰੀ ਦੀ ਸਟੇਟਮੈਂਟ ਏਜੰਟ ਨੂੰ ਭੇਜ ਕੇ ਇਕ ਮਹੀਨੇ ਦਾ 3 ਫੀਸਦੀ ਐਡਵਾਂਸ ਵਿਆਜ ਲੈ ਕੇ ਖਾਤੇ 'ਚੋਂ ਪੈਸੇ ਕੱਢ ਕੇ ਦੂਜੇ ਸਟੂਡੈਂਟ ਦੇ ਖਾਤੇ 'ਚ ਟਰਾਂਸਫਰ ਕਰ ਦਿੰਦਾ ਹੈ। ਇਸ ਠੱਗ ਕਾਰਨ ਕਈ ਬੱਚਿਆਂ ਦੇ ਵੀਜਾ ਰਿਫਿਊਜ ਵੀ ਹੋ ਚੁੱਕੇ ਹਨ ਕਿਉਂਕਿ ਵਿਦੇਸ਼ ਤੋਂ ਫੰਡ ਚੈੱਕ ਕੀਤੇ ਜਾਂਦੇ ਹਨ ਤਾਂ ਖਾਤੇ ਵਿਚ ਕੋਈ ਵੀ ਪੈਸਾ ਨਹੀਂ ਹੁੰਦਾ। ਇਸ ਕਾਰਨ ਨਾਮੀ ਟ੍ਰੈਵਲ ਏਜੰਟ ਇਸ ਤੋਂ ਦਰਕਿਨਾਰ ਵੀ ਹੋ ਚੁੱਕੇ ਹਨ। ਇਸ ਨਾਲ ਮਿਲੇ ਹੋਏ ਕੁਝ ਬੈਂਕਾਂ ਦੇ ਮੈਨੇਜਰ ਅਤੇ ਹੈੱਡ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ ਏ. ਵੀ. ਵੱਲੋਂ ਖੁੱਲ੍ਹਵਾਏ ਖਾਤਿਆਂ ਦੇ ਫੰਡ ਸ਼ੋਅ ਕਰਨ ਲਈ ਕੋਈ ਕਾਲ ਆਉਂਦੀ ਹੈ ਤਾਂ ਆਪਣੀ ਫੀਸ ਦੇ ਲਾਲਚ ਵਿਚ ਬੈਂਕ ਤੋਂ ਹੀ ਫੰਡ ਹੋਣ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ, ਹਾਲਾਂਕਿ ਕੁਝ ਹੀ ਸਮੇਂ ਵਿਚ ਏ. ਵੀ. ਨਾਂ ਦੇ ਜਾਅਲੀ ਫਾਈਨਾਂਸਰ ਦੀ ਮਾਰਕੀਟ ਇੰਨੀ ਖਰਾਬ ਹੋ ਗਈ ਹੈ ਕਿ ਨਾਮੀ ਏਜੰਟਾਂ ਨੇ ਉਸ ਤੋਂ ਕੰਮ ਕਰਵਾਉਣਾ ਬੰਦ ਕਰ ਦਿੱਤਾ ਹੈ। ਹੁਣ ਜੋ ਏਜੰਟ ਉਸ ਤੋਂ ਕੰਮ ਕਰਵਾ ਰਹੇ ਹਨ, ਉਹ ਖੁਦ ਸਟੂਡੈਂਟਸ ਦੇ ਕਰੀਅਰ ਨਾਲ ਖੇਡ ਰਹੇ ਹਨ ਤੇ ਘੱਟ ਵਿਆਜ ਦੇਣ ਦੇ ਲਾਲਚ 'ਚ ਏ. ਵੀ. ਤੋਂ ਖਾਤੇ ਖੁੱਲ੍ਹਵਾ ਕੇ ਫੰਡ ਦੇ ਨਾਂ 'ਤੇ ਫਰਾਡ ਕਰ ਰਹੇ ਹਨ। ਇਸ ਤੋਂ ਕਲੀਅਰ ਹੈ ਕਿ ਜੇਕਰ ਕਿਸੇ ਹੋਰ ਬ੍ਰਾਂਚ ਤੋਂ ਫੰਡ ਚੈੱਕ ਕਰਵਾਏ ਜਾਣ ਤਾਂ ਬੱਚੇ ਦਾ ਵੀਜਾ ਰਿਫਿਊਜ ਹੋਣਾ ਤੈਅ ਹੈ। ਪੁਲਸ ਜੇਕਰ ਏ. ਵੀ. ਨਾਂ ਦੇ ਇਸ ਫਾਈਨਾਂਸਰ ਨੂੰ ਲੈ ਕੇ ਜਾਂਚ ਕਰੇ ਤਾਂ ਠੱਗੀਆਂ ਮਾਰ ਕੇ



ਬਣਾਈ ਗਈ ਪ੍ਰਾਪਰਟੀਜ ਦੇ ਨਾਲ-ਨਾਲ ਕਾਲੀ ਕਮਾਈ ਦੇ ਕਈ ਰਾਜ ਖੁੱਲ੍ਹ ਸਕਦੇ ਹਨ। ਮੂੰਹ ਵਿਚ ਸੋਨੇ ਦਾ ਦੰਦ ਅਤੇ ਕੱਛ 'ਚ ਠੱਗੀ ਦੀ ਛੁਰੀ ਰੱਖਣ ਵਾਲਾ ਏ. ਵੀ. ਸ਼ਹਿਰ ਦੇ ਇਕ ਵੱਡੇ ਫਾਈਨਾਂਸਰ ਨਾਲ ਵੀ 1.46 ਕਰੋੜ ਰੁਪਏ ਦਾ ਫਰਾਡ ਕਰ ਚੁੱਕਾ ਹੈ। ਉਸ ਫਾਈਨਾਂਸਰ ਨੇ ਸਾਰੇ ਪੈਸੇ ਏ. ਵੀ. ਦੇ ਬੈਂਕ ਖਾਤੇ 'ਚ ਟਰਾਂਸਫਰ ਕਰ ਦਿੱਤੇ ਸਨ। ਟਾਲ-ਮਟੋਲ ਕਰਨ 'ਤੇ ਫਾਈਨਾਂਸਰ ਨੇ ਜਾਅਲੀ ਫਾਈਨਾਂਸਰ ਏ. ਵੀ. ਖ਼ਿਲਾਫ ਪੁਲਸ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਏ. ਵੀ. ਅਤੇ ਉਸ ਦੇ ਪਿਤਾ ਖ਼ਿਲਾਫ ਕੇਸ ਦਰਜ ਹੋਇਆ ਤਾਂ ਏ. ਵੀ. ਅੰਡਰਗਰਾਊਂਡ ਹੋ ਗਿਆ ਸੀ, ਹਾਲਾਂਕਿ ਹਾਲੇ ਵੀ ਇਹ ਕੇਸ ਮਾਣਯੋਗ ਅਦਾਲਤ 'ਚ ਚੱਲ ਰਿਹਾ ਹੈ ਅਤੇ ਏ. ਵੀ. ਜਮਾਨਤ 'ਤੇ ਹੈ। ਏ. ਵੀ. ਦਾ ਕੁਝ ਸਮਾਂ ਪਹਿਲਾਂ ਬੱਸ ਸਟੈਂਡ ਨੇੜੇ ਇਕ ਬੈਂਕ ਵਿਚ ਵੀ ਫੰਡ ਨੂੰ ਲੈ ਕੇ ਫਰਾਡ ਖੁਦ ਏਜੰਟ ਨੇ ਫੜ ਲਿਆ ਸੀ। ਦਰਅਸਲ ਏਜੰਟ ਏ. ਵੀ. ਤੋਂ ਫੰਡ ਦੀ ਸਟੇਟਮੈਂਟ ਮੰਗ ਰਿਹਾ ਸੀ। ਏ. ਵੀ. ਪਹਿਲਾਂ ਤੋਂ ਹੀ ਏਜੰਟ ਨੂੰ ਫੰਡ ਦੀ ਐਂਟਰੀ ਸਲਿਪ ਦੇ ਚੁੱਕਾ ਸੀ ਪਰ ਏਜੰਟ ਨੂੰ ਸ਼ੱਕ ਹੋਇਆ ਤਾਂ ਉਸ ਨੇ ਕੁਝ ਦਿਨ ਬਾਅਦ ਏ. ਵੀ. ਤੋਂ ਫ੍ਰੈਸ਼ ਬੈਂਕ ਖਾਤੇ ਦੀ ਸਟੇਟਮੈਂਟ ਮੰਗ ਲਈ। ਏ. ਵੀ. ਪਹਿਲਾਂ ਤਾਂ ਟਾਲ-ਮਟੋਲ ਕਰਨ ਲੱਗਾ ਪਰ ਬਾਅਦ ਵਿਚ ਏਜੰਟ ਖੁਦ ਹੀ ਬ੍ਰਾਂਚ ਵਿਚ ਚਲਾ ਗਿਆ ਅਤੇ ਬ੍ਰਾਂਚ ਮੈਨੇਜਰ ਨਾਲ ਗੱਲ ਕੀਤੀ। ਉਸ ਨੇ ਜਦੋਂ ਫੰਡ ਦੀ ਐਂਟਰੀ ਸਲਿਪ ਮੈਨੇਜਰ ਨੂੰ ਵਿਖਾਈ ਤਾਂ ਮੈਨੇਜਰ ਆਪਣੇ ਦਸਤਖਤ ਨੂੰ ਹੀ ਨਾ ਪਛਾਣ ਸਕਿਆ। ਇਸ ਦੌਰਾਨ ਉਥੇ ਹੰਗਾਮਾ ਵੀ ਹੋਇਆ ਸੀ। ਏ. ਵੀ. ਤੋਂ ਫਾਈਨਾਂਸ ਕਰਵਾ ਰਹੇ ਏਜੰਟਾਂ ਦੀ ਗੱਲ ਕਰੀਏ ਤਾਂ ਪੁਲਸ ਉਨ੍ਹਾਂ ਦੀ ਵੀ ਜਾਂਚ ਕਰਵਾਏ ਕਿਉਂਕਿ ਉਸ ਨਾਲ ਜੁੜੇ ਜ਼ਿਆਦਾਤਰ ਏਜੰਟ ਫਰਜੀਵਾੜਾ ਹੀ ਕਰ ਰਹੇ ਹਨ। ਏ. ਵੀ. ਇੰਨਾ ਬੇਖੌਫ ਹੋ ਕੇ ਇਹ ਕੰਮ ਕਰ ਰਿਹਾ ਹੈ ਕਿ ਉਸ ਨੇ ਕੁਝ ਬੈਂਕਾਂ ਦੀਆਂ ਮੋਹਰਾਂ ਵੀ ਖੁਦ ਹੀ ਬਣਾਈਆਂ ਹੋਈਆਂ ਹਨ ਅਤੇ ਬ੍ਰਾਂਚ ਮੈਨੇਜਰਾਂ ਦੇ ਸਾਈਨ ਤਕ ਖੁਦ ਕਰ ਲੈਂਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਡਿਪਟੀ ਕਮਿਸ਼ਨਰ ਪੁਲਸ ਅੰਕੁਰ ਗੁਪਤਾ ਵਲੋਂ ਹੁਕਮ ਜਾਰੀ, ਪਾਰਕਿੰਗ ਵਾਲੀਆਂ ਥਾਵਾਂ 'ਤੇ ਲਗਾਉਣ ਦੇ ਹੁਕਮ

ਜਲੰਧਰ 17 ਜਨਵਰੀ। ਡਿਪਟੀ ਕਮਿਸ਼ਨਰ ਪੁਲਸ ਅੰਕੁਰ ਗੁਪਤਾ ਨੇ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਹੁਕਮ ਜਾਰੀ ਕੀਤਾ ਹੈ ਕਿ ਪੁਲਸ ਕਮਿਸ਼ਨਰੇਟ ਦੀ ਹਦੂਦ ਅੰਦਰ ਪੈਂਦੀਆਂ ਵਾਹਨ ਖੜ੍ਹੀਆਂ ਕਰਨ ਦੀਆਂ ਥਾਵਾਂ ਜਿਵੇਂ ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਥਾਵਾਂ, ਹਸਪਤਾਲ, ਭੀੜ ਵਾਲੇ ਬਜਾਰਾਂ ਅਤੇ ਹੋਰ ਵਾਹਨ ਪਾਰਕ ਕਰਨ ਲਈ ਬਣੀਆਂ ਥਾਵਾਂ ਆਦਿ ਦੇ ਮਾਲਕ/ਪ੍ਰਬੰਧਕ (ਕੰਪਲੈਕਸ ਦੇ ਅੰਦਰ ਜਾਂ ਬਾਹਰ) ਸੀ. ਸੀ. ਟੀ. ਵੀ. ਕੈਮਰੇ ਲਗਾਏ ਬਿਨਾਂ ਵਾਹਨ ਪਾਰਕਿੰਗ ਨਹੀਂ ਚਲਾਉਣਗੇ। ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸੀ. ਸੀ. ਟੀ. ਵੀ. ਕੈਮਰੇ ਇਸ ਤਰੀਕੇ ਨਾਲ ਲਗਾਏ ਜਾਣ ਕਿ ਜੋ ਵਾਹਨ ਪਾਰਕਿੰਗ ਦੇ ਅੰਦਰ/ਬਾਹਰ ਆਉਂਦਾ-ਜਾਂਦਾ ਹੈ, ਉਸ ਵਾਹਨ ਦੀ ਨੰਬਰ ਪਲੇਟ ਅਤੇ ਵਾਹਨ ਚਲਾਉਣ ਵਾਲੇ ਵਿਅਕਤੀ ਦਾ ਚਿਹਰਾ ਸਾਫ਼ ਨਜ਼ਰ ਆਵੇ ਅਤੇ ਇਸ ਸਬੰਧੀ



ਲਗਾਏ ਗਏ ਸੀ. ਸੀ. ਟੀ. ਵੀ. ਕੈਮਰਿਆਂ ਦੀ 45 ਦਿਨ ਦੀ ਰਿਕਾਰਡਿੰਗ ਦੀ ਸੀ. ਡੀ. ਤਿਆਰ ਕਰਨ ਉਪਰੰਤ ਹਰ 15 ਦਿਨ ਬਾਅਦ ਸਕਿਓਰਿਟੀ ਬ੍ਰਾਂਚ ਦਫ਼ਤਰ ਪੁਲਸ ਕਮਿਸ਼ਨਰ ਜਲੰਧਰ 'ਚ ਜਮਾਂ ਕਰਵਾਈ ਜਾਵੇ। ਇਸੇ ਤਰ੍ਹਾਂ ਵਾਹਨ ਪਾਰਕ ਕਰਨ ਵਾਲੇ ਵਾਹਨ ਮਾਲਕਾਂ ਦਾ ਰਿਕਾਰਡ ਜੇਕਰ ਵਾਹਨ ਇੱਕ ਦਿਨ ਲਈ ਖੜ੍ਹਾ ਕਰਨਾ ਹੋਵੇ ਤਾਂ ਰਜਿਸਟਰ 'ਚ ਉਸ ਦਾ ਅੰਦਰਾਜ ਵਾਹਨ ਮਾਲਕ ਦਾ ਨਾਂ ,ਮੋਬਾਇਲ ਨੰਬਰ, ਆਈ. ਡੀ., ਵਾਹਨ ਦੀ ਕਿਸਮ, ਰਜਿਸਟਰੇਸ਼ਨ ਨੰਬਰ, ਚੈਸੀ ਨੰਬਰ, ਇੰਜਣ ਨੰਬਰ, ਵਾਹਨ ਪਾਰਕ ਕਰਨ ਦੀ ਮਿਤੀ ਅਤੇ ਵਾਹਨ ਵਾਪਿਸ ਲੈਣ ਦੀ ਮਿਤੀ ਦਰਜ ਕਰਨ ਤੋਂ ਇਲਾਵਾ ਵਾਹਨ ਮਾਲਕ ਦੇ ਰਜਿਸਟਰ ਉਪਰ ਦਸਤਖਤ ਕਰਵਾਏ ਜਾਣ। ਹੁਕਮਾਂ 'ਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਵਾਹਨ ਇੱਕ ਦਿਨ ਤੋਂ ਵੱਧ ਸਮੇਂ ਲਈ ਖੜ੍ਹਾ ਕਰਨਾ ਹੋਵੇ ਤਾਂ ਉਸ ਦਾ ਅੰਦਰਾਜ ਰਜਿਸਟਰ 'ਚ ਉਕਤ ਅਨੁਸਾਰ ਕਰਕੇ ਵਾਹਨ ਮਾਲਕ ਪਾਸੋਂ ਵਾਹਨ ਦੀ ਰਜਿਸਟਰੇਸ਼ਨ ਅਤੇ ਡਰਾਇਵਿੰਗ ਲਾਇਸੰਸ ਦੀ ਫੋਟੋ ਕਾਪੀ ਲੈ ਕੇ ਬਤੌਰ ਰਿਕਾਰਡ ਰੱਖਿਆ ਜਾਵੇ। ਇਸ ਤੋਂ ਇਲਾਵਾ ਪਾਰਕਿੰਗ ਵਾਲੀਆਂ ਥਾਵਾਂ 'ਤੇ ਕੰਮ ਕਰ ਰਹੇ ਵਿਅਕਤੀਆਂ ਦੀ ਪੁਲਸ ਵੈਰੀਫਿਕੇਸ਼ਨ ਸਬੰਧਿਤ ਥਾਣਿਆਂ ਤੋਂ ਕਰਵਾਈ ਜਾਵੇ।

## ਦੇਸ਼ ਦਾ ਸਭ ਤੋਂ ਲੰਬਾ ਸੀ-ਬ੍ਰਿਜ; ਹੁਣ 20 ਮਿੰਟ 'ਚ ਤੈਅ ਹੋਵੇਗਾ 2 ਘੰਟੇ ਦਾ ਸਫਰ

ਮੁੰਬਈ 17 ਜਨਵਰੀ। ਦੇਸ ਦੇ ਸਭ ਤੋਂ ਲੰਬੇ ਸੀ-ਬ੍ਰਿਜ ਅਟਲ ਸੇਤੂ ਦਾ ਉਦਘਾਟਨ ਕੀਤਾ। ਇਹ ਬ੍ਰਿਜ ਮੁੰਬਈ ਨੂੰ ਨਵੀ ਮੁੰਬਈ ਨਾਲ ਜੋੜੇਗਾ। ਇਸ ਨਾਲ ਦੋ ਘੰਟੇ ਦਾ ਸਫਰ 20 ਮਿੰਟ 'ਚ ਪੂਰਾ ਹੋ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਦਸੰਬਰ 2016 'ਚ ਇਸ ਪੁਲ ਦਾ ਨੀਂਹ ਪੱਥਰ ਰੱਖਿਆ ਸੀ। ਪੁਲ ਦੀ ਕੁੱਲ ਲਾਗਤ 17 ਹਜਾਰ 843 ਕਰੋੜ ਰੁਪਏ ਹੈ। 21.8 ਕਿਲੋਮੀਟਰ ਲੰਬੇ ਸਿਕਸ ਲੇਨ ਵਾਲੇ ਬ੍ਰਿਜ ਨੂੰ ਮੁੰਬਈ ਟਰਾਂਸ ਹਾਰਬਰ ਸੀਲਿੰਕ ਵਜੋਂ ਵੀ ਜਾਣਿਆ ਜਾਂਦਾ ਹੈ। ਪੁਲ ਦਾ 16.5 ਕਿਲੋਮੀਟਰ ਹਿੱਸਾ ਸਮੁੰਦਰ ਉੱਤੇ ਹੈ, ਜਦੋਂ ਕਿ 5.5 ਕਿਲੋਮੀਟਰ ਹਿੱਸਾ ਜਮੀਨ ਉੱਤੇ ਹੈ। ਇਸ ਪੁਲ ਦੀ ਸਮਰੱਥਾ ਰੋਜਾਨਾ 70 ਹਜਾਰ ਵਾਹਨਾਂ ਦੀ ਹੈ। ਇਸ ਸਮੇਂ ਪੁਲ ਤੋਂ ਰੋਜਾਨਾ ਕਰੀਬ 50 ਹਜਾਰ ਵਾਹਨ ਲੰਘਦੇ ਹਨ। ਇਸ ਦੀ ਉਸਾਰੀ ਵਿਚ 177,903 ਮੀਟ੍ਰਿਕ ਟਨ ਸਟੀਲ ਦੀ ਵਰਤੋਂ ਕੀਤੀ ਗਈ ਹੈ ਜੋ ਕਿ 500 ਬੋਇੰਗ ਹਵਾਈ ਜਹਾਜਾਂ ਦੇ ਭਾਰ ਦੇ ਬਰਾਬਰ ਹੈ ਅਤੇ ਏਫਿਲ ਟਾਵਰ ਦੇ ਭਾਰ ਦਾ 17 ਗੁਣਾ ਹੈ। ਇਕ ਵੈੱਬਸਾਈਟ ਮੁਤਾਬਕ ਪੁਲ ਦੀ ਵਰਤੋਂ ਨਾਲ ਹਰ ਸਾਲ ਇਕ ਕਰੋੜ ਲੀਟਰ ਈਂਧਨ ਦੀ ਬਚਤ ਹੋਣ ਦਾ ਅੰਦਾਜਾ ਹੈ। ਇਹ ਹਰ ਰੋਜ 10 ਮਿਲੀਅਨ ਈਵੀ ਤੋਂ ਬਚਣ ਵਾਲੇ ਈਂਧਨ ਦੇ ਬਰਾਬਰ ਹੈ। ਇਸ ਤੋਂ ਇਲਾਵਾ ਪ੍ਰਦੂਸਣ ਦੇ ਪੱਧਰ 'ਚ ਕਮੀ ਆਉਣ ਨਾਲ ਕਰੀਬ 25 ਹਜਾਰ 680 ਮੀਟ੍ਰਿਕ ਟਨ ਕਾਰਬਨ ਦਾ ਨਿਕਾਸ ਵੀ ਘੱਟ ਹੋਵੇਗਾ। ਬ੍ਰਿਜ 'ਤੇ 400 ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਹਨ। ਪੰਛੀਆਂ ਅਤੇ ਸਮੁੰਦਰੀ ਜੀਵਾਂ ਦੀ ਸੁਰੱਖਿਆ ਲਈ ਪੁਲ 'ਤੇ ਸਾਊਂਡ ਬੈਰੀਅਰ ਅਤੇ ਐਡਵਾਂਸ ਲਾਈਟਿੰਗ ਲਗਾਈ ਗਈ ਹੈ। ਬ੍ਰਿਜ ਦੀ ਲਾਈਫ 100 ਸਾਲ ਹੋਵੇਗੀ। ਮੋਟਰਸਾਈਕਲ ਤੇ ਥ੍ਰੀ-ਵ੍ਹੀਲਰ 'ਤੇ ਪਾਬੰਦੀ ਹੋਵੇਗੀ ਲੋਕਾਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਕੁਝ ਜਰੂਰੀ ਦਿਸਾ-ਨਿਰਦੇਸ ਵੀ ਜਾਰੀ ਕੀਤੇ ਗਏ ਹਨ। ਇਸ ਤਹਿਤ ਪੁਲ 'ਤੇ ਮੋਟਰਸਾਈਕਲ, ਮੋਪੇਡ, ਥ੍ਰੀ-ਵ੍ਹੀਲਰ, ਆਟੋ ਅਤੇ ਟਰੈਕਟਰ ਨਹੀਂ ਚੱਲਣਗੇ। ਚਾਰ ਪਹੀਆ ਜਾਂਦਾ ਹੈ। ਪੁਲ ਦਾ 16.5 ਕਿਲੋਮੀਟਰ ਹਿੱਸਾ ਸਮੁੰਦਰ ਉੱਤੇ ਹੈ, ਜਦੋਂ ਕਿ 5.5 ਕਿਲੋਮੀਟਰ ਹਿੱਸਾ ਜਮੀਨ ਉੱਤੇ ਹੈ। ਇਸ ਪੁਲ ਦੀ ਸਮਰੱਥਾ ਰੋਜਾਨਾ 70 ਹਜਾਰ ਵਾਹਨਾਂ ਦੀ ਹੈ। ਇਸ ਸਮੇਂ ਪੁਲ ਤੋਂ ਰੋਜਾਨਾ ਕਰੀਬ 50 ਹਜਾਰ ਵਾਹਨ ਲੰਘਦੇ ਹਨ। ਇਸ ਦੀ ਉਸਾਰੀ ਵਿਚ 177,903 ਮੀਟ੍ਰਿਕ ਟਨ ਸਟੀਲ ਦੀ ਵਰਤੋਂ ਕੀਤੀ ਗਈ ਹੈ ਜੋ ਕਿ 500 ਬੋਇੰਗ ਹਵਾਈ ਜਹਾਜਾਂ ਦੇ ਭਾਰ ਦੇ ਬਰਾਬਰ ਹੈ ਅਤੇ ਏਫਿਲ ਟਾਵਰ ਦੇ ਭਾਰ ਦਾ 17 ਗੁਣਾ ਹੈ। ਇਕ ਵੈੱਬਸਾਈਟ ਮੁਤਾਬਕ ਪੁਲ ਦੀ ਵਰਤੋਂ ਵਾਹਨ, ਮਿੰਨੀ ਬੱਸ ਅਤੇ ਦੋ ਐਕਸਲ ਵਹੀਕਲਾਂ ਦੀ ਵੱਧ ਤੋਂ ਵੱਧ ਸਪੀਡ 100 ਕਿਲੋਮੀਟਰ ਪ੍ਰਤੀ ਘੰਟਾ ਤੈਅ ਕੀਤੀ ਗਈ ਹੈ। ਪੁਲ ਦੇ ਚੜ੍ਹਨ ਅਤੇ ਉਤਰਨ 'ਤੇ ਰਫਤਾਰ 40 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਨਹੀਂ ਹੋਵੇਗੀ। ਪੁਲ ਦੀ ਉਸਾਰੀ ਸਮੁੰਦਰ ਤਲ ਤੋਂ 15 ਮੀਟਰ ਦੀ ਉਚਾਈ 'ਤੇ ਕੀਤੀ ਗਈ ਹੈ। ਇਸ ਦੇ ਲਈ ਸਮੁੰਦਰੀ ਤਲ ਵਿਚ 47 ਮੀਟਰ ਤੱਕ ਡੂੰਘੀ ਖੋਦਾਈ ਕਰਨੀ ਪਈ। ਪੁਲ ਦੇ ਆਲੇ-ਦੁਆਲੇ ਭਾਭਾ ਪ੍ਰਮਾਣੂ ਖੋਜ ਕੇਂਦਰ, ਓ. ਐੱਨ. ਜੀ. ਸੀ. ਅਤੇ ਜੇ. ਐੱਨ. ਪੀ. ਟੀ. ਵਰਗੇ ਸੰਵੇਦਨਸੀਲ ਖੇਤਰ ਹਨ। ਇਸ ਦੇ ਮੱਦੇਨਜਰ ਪੁਲ ਦੇ 8.5 ਕਿਲੋਮੀਟਰ ਹਿੱਸੇ ਵਿਚ ਨੁਆਇਜ ਬੈਰੀਅਰ ਬਣਾਏ ਗਏ ਹਨ ਅਤੇ 6 ਕਿਲੋਮੀਟਰ ਦੇ ਹਿੱਸੇ ਵਿਚ ਸਾਈਡ ਬੈਰੀਕੇਡਿੰਗ ਕੀਤੀ ਗਈ ਹੈ। ਪੁਲ ਬਾਰੇ ਪਹਿਲੀ ਵਾਰ 1962 ਵਿਚ ਸਟੱਡੀ ਕੀਤੀ ਗਈ ਸੀ। 1994 ਵਿਚ ਇਸਦੀ ਫਿਜੀਬਿਲਿਟੀ ਰਿਪੋਰਟ ਬਣਾਈ ਗਈ। ਹਾਲਾਂਕਿ ਇਸ ਤੋਂ ਬਾਅਦ ਵੀ ਪ੍ਰਾਜੈਕਟ 'ਤੇ ਕੰਮ ਰੁਕਿਆ ਰਿਹਾ। ਇਸ ਦਾ ਟੈਂਡਰ 2006 ਵਿਚ ਜਾਰੀ ਕੀਤਾ ਗਿਆ ਸੀ ਪਰ ਕੰਮ ਨਹੀਂ ਹੋ ਸਕਿਆ। ਆਖਰ 2016 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਪੁਲ ਦਾ ਨੀਂਹ ਪੱਥਰ ਰੱਖਿਆ। 2017 ਵਿਚ ਮੁੰਬਈ ਮੈਟਰੋਪੋਲੀਟਨ ਰੀਜਨ ਡਿਵੈਲਪਮੈਂਟ ਅਥਾਰਟੀ ਅਤੇ ਜਾਪਾਨ ਇੰਟਰਨੈਸ਼ਨਲ ਕੋਆਪ੍ਰੇਸ਼ਨ ਏਜੰਸੀ () ਨਾਲ ਸਮਝੌਤਾ ਕੀਤਾ ਗਿਆ। ਅਪ੍ਰੈਲ 2018 'ਚ ਇਸ ਪ੍ਰਾਜੈਕਟ ਤੇ ਕੰਮ ਸ਼ੁਰੂ ਹੋਇਆ ਸੀ। ਡੈੱਡਲਾਈਨ ਅਗਸਤ 2023 ਤੈਅ ਕੀਤੀ ਗਈ।

# ਅਗਵਾ ਕਰ 3 ਕਰੋੜ ਦੀ ਫਿਰੌਤੀ ਮੰਗਣ ਵਾਲੇ ਚੜ੍ਹੇ ਪੁਲਸ ਅੜਿੱਕੇ

ਕਪੂਰਥਲਾ 17 ਜਨਵਰੀ। 3 ਕਰੋੜ ਰੁਪਏ ਦੀ ਫਿਰੌਤੀ ਖਾਤਰ ਇਕ ਬਜੁਰਗ ਨੂੰ ਪਿਸਤੌਲ ਦੀ ਨੋਕ 'ਤੇ ਅਗਵਾ ਕਰਨ ਦੇ ਮਾਮਲੇ 'ਚ ਕਪੂਰਥਲਾ ਪੁਲਸ ਨੇ ਕੁੱਲ 8 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਜਿੱਥੇ ਅਗਵਾ ਕੀਤੇ ਗਏ ਵਿਅਕਤੀ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਉੱਥੇ ਹੀ ਇਸ ਮਾਮਲੇ 'ਚ ਗ੍ਰਿਫਤਾਰ ਮੁਲਜਮਾਂ ਤੋਂ 2 ਪਿਸਤੌਲਾਂ, 1 ਬੰਦੂਕ ਤੇ 950 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾਮਲੇ 'ਚ ਨਾਮਜਦ ਹੋਰ ਮੁਲਜਮਾਂ ਦੀ ਤਲਾਸ਼ 'ਚ ਛਾਪਾਮਾਰੀ ਜਾਰੀ ਹੈ। ਇਸ ਸਬੰਧੀ ਪੱਤਰਕਾਰਾਂ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਐੱਸ.ਐੱਸ.ਪੀ ਕਪੂਰਥਲਾ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ 3 ਜਨਵਰੀ 2023 ਨੂੰ ਪਿੰਡ ਗਾਜੀ ਗੁਡਾਨਾ ਦੇ ਇਕ ਬਜੁਰਗ ਵਿਅਕਤੀ ਲਖਵਿੰਦਰ ਸਿੰਘ ਨੂੰ ਕਾਲੇ ਰੰਗ ਦੀ ਟਾਟਾ ਸਫਾਰੀ 'ਚ ਆਏ ਕੁਝ ਵਿਅਕਤੀਆਂ ਨੇ ਫਾਇਰਿੰਗ ਕਰਦੇ ਹੋਏ ਅਗਵਾ ਕਰ ਲਿਆ ਸੀ। ਪੀੜਤ ਵਿਅਕਤੀ ਦੇ ਲੜਕੇ ਅਮਰੀਕਾ 'ਚ ਰਹਿੰਦੇ ਹਨ, ਜਿਨ੍ਹਾਂ ਕੋਲੋਂ ਉਕਤ ਮੁਲਜਮਾਂ ਨੇ 3 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਜਦੋਂ ਇਸ ਪੂਰੇ ਮਾਮਲੇ ਦੀ ਜਾਣਕਾਰੀ ਕਪੂਰਥਲਾ ਪੁਲਸ ਨੂੰ ਮਿਲੀ ਤਾਂ ਐੱਸ.ਪੀ. (ਡੀ) ਹਰਵਿੰਦਰ ਸਿੰਘ ਦੀ ਨਿਗਰਾਨੀ 'ਚ ਇਕ ਵਿਸ਼ੇਸ਼ ਟੀਮ ਜਿਸ 'ਚ ਡੀ.ਐੱਸ.ਪੀ ਭੁਲੱਥ ਸੁਖਨਿੰਦਰ ਸਿੰਘ, ਡੀ.ਐੱਸ.ਪੀ (ਡੀ) ਬਰਜਿੰਦਰ ਸਿੰਘ, ਸੀ.ਆਈ.ਏ ਸਟਾਫ ਕਪੂਰਥਲਾ ਦੇ ਇੰਚਾਰਜ ਇੰਸਪੈਕਟਰ ਜਰਨੈਲ ਸਿੰਘ ਤੇ ਥਾਣਾ ਢਿੱਲਵਾਂ ਦੇ ਐੱਸ.ਐੱਚ.ਓ ਹਰਜਿੰਦਰ ਸਿੰਘ ਨੂੰ ਸ਼ਾਮਲ ਕਰਕੇ ਪੀੜਤ ਵਿਅਕਤੀ ਨੂੰ ਤਤਕਾਲ ਛੁਡਵਾਉਣ ਦੇ ਹੁਕਮ ਦਿੱਤੇ ਗਏ, ਜਿਸਦੇ ਉਪਰੰਤ ਪੁਲਸ ਟੀਮ ਨੇ ਲਗਾਤਾਰ ਦਬਾਅ ਬਣਾਉਂਦੇ ਹੋਏ 6 ਜਨਵਰੀ 2023 ਨੂੰ ਅਗਵਾ ਕੀਤੇ ਗਏ ਵਿਅਕਤੀ ਲਖਵਿੰਦਰ ਸਿੰਘ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ। ਪੁਲਸ ਨੇ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜਮਾਂ ਦੀ ਤਲਾਸ਼ 'ਚ ਲਗਾਤਾਰ ਛਾਪਾਮਾਰੀ ਦਾ ਦੌਰ ਜਾਰੀ ਰੱਖਿਆ, ਜਿਸ ਦੌਰਾਨ ਖੁਲਾਸਾ ਹੋਇਆ ਕਿ ਇਸ ਵਾਰਦਾਤ ਨੂੰ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ ਸਾਥੀਆਂ ਦੇ ਨਾਲ ਅੰਜਾਮ ਦਿੱਤਾ ਸੀ। ਮੁਲਜਮ ਦੇ ਭਤੀਜੇ ਪਵਨ ਵੀਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੇ ਪੀੜਤ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਲਈ ਉਸਦੀ ਲਗਾਤਾਰ ਰੇਕੀ ਕੀਤੀ ਸੀ ਤੇ ਆਪਣੇ ਚਾਚਾ ਗੁਰਇਕਬਾਲ ਸਿੰਘ ਉਰਫ ਵਰ ਤੇ ਉਸਦੇ ਸਾਥੀਆਂ ਦੀ ਮਦਦ ਕੀਤੀ ਸੀ। ਜਿਸਦੇ ਆਧਾਰ 'ਤੇ ਮੁਲਜਮ ਪਵਨ ਵੀਰ ਸਿੰਘ ਨੂੰ 11 ਜਨਵਰੀ 2023 ਨੂੰ ਗ੍ਰਿਫਤਾਰ ਕਰ ਲਿਆ, ਜਿਸਦੇ ਖੁਲਾਸੇ ਤੋਂ ਬਾਅਦ ਮੁਲਜਮਾਂ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਜ਼ਿਲ੍ਹਾ ਕਪੂਰਥਲਾ, ਜੱਸ ਵਾਸੀ ਕਪੂਰਥਲਾ, ਜੀਤਾ ਵਾਸੀ ਪੱਡਾ ਬੇਟ, ਹਰਮਨ ਵਾਸੀ ਬਾਮੂਵਾਲ, ਗੁਰਮੁੱਖ ਵਾਸੀ ਲੱਖਣ ਕੇ ਪੱਡਾ ਸਮੇਤ 2 ਹੋਰ ਅਣਪਛਾਤੇ ਮੁਲਜਮਾਂ ਨੂੰ ਮਾਮਲੇ 'ਚ ਨਾਮਜਦ ਕੀਤਾ ਗਿਆ। ਛਾਪੇਮਾਰੀ ਦੌਰਾਨ ਮੁਲਜਮ ਗੁਰਮੁਖ ਸਿੰਘ ਉਰਫ ਗੋਰਾ ਪੁੱਤਰ ਅਵਤਾਰ ਸਿੰਘ ਵਾਸੀ ਲੱਖਨ ਕੇ ਪੱਡਾ ਥਾਣਾ




ਸੁਭਾਨਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਪਾਸੋਂ ਅਗਵਾ ਕਰਨ ਦੌਰਾਨ ਵਰਤੀ ਗਈ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ ਨੰਬਰ ਪੀ.ਬੀ-46-ਐਲ-0097 ਬਰਾਮਦ ਕੀਤੀ ਗਈ। ਉਕਤ ਮੁਲਜਮ ਦੇ ਖੁਲਾਸੇ ਤੋਂ ਬਾਅਦ ਉਸਦੇ ਮਾਮਾ ਕਰਨਜੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਤੇ ਇਸਦੇ ਦੋਸਤ ਅਮਰੀਕ ਸਿੰਘ ਉਰਫ ਕਾਡਾ ਪੁੱਤਰ ਗੁਲਜਾਰ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੂੰ ਨਾਮਜਦ ਕੀਤਾ ਗਿਆ, ਇਨ੍ਹਾਂ ਮੁਲਜਮਾਂ ਨੇ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਤੋਂ ਬਾਅਦ ਆਪਣੇ ਮਕਾਨਾਂ 'ਚ ਰੱਖਿਆ ਸੀ। 15 ਜਨਵਰੀ 2023 ਨੂੰ ਗੁਰਮੁਖ ਸਿੰਘ ਤੇ 16 ਜਨਵਰੀ 2023 ਨੂੰ ਅਮਰੀਕ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਬਾਅਦ 22 ਜਨਵਰੀ 2023 ਨੂੰ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਤੋਂ 3 ਮੋਬਾਇਲ ਤੇ ਇਕ ਬਿਨਾਂ ਨੰਬਰੀ ਮੋਟਰਸਾਇਕਲ ਬਰਾਮਦ ਕੀਤਾ ਗਿਆ। ਉੱਥੇ ਹੀ ਮਿਤੀ 2 ਫਰਵਰੀ 2023 ਨੂੰ ਇਸ ਪੂਰੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੂੰ ਉਸਦੇ ਸਾਥੀ ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਸਤਵੀਰ ਸਿੰਘ ਵਾਸੀ ਪਿੰਡ ਬਾਮੂਵਾਲ ਥਾਣਾ ਸੁਭਾਨਪੁਰ ਦੇ ਨਾਲ ਗ੍ਰਿਫਤਾਰ ਕਰ ਲਿਆ ਗਿਆ। ਉਕਤ ਮੁਲਜਮਾਂ ਪਾਸੋਂ ਇਕ 32 ਬੋਰ ਦੀ ਰਿਵਾਲਵਰ, 6 ਰੌਂਦ ਜਿੰਦਾ, 1 ਦੇਸੀ ਪਿਸਤੌਲ ਤੇ 4 ਰੌਂਦ ਜਿੰਦਾ ਤੇ 1 ਗਨ 12 ਬੋਰ ਸਮੇਤ 10 ਰੌਂਦ ਜਿੰਦਾ, 950 ਗ੍ਰਾਮ ਹੈਰੋਇਨ ਤੇ 1 ਮੋਟਰਸਾਇਕਲ ਨੰਬਰ ਪੀ.ਬੀ-09-ਕੇ-4799 ਬਰਾਮਦ ਕੀਤੇ ਗਏ। ਗੁਰਇਕਬਾਲ ਸਿੰਘ ਉਰਫ ਵਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਪੀੜਤ ਲਖਵਿੰਦਰ ਸਿੰਘ ਦਾ ਮੋਬਾਇਲ ਦਾ ਵ੍ਹਟਸਐਪ ਨੰਬਰ ਨੂੰ ਅਮਰੀਕਾ 'ਚ ਰਹਿੰਦੇ ਆਪਣੇ ਦੋਸਤ ਲਵਜੀਤ ਸਿੰਘ ਉਰਫ ਕੰਗ ਜੋ ਕਿ ਸ਼ਾਹਕੋਟ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹੈ ਨੂੰ ਭੇਜ ਦਿੱਤਾ ਸੀ। ਜੋ ਉਸਨੇ ਮੇਰੇ ਇਕ ਹੋਰ ਦੋਸਤ ਅੰਮ੍ਰਿਤ ਬੱਲ ਵਾਸੀ ਮਾਡਲ ਟਾਉਨ ਭੁਲੱਥ ਨਾਲ ਮਿਲ ਕੇ ਪੀੜਤ ਦੇ ਲੜਕੇ ਸੁੱਖ ਨਾਲ ਅਮਰੀਕਾ 'ਚ ਫੋਨ 'ਤੇ ਚੈਟ ਕਰਦੇ ਸਨ। ਉਕਤ ਮੁਲਜਮਾਂ ਨੂੰ ਵੀ ਮੁਕਦਮੇ 'ਚ ਨਾਮਜਦ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਮਾਮਲੇ ਦੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਖਿਲਾਫ ਦਾਜ, ਕਤਲ, ਲੁੱਟਾਂ ਖੋਹਾਂ, ਡਰੱਗ ਸਮਗਲਿੰਗ ਸਮੇਤ 9 ਮੁਕੱਦਮੇ ਦਰਜ ਹਨ ਉੱਥੇ ਹੀ ਮੁਲਜਮ ਵਿਜੈ ਕੁਮਾਰ ਖਿਲਾਫ ਲੁੱਟ ਖੋਹ, ਅਸਲਾ ਐਕਟ, ਡਰੱਗ ਬਰਾਮਦਗੀ, ਕਤਲ ਦੀ ਕੋਸ਼ਿਸ਼ ਸਮੇਤ 13 ਗੰਭੀਰ ਮਾਮਲੇ ਦਰਜ ਹਨ। ਪੁੱਛਗਿੱਛ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ 2 ਸਾਥੀਆਂ ਹਰਮਨ ਬਾਮੂਵਾਲ ਤੇ ਖੰਡੇ ਨਾਲ ਮਿਲ ਕੇ 26 ਜਨਵਰੀ 2023 ਨੂੰ ਇਕ ਐੱਨ.ਆਰ.ਆਈ ਪਰਿਵਾਰ ਵਾਸੀ ਵਾਰਡ ਨੰਬਰ 13 ਬੇਗੋਵਾਲ ਜ਼ਿਲ੍ਹਾ ਕਪੂਰਥਲਾ ਨੂੰ ਫੋਨ ਕਰਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਜਿਨ੍ਹਾਂ ਵੱਲੋਂ ਫਿਰੌਤੀ ਨਾ ਦੇਣ 'ਤੇ ਫਿਰ ਦੁਬਾਰਾ 50 ਲੱਖ ਰੁਪਏ ਦੀ ਮੰਗ ਕੀਤੀ ਗਈ ਤੇ 50 ਲੱਖ ਰੁਪਏ ਨਾ ਦੇਣ 'ਤੇ ਸਾਰੇ ਪਰਿਵਾਰ ਨੂੰ ਗੋਲੀਆਂ ਨਾਲ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਲੈ ਕੇ 27 ਜਨਵਰੀ 2023 ਨੂੰ ਉਕਤ ਮੁਲਜਮਾਂ ਖਿਲਾਫ ਥਾਣਾ ਬੇਗੋਵਾਲ 'ਚ ਮਾਮਲਾ ਦਰਜ ਕੀਤਾ ਗਿਆ।

## ਪਾਵਰਕਾਮ ਦੀ ਵੱਡੀ ਕਾਰਵਾਈ, ਸੇਵਾ-ਮੁਕਤੀ ਤੋਂ 2 ਦਿਨ ਪਹਿਲਾਂ ਜੇ. ਈ. ਡਿਸਮਿਸ

ਪਟਿਆਲਾ 17 ਜਨਵਰੀ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦੀ ਮੈਨੇਜਮੈਂਟ ਨੇ ਸੂਬਾ ਸਰਕਾਰ ਵੱਲੋਂ ਕੁਰੱਪਸ਼ਨ ਖ਼ਿਲਾਫ ਸ਼ੁਰੂ ਕੀਤੀ ਮੁਹਿੰਮ ਦੇ ਚੱਲਦਿਆਂ ਹਲਕਾ ਬਰਨਾਲਾ ਦੇ ਉੱਪ ਮੰਡਲ ਭਦੌੜ ਵਿਖੇ ਤਾਇਨਾਤ ਸਹਾਇਕ ਜੇ. ਈ. ਗੁਰਦੀਪ ਸਿੰਘ ਨੂੰ ਸੇਵਾ-ਮੁਕਤੀ ਤੋਂ 2 ਦਿਨ ਪਹਿਲਾਂ ਡਿਸਮਿਸ ਕਰ ਦਿੱਤਾ ਹੈ। ਗੁਰਦੀਪ ਸਿੰਘ ਵੱਲ ਪਾਵਰਕਾਮ ਨੇ 5 ਕਰੋੜ 37 ਲੱਖ ਦਾ ਲੇਖਾ-ਜੋਖਾ ਮੈਨੇਜਮੈਂਟ ਨੂੰ ਪੇਸ਼ ਨਾ ਕਰਨ 'ਤੇ ਕੋਤਾਹੀਆਂ ਵਰਤਣ ਦਾ ਦੋਸ਼ ਲਾਇਆ ਹੈ। ਪਾਵਰਕਾਮ ਮੈਨੇਜਮੈਂਟ ਨੇ ਸਹਾਇਕ ਜੇ. ਈ. ਨੂੰ ਕੁਝ ਸਮਾਂ ਪਹਿਲਾਂ ਬਕਾਇਦਾ ਤੌਰ 'ਤੇ ਬੇਨਿਯਮੀਆਂ ਦੀ ਸੂਚੀ ਵੀ ਜਾਰੀ ਕੀਤੀ ਸੀ, ਜਿਸ ਤਹਿਤ 37 ਲੱਖ 22



ਹਜਾਰ ਰੁਪਏ ਸਰਕਾਰੀ ਸਟੋਰ 'ਚੋਂ ਕਢਵਾਏ ਸਾਮਾਨ 'ਚੋਂ ਗੜਬੜ ਸੀ। ਇਸ ਤੋਂ ਬਿਨਾਂ ਸਟੋਰ 'ਚੋਂ ਕੱਢਵਾਏ ਬਹੁਤ ਸਾਰੇ ਟਰਾਂਸਫਾਰਮਰ ਵਾਪਸ ਨਹੀਂ ਕੀਤੇ। ਕੇਬਲਾਂ ਵੀ ਇੱਧਰ-ਉਧਰ ਹੋਈਆਂ। ਨਕਸ਼ੇ ਬਿਨਾਂ ਪਾਸ ਕਰਵਾਏ ਸਟੋਰਾਂ 'ਚੋਂ ਸਾਮਾਨ ਕਢਵਾਇਆ ਗਿਆ। ਇਸ ਤਰ੍ਹਾਂ ਪੋਲਾਂ 'ਚ ਵੀ ਬਹੁਤ ਵੱਡੇ ਪੱਧਰ 'ਤੇ ਗੜਬੜ ਹੋਈ। ਸਾਰੀਆਂ ਗੜਬੜਾਂ ਦਾ ਲੇਖਾ-ਜੋਖਾ 5 ਕਰੋੜ 37 ਲੱਖ ਰੁਪਏ ਬਣਦਾ ਹੈ। ਪਾਵਰਕਾਮ ਮੈਨੇਜਮੈਂਟ ਨੇ ਇਸ ਸਹਾਇਕ ਜੇ. ਈ. ਨੂੰ ਬਹੁਤ ਵਾਰ ਬਕਾਇਦਾ ਤੌਰ 'ਤੇ ਨੋਟਿਸ ਜਾਰੀ ਕੀਤੇ ਕਿ ਉਹ ਸਾਰੀ ਗੜਬੜਾਂ ਦਾ ਲੇਖਾ-ਜੋਖਾ ਪਾਵਰਕਾਮ ਮੈਨੇਜਮੈਂਟ ਨੂੰ ਪੇਸ਼ ਕਰੇ ਪਰ ਇਹ ਸਹਾਇਕ ਜੇ. ਈ. ਪੇਸ਼ ਨਹੀਂ ਕਰ ਸਕਿਆ। ਪਾਵਰਕਾਮ ਨੇ ਬਕਾਇਦਾ ਤੌਰ 'ਤੇ ਇਸ ਲਈ ਮੁੱਖ ਇੰਜੀਨੀਅਰ ਦੀ ਅਗਵਾਈ ਹੇਠ ਇਕ ਪੜਤਾਲੀਆ ਕਮੇਟੀ ਵੀ ਬਣਾਈ ਸੀ, ਜਿਸ ਨੇ ਇਸ ਕਰਮਚਾਰੀ ਨੂੰ ਵੱਖ-ਵੱਖ 2 ਦਰਜਨ ਦੇ ਕਰੀਬ ਘਪਲਿਆਂ ਅਤੇ ਹੇਰਾਫੇਰੀ ਦੇ ਦੋਸ਼ ਹੇਠਾਂ ਡਿਸਮਿਸ ਕਰਨ ਦੀ ਸਿਫਾਰਿਸ਼ ਕੀਤੀ। ਲੰਘੇ ਦਿਨ ਇਸ ਕਰਮਚਾਰੀ ਨੂੰ ਡਬਲਯੂ. ਈ. ਡੀ. ਦੇ ਹੁਕਮਾਂ ਅਨੁਸਾਰ ਡਿਸਮਿਸ ਕਰ ਦਿੱਤਾ ਹੈ।

## ਛਤਰਪਤੀ ਸਿਵਾਜੀ ਮਹਾਰਾਜ ਮਿਊਜ਼ੀਅਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਮੁੰਬਈ 17 ਜਨਵਰੀ। ਦੇਸ ਦੀ ਆਰਥਿਕ ਰਾਜਧਾਨੀ ਮੁੰਬਈ ਦੇ ਕੋਲਾਬਾ, ਵਰਲੀ ਅਤੇ ਹੋਰ ਥਾਵਾਂ 'ਤੇ ਸਥਿਤ ਪ੍ਰਮੁੱਖ ਮਿਊਜ਼ੀਅਮਾਂ ਨੂੰ ਸੁੱਕਰਵਾਰ ਨੂੰ ਕਈ ਧਮਾਕਿਆਂ ਦੀਆਂ ਧਮਕੀਆਂ ਵਾਲੀਆਂ ਈ-ਮੇਲਾਂ ਮਿਲੀਆਂ, ਜਿਸ ਤੋਂ ਤੁਰੰਤ ਬਾਅਦ ਪੁਲਸ ਅਤੇ ਬੰਬ ਨਿਰੋਧਕ ਦਸਤੇ ਨੇ ਤਲਾਸੀ ਮੁਹਿੰਮ ਚਲਾਈ। ਜਾਣਕਾਰੀ ਅਨੁਸਾਰ ਮੁੰਬਈ ਪੁਲਸ ਨੂੰ ਕੋਲਾਬਾ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਮਿਊਜ਼ੀਅਮ ਅਤੇ ਵਰਲੀ ਦੇ ਨਹਿਰੂ ਵਿਗਿਆਨ ਕੇਂਦਰ ਸਮੇਤ ਪ੍ਰਮੁੱਖ ਮਿਊਜ਼ੀਅਮਾਂ ਨੂੰ ਧਮਾਕੇ ਦੀਆਂ ਧਮਕੀਆਂ ਵਾਲੀਆਂ ਈ-ਮੇਲਾਂ ਮਿਲੀਆਂ ਹਨ। ਪੁਲਸ ਅਤੇ ਬੰਬ ਨਿਰੋਧਕ ਦਸਤੇ ਨੇ ਇਨ੍ਹਾਂ ਮਿਊਜ਼ੀਅਮਾਂ ਦੀ ਜਾਂਚ ਕੀਤੀ। ਹਾਲਾਂਕਿ, ਕਿਸੇ ਵੀ ਮਿਊਜ਼ੀਅਮ ਵਿੱਚ ਧਮਾਕਾਖੇਜ ਪਦਾਰਥਾਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ।

## ਪਹਿਲਾਂ ਰੋਲ਼ੀ ਕੁੜੀ ਦੀ ਪੱਤ, ਫਿਰ ਬਣਾਈ ਵੀਡੀਓ, ਹੁਣ ਅਮਰੀਕਾ ਪਹੁੰਚ ਕਰ 'ਤਾ ਇੱਕ ਹੋਰ ਕਾਂਡ

ਦੋਰਾਹਾ 17 ਜਨਵਰੀ। ਸੋਸਲ ਨੈੱਟਵਰਕ ਸਾਈਟ ਫੇਸਬੁੱਕ 'ਤੇ ਦੋਸਤੀ ਕਰਨ ਤੋਂ ਬਾਅਦ ਇਕ ਮੁੰਡੇ ਵੱਲੋਂ ਆਪਣੀ ਦੋਸਤ ਬਣੀ ਕੁੜੀ ਨੂੰ ਧੋਖੇ ਨਾਲ ਹੋਟਲ 'ਚ ਲਿਜਾ ਕੇ ਉਸ ਨਾਲ ਜਬਰ-ਜ਼ਿਨਾਹ ਕਰਨ ਉਪਰੰਤ ਵਿਦੇਸ਼ ਦੌੜ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਬਰ-ਜ਼ਿਨਾਹ ਦਾ ਸ਼ਿਕਾਰ ਹੋਈ ਕੁੜੀ ਨੇ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਦੱਸਿਆ ਕਿ ਹਰਜਿੰਦਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਬੇਗੋਵਾਲ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਨਾਲ ਉਸ ਦੀ ਫੇਸਬੁੱਕ 'ਤੇ ਸਾਲ 2020 'ਚ ਗੱਲਬਾਤ ਹੋਈ ਜੋ ਪੀੜਤਾ ਨੂੰ ਪਸੰਦ ਕਰਦਾ ਸੀ ਅਤੇ ਵਿਆਹ ਕਰਵਾਉਣਾ

## ਛੋਟਾ ਹਾਥੀ 'ਚ ਸਵਾਰ ਚਾਲਕ ਤੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ

ਨੂਰਪੁਰਬੇਦੀ 17 ਜਨਵਰੀ। ਸਥਾਨਕ ਪੁਲਸ ਨੇ ਵੀਰਵਾਰ ਇਕ ਛੋਟਾ ਹਾਥੀ ਟਾਟਾ ਏਸ ਗੱਡੀ 'ਚ ਸਵਾਰ ਚਾਲਕ ਤੋਂ 9 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੌਂਕੀ ਹਰੀਪੁਰ ਦੇ ਇੰਚਾਰਜ ਏ. ਐੱਸ. ਆਈ. ਸੋਹਣ ਸਿੰਘ ਸਮੇਤ ਪੁਲਸ ਪਾਰਟੀ 'ਚ ਸ਼ਾਮਲ ਏ. ਐੱਸ. ਆਈ. ਦਿਲਬਾਗ ਸਿੰਘ, ਸਿਪਾਹੀ ਸਤਿੰਦਰਪਾਲ ਸਿੰਘ ਅਤੇ ਸਿਪਾਹੀ ਹਰਵਿੰਦਰ ਸਿੰਘ ਨਸ਼ਿਆਂ ਸਬੰਧੀ ਚੈਕਿੰਗ ਲਈ ਨਾਕਾਬੰਦੀ ਦੌਰਾਨ ਨੂਰਪੁਰਬੇਦੀ-ਬਲਾਚੌਰ ਮੁੱਖ ਮਾਰਗ 'ਤੇ ਪੈਂਦੇ ਕੋਹਿਨੂਰ ਪੈਲੇਸ ਪਿੰਡ ਜੱਟਪੁਰ ਵਿਖੇ ਮੌਜੂਦ ਸਨ। ਚੌਂਕੀ ਇੰਚਾਰਜ ਸੋਹਣ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਸਵਾ 10 ਵਜੇ ਜਦੋਂ ਉਨ੍ਹਾਂ ਨੂੰ ਕਰੌਲਗੜ੍ਹ ਵੱਲੋਂ ਇਕ ਛੋਟਾ ਹਾਥੀ ਨੰਬਰ ਪੀ. ਬੀ. 12 ਐੱਲ. ਪੀ. 3068 ਮਾਰਕਾ ਟਾਟਾ ਏਸ ਆਉਂਦਾ ਵਿਖਾਈ ਦਿੱਤਾ ਤਾਂ ਉਨ੍ਹਾਂ ਚਾਲਕ ਨੂੰ ਟਾਰਚ ਦੇ



ਇਸ਼ਾਰੇ ਨਾਲ ਰੁਕਣ ਦਾ ਇਸ਼ਾਰਾ ਕੀਤਾ ਪਰ ਚਾਲਕ ਨੇ ਤੇਜੀ ਨਾਲ ਛੋਟੇ ਹਾਥੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਸਾਥੀ ਪੁਲਸ ਕਰਮਚਾਰੀਆਂ ਦੀ ਸਹਾਇਤਾ ਨਾਲ ਕਾਬੂ ਕਰਕੇ ਜਦੋਂ ਵਾਹਨ ਦੀ ਤਲਾਸ਼ੀ ਲਈ ਤਾਂ ਕੰਡਕਟਰ ਦੀ ਸੀਟ ਦੇ ਹੇਠਾਂ ਰੱਖੇ ਪਲਾਸਟਿਕ ਦੇ ਬੋਰੇ 'ਚੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਚਾਲਕ ਜਿਸ ਦੀ ਪਛਾਣ ਗੁਰਮੀਤ ਸਿੰਘ ਪੁੱਤਰ ਕਿਰਪਾਲ ਸਿੰਘ ਨਿਵਾਸੀ ਪਿੰਡ ਘਾਹੀਮਾਜਰਾ, ਥਾਣਾ ਨੂਰਪੁਰਬੇਦੀ ਵਜੋਂ ਹੋਈ ਹੈ, ਨੂੰ ਗ੍ਰਿਫਤਾਰ ਕਰਕੇ ਉਸ ਦੇ ਖ਼ਿਲਾਫ ਐੱਨ. ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਕਥਿਤ ਦੋਸ਼ੀ ਨੂੰ ਦੁਪਹਿਰ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਮਾਨਯੋਗ ਜੱਜ ਨੇ ਉਸ ਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਣ ਦਾ ਆਦੇਸ਼ ਦਿੱਤਾ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਰਾਸ਼ਟਰੀ ਪਰਿਖਿਆ ਏਜੰਸੀ
National Testing Agency
Excellence in Assessment
(ਉੱਚ ਸਿੱਖਿਆ ਵਿਭਾਗ, ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਦੇ ਅਧੀਨ ਇੱਕ ਸਵਾਯੱਤ ਸੰਗਠਨ)
(An Autonomous Organization under the Department of Higher Education, Ministry of Education, GoI

**ਅਖਿਲ ਭਾਰਤੀਯ ਸੈਨਿਕ ਸਕੂਲ ਪ੍ਰਵੇਸ਼ ਪ੍ਰੀਖਿਆ (AISSEE-2025) ਲਈ ਔਨਲਾਈਨ ਅਰਜੀਆਂ ਮੰਗਣ ਦਾ ਐਲਾਨ**

ਰਾਸ਼ਟਰੀ ਪਰਿਖਿਆ ਏਜੰਸੀ ਅਕਾਦਮਿਕ ਸਾਲ 2025-26 ਲਈ ਦੇਸ਼ ਭਰ ਦੇ ਸੈਨਿਕ ਸਕੂਲਾਂ/ਨਵੇਂ ਸੈਨਿਕ ਸਕੂਲਾਂ ਵਿੱਚ ਕਲਾਸ 6 ਅਤੇ ਕਲਾਸ 9 ਲਈ ਵਿੱਚ ਦਾਖਲੇ ਲਈ ਸੈਨਿਕ ਸਕੂਲ ਸੋਸਾਇਟੀ (ਰੱਖਿਆ ਮੰਤਰਾਲੇ, ਭਾਰਤ ਸਰਕਾਰ ਦੇ ਤਹਿਤ) ਦੀ ਤਰਫੋਂ AISSEE-2025 ਪ੍ਰੀਖਿਆ ਅਯੋਜਿਤ ਕਰਨ ਜਾ ਰਹੀ ਹੈ।

| | | |
|---|---|---|
| ਆਵੇਦਨ ਪੱਤਰ ਆਨਲਾਈਨ ਜਮਾ ਕਰਨਾ | 24.12.2024 ਤੋਂ 23.01.2025 | |
| ਪ੍ਰੀਖਿਆ ਦੀ ਮਿਤੀ | ਏਨਟੀਏ ਦੀ ਵੈਬਸਾਈਟ 'ਤੇ ਬਾਅਦ ਵਿੱਚ ਐਲਾਨ ਕੀਤਾ ਜਾਵੇਗਾ | |
| ਪ੍ਰੀਖਿਆ ਦੀ ਵਿਧੀ | ਪੈੱਨ-ਪੇਪਰ ਮਾਧਿਅਮ [ਪੈੱਨ ਪੇਪਰ (OMR)] | |
| ਸਵਾਲ ਦੀ ਕਿਸਮ | ਵਸਤੁਨਿਸ਼ਠ ਪ੍ਰਕਾਰ (MCQs) | |
| ਪ੍ਰੀਖਿਆ ਫੀਸ | ਸ਼੍ਰੈਣੀ | ਭੁਗਤਾਨ ਯੋਗ ਫੀਸ |
| | ਜਨਰਲ/ਰੱਖਿਆ ਕਰਕਿਆਂ ਅਤੇ ਸਾਬਕਾ ਸੈਨਿਕਾਂ ਦੇ ਆਸ਼੍ਰਿਤ/ਓਬੀਸੀ (ਐਨਸੀਐਲ) ਕੇਂਦਰੀ ਸੂਚੀ ਦੇ ਅਨੁਸਾਰ | ਰੁ. 800/- |
| | ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ | ਰੁ. 650/- |

ਇਮਤਿਹਾਨ ਲਈ ਰਜਿਸਟ੍ਰੇਸ਼ਨ ਸੰਬੰਧੀ ਹੋਰ ਸਾਰੇ ਜਰੂਰੀ ਵੇਰਵਿਆਂ ਦੇ ਨਾਲ ਸੂਚਨਾ ਵਿਵਰਣਿਕਾ ਰਾਸ਼ਟਰੀ ਪਰਿਖਿਆ ਏਜੰਸੀ ਦੀ ਅਧਿਕਾਰਤ ਵੈੱਬਸਾਈਟ www,nta.ac.in;https://exams.nta.ac.in/AISSEE/ ਤੇ ਉਪਲਬਧ ਹੈ। ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਖਰੀ ਮਿਤੀ ਤੋਂ ਪਹਿਲਾਂ ਅਪਲਾਈ ਕਰਨ ਅਤੇ ਨਵੀਨਤਮ ਅਪਡੇਟਾਂ ਲਈ ਨਿਯਮਿਤ ਤੌਰ 'ਤੇ ਉਪਰੋਕਤ ਅਧਿਕਾਰਤ ਵੈੱਬਸਾਈਟਾਂ 'ਤੇ ਜਾਓ।

ਜੇਕਰ ਕਿਸੇ ਉਮੀਦਵਾਰ ਨੂੰ AISSEE 2025 ਲਈ ਅਪਲਾਈ ਕਰਨ ਵਿੱਚ ਮੁਸਕਲ ਆਉਂਦੀ ਹੈ, ਤਾਂ ਉਹ 011-40759000/011-69227700 'ਤੇ ਸੰਪਰਕ ਕਰ ਸਕਦਾ ਹੈ ਜਾਂ aissee@nta.ac.in ਈ-ਮੇਲ ਕਰ ਸਕਦਾ ਹੈ।

ਹਸਤਾਖਰ/-
(ਡਾਇਰੈਕਟਰ)

CBC 21354/12/0004/2425

# ਸਾਲ 2030 ਤੱਕ ਸੂਬੇ ਦੇ ਹਰ ਨੌਜਵਾਨ ਨੂੰ ਹੁਨਰਮੰਦ ਬਨਾਉਣਾ ਸਰਕਾਰ ਦਾ ਟੀਚਾ : ਮੁੱਖ ਮੰਤਰੀ ਸੈਣੀ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਸਵਾਮੀ ਵਿਵੇਕਾਨੰਦ ਦੇ ਪਦਚਿੰਨ੍ਹਾਂ 'ਤੇ ਚੱਲਦੇ ਹੋਏ ਨੌਜੁਆਨਾਂ ਦੇ ਸੁਫ਼ਨੇ ਨੂੰ ਸਾਕਾਰ ਕਰ ਰਹੀ ਹੈ। ਸਾਡੀ ਸਰਕਾਰ ਨੇ ਨੌਜੁਆਨਾਂ ਨੂੰ ਮੈਰਿਟ ਆਧਾਰ 'ਤੇ ਨੌਕਰੀਆਂ ਦੇਣ ਦਾ ਕੰਮ ਕੀਤਾ ਹੈ।

ਸੂਬਾ ਸਰਕਾਰ ਦਾ ਟੀਚਾ ਹੈ ਕਿ ਸਾਲ 2030 ਤੱਕ ਸੂਬੇ ਦਾ ਹਰ ਨੌਜੁਆਨ ਹੁਨਰਮੰਦ ਬਣੇ ਅਤੇ ਵਿਸ਼ੇਸ਼ ਰੂਪ ਨਾਲ ਖੁਸ਼ਹਾਲ ਹੋਵੇ। ਇਸੀ ਟੀਚੇ ਦੀ ਪ੍ਰਾਪਤੀ ਲਈ ਕਈ ਯੋਜਨਾਵਾਂ ਬਣਾ ਕੇ ਕਾਰਗਰ ਕਦਮ ਚੁੱਕੇ ਜਾ ਰਹੇ ਹਨ।

ਮੁੱਖ ਮੰਤਰੀ ਸੋਮਵਾਰ ਨੂੰ ਜਿਲ੍ਹਾ ਅੰਬਾਲਾ ਦੇ ਪਿੰਡ ਕੜਾਸਨ ਵਿਚ ਸਵਾਮੀ ਵਿਵੇਕਾਨੰਦ ਉਥਾਨ ਸਮਿਤੀ ਵੱਲੋਂ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਮੌਜੂਦ ਲੋਕਾਂ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸਵਾਮੀ ਵਿਵੇਕਾਨੰਦ ਜੀ ਦੀ ਪ੍ਰਤਿਮਾ ਦੇ ਸਾਹਮਣੇ ਪੁਸ਼ਪ ਅਰਪਿਤ ਕਰ ਉਨ੍ਹਾਂ ਨੂੰ ਨਮਨ ਕੀਤਾ ਅਤੇ ਹਵਨ ਯੱਗ ਵਿਚ ਆਹੂਤੀ ਪਾਈ। ਇਸ ਮੌਕੇ 'ਤੇ ਸਵਾਮੀ ਵਿਵੇਕਾਨੰਦ ਉਥਾਨ ਸਮਿਤੀ ਦੇ ਚੇਅਰਮੈਨ ਅਤੇ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਗੁਲਦਸਤਾ ਤੇ ਸਮ੍ਰਿਤੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਦੇਸ਼ ਅਤੇ ਸੂਬਾਵਾਸੀਆਂ ਨੂੰ ਲੋਹੜੀ ਅਤੇ ਮਕਰ ਸੰਕ੍ਰਾਂਤੀ ਪੁਰਬ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਡਾ ਦੇਸ਼ ਤੀਜ ਅਤੇ ਤਿਉਹਾਰਾਂ ਦਾ ਦੇਸ਼ ਹੈ, ਜਿਸ ਵਿਚ ਹਰੇਕ ਪੁਰਬ ਦਾ ਆਪਣਾ ਇਕ ਵਿਸ਼ੇਸ਼ ਮਹਤੱਵ ਹੇ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਸਭਿਆਚਾਰ ਅਤੇ ਮਾਣ ਨੂੰ ਵਿਸ਼ਵ ਵਿਚ ਪਹੁੰਚਾਉਣ ਦਾ ਕੰਮ ਸਵਾਮੀ ਵਿਵੇਕਾਨੰਦ ਜੀ ਨੇ ਕੀਤਾ ਸੀ।

ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਨੂੰ ਨਮਨ ਕਰਦੇ ਹੋਏ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਵਾਮੀ ਵਿਵੇਕਾਨੰਦ ਨੌਜੁਆਨਾਂ ਦੇ ਪ੍ਰੇਰਣਾ ਸਰੋਤ ਹੈ, ਇਸ ਲਈ ਉਨ੍ਹਾਂ ਦੀ ਜੈਯੰਤੀ ਨੂੰ ਕੌਮੀ ਯੁਵਾ ਦਿਵਸ ਵਜੋ ਮਨਾਇਆ ਜਾਂਦਾ ਹੈ।

ਮੁੱਖ ਮੰਤਰੀ ਨੇ ਨੌਜੁਆਨਾਂ ਤੋਂ ਰਾਜਨੀਤੀ ਵਿਚ ਭਾਗੀਦਾਰੀ ਕਰਨ ਦੀ ਕੀਤੀ ਅਪੀਲ

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸਾਡੀ ਸਰਕਾਰ ਨੇ ਬਿਨ੍ਹਾਂ ਪਰਚੀ-ਖਰਚੀ ਦੇ 1 ਲੱਖ 71 ਹਜਾਰ ਤੋਂ ਵੱਧ ਨੌਜੁਆਨਾਂ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਰਾਹੀਂ ਵੀ ਨੌਜੁਆਨਾਂ ਨੂੰ ਨਾ ਸਿਰਫ ਰੁਜਗਾਰ ਦਿੱਤਾ ਹੈ ਸਗੋ ਉਨ੍ਹਾਂ ਦੇ ਰੁਜਗਾਰ ਦੀ ਸੁਰੱਖਿਆ ਵੀ ਯਕੀਨੀ ਕੀਤੀ ਹੈ। ਉਨ੍ਹਾਂ ਨੇ ਨੌਜੁਆਨਾਂ ਤੋਂ ਸਿਆਸਤ ਵਿਚ ਭਾਗੀਦਾਰੀ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦੇਸ਼ ਦੇ ਨੌਜੁਆਨਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਸਰਗਰਮ ਰਾਜਨੀਤੀ ਵਿਚ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਨੌਜੁਆਨ ਇਸ ਦੇਸ਼ ਦਾ ਭਵਿੱਖ ਹੈ।

ਕਾਫਿਲਾ ਰੁਕਵਾ ਕੇ ਮੁੱਖ ਮੰਤਰੀ ਨੇ ਸੁਣੀਆਂ ਲੋਕਾਂ ਦੀਆਂ ਸਮਸਿਆਵਾਂ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਦੌਰਾਨ ਰਸਤੇ ਵਿਚ ਕਾਫਿਲਾ ਰੁਕਵਾ ਕੇ ਪਿੰਡਵਾਸੀਆਂ ਨਾਲ ਵੀ ਗਲਬਾਤ ਕੀਤੀ ਅਤੇ ਉਨ੍ਹਾਂ ਦੀ ਸਮਸਿਆਵਾਂ ਅਤੇ ਸ਼ਿਕਾਇਤਾਂ ਨੂੰ ਵੀ ਸੁਣਿਆ।

ਇਸ ਦੌਰਾਨ ਬਿਜਲੀ ਨਾਲ ਜੁੜੀ ਸ਼ਿਕਾਇਤ 'ਤੇ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰ ਨੂੰ ਸਮਸਿਆ ਦੇ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਆਪਣੇ ਵਿਚ ਪਾ ਕੇ ਬਜੁਰਗ ਖੁਸ਼ ਨਜਰ ਆਏ ਅਤੇ ਮੁੱਖ ਮੰਤਰੀ ਨੇ ਵੀ ਬਜੁਰਗ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।

ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਸ੍ਰੀ ਪਾਰਥ ਗੁਪਤਾ ਸਮੇਤ ਵੱਡੀ ਗਿਣਤੀ ਵਿਚ ਗ੍ਰਾਮੀਣ ਤੇ ਹੋਰ ਮਾਣਯੋਗ ਲੋਕ ਮੌਜੂਦ ਰਹੇ।

# ਸੜਕਾਂ ਦੀ ਸਪੈਸ਼ਲ ਮੁਰੰਮਤ ਦਾ ਕੰਮ ਛੇਤੀ ਹੋਵੇਗਾ



**ਫ਼ਤਹਿਗੜ੍ਹ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਇਕ ਸ. ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਹੇਠ ਹਲਕੇ ਦੀਆਂ ਸੜਕਾਂ ਦੀ ਸਪੈਸ਼ਲ ਮੁਰੰਮਤ ਲਈ ਰਿਪੋਰਟ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ ਅਤੇ ਛੇਤੀ ਹੀ ਇਨ੍ਹਾਂ ਸੜਕਾਂ ਦੀ ਸਪੈਸ਼ਲ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ। ਇਹ ਜਾਣਕਾਰੀ ਲੋਕ ਨਿਰਮਾਣ ਵਿਭਾਗ ਅਮਲੋਹ ਦੇ ਐਸ.ਡੀ.ਓ. ਕ੍ਰਿਸ਼ਨ ਗੋਪਾਲ ਗਿੱਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਹਲਕੇ ਦੀਆਂ ਸਮੁੱਚੀਆਂ ਸੜਕਾਂ ਦੀ ਸਪੈਸ਼ਲ ਮੁਰੰਮਤ ਲਈ ਐਸਟੀਮੇਟ ਬਣਾ ਕੇ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਸਰਕਾਰ ਵੱਲੋਂ ਇਸ ਦੀ ਮਨਜ਼ੂਰੀ ਪ੍ਰਾਪਤ ਹੁੰਦੇ ਹੀ ਸੜਕਾਂ ਦੀ ਸਪੈਸ਼ਲ ਮੁਰੰਮਤ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕਾਂ ਦੀ ਸਪੈਸ਼ਲ ਮੁਰੰਮਤ ਉਪਰੰਤ ਹਲਕੇ ਦੇ ਲੋਕਾਂ ਨੂੰ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਮੁਹੱਈਆ ਹੋਣਗੀਆਂ।

ਐਸ.ਡੀ.ਓ. ਕ੍ਰਿਸ਼ਨ ਗੋਪਾਲ ਗਿੱਲ ਨੇ ਦੱਸਿਆ ਕਿ ਖੰਨਾ ਰੋਡ ਚੂੰਗੀ ਤੋਂ ਅਮਲੋਹ ਸ਼ਹਿਰ ਨੂੰ ਜਾਂਦੀ ਸੜਕ 2015 ਵਿੱਚ ਬਣਾਈ ਗਈ ਸੀ ਅਤੇ ਇਸ ਸੜਕ ਨੂੰ ਵੀ ਉਸ ਪ੍ਰਪੋਜਲ ਵਿੱਚ ਸ਼ਾਮਲ ਕੀਤਾ ਗਿਆ ਹੈ ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲੋਕ ਨਿਰਮਾਣ ਵਿਭਾਗ ਦ੍ਰਿੜਤਾ ਨਾਲ ਕਾਰਜਸ਼ੀਲ ਹੈ ਅਤੇ ਸੜਕਾਂ ਸਬੰਧੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਹੀ ਸੜਕਾਂ ਦੀ ਸਪੈਸ਼ਲ ਮੁਰੰਮਤ ਦੇ ਪ੍ਰੋਗਰਾਮ ਵਿੱਚ ਹਲਕੇ ਦੀਆਂ ਵਧੇਰੇ ਸੜਕਾਂ ਦੀ ਸਪੈਸ਼ਲ ਮੁਰੰਮਤ ਲਈ ਐਸਟੀਮੇਟ ਬਣਾਇਆ ਗਿਆ ਹੈ।

# ਹਾਈਡ੍ਰੇਸ਼ਨ, ਰਿਫਰੈਸ਼ਮੈਂਟ ਅਤੇ ਕਨੈਕਸ਼ਨ-ਮਹਾਕੁੰਭ 2025 ਵਿੱਚ ਕੋਕਾ-ਕੋਲਾ ਇੰਡੀਆ ਦਾ ਦਸਤਖ

**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕੋਕਾ-ਕੋਲਾ ਇੰਡੀਆ ਮਹਾਂਕੁੰਭ 2025 ਵਿੱਚ ਧਮਾਲ ਮਚਾਉਣ ਲਈ ਤਿਆਰ ਹੈ, ਆਪਣੇ ਪ੍ਰਤੀਕ ਬ੍ਰਾਂਡਾਂ - ਕੋਕਾ-ਕੋਲਾ, ਥਮਸ ਅੱਪ, ਸਪ੍ਰਾਈਟ, ਚਾਰਜਡ, ਮਾਜ਼ਾ, ਕਿਨਲੇ, ਫੈਂਟਾ ਅਤੇ ਮਿੰਟ ਮੇਡ - ਨੂੰ ਦੁਨੀਆ ਦੇ ਸਭ ਤੋਂ ਵੱਡੇ ਸੱਭਿਆਚਾਰਕ ਇਕੱਠਾਂ ਵਿੱਚੋਂ ਇੱਕ ਵਿੱਚ ਲੱਖਾਂ ਹਾਜ਼ਰੀਨ ਦੇ ਨੇੜੇ ਲਿਆ ਰਿਹਾ ਹੈ। ਹਰ 400 ਮੀਟਰ 'ਤੇ ਉਪਲਬਧ ਕੋਕਾ-ਕੋਲਾ ਉਤਪਾਦਾਂ ਦੇ ਨਾਲ, ਬ੍ਰਾਂਡ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਵਿਜ਼ਟਰ ਆਪਣੇ ਆਪ ਨੂੰ ਹਾਈਡ੍ਰੇਟ ਕਰਨ ਤੋਂ ਦੂਰ ਨਾ ਰਹੇ। ਗਰੀਸ਼ਮਾ ਸਿੰਘ, ਵਾਈਸ ਪ੍ਰੈਜ਼ੀਡੈਂਟ ਮਾਰਕੀਟਿੰਗ, ਕੋਕਾ-ਕੋਲਾ ਇੰਡੀਆ ਅਤੇ ਦੱਖਣ ਪੱਛਮੀ ਏਸ਼ੀਆ, ਨੇ ਕਿਹਾ, ÷ਸਾਨੂੰ ਦੇਸ਼ ਦੇ ਸਭ ਤੋਂ ਮਸ਼ਹੂਰ ਸੱਭਿਆਚਾਰਕ ਜਸ਼ਨਾਂ ਵਿੱਚੋਂ ਇੱਕ ਦੌਰਾਨ ਲੱਖਾਂ ਲੋਕਾਂ ਨੂੰ ਤਾਜ਼ਗੀ ਦੇਣ ਵਿੱਚ ਹਿੱਸਾ ਲੈਣ ਵਿੱਚ ਖੁਸ਼ੀ ਹੋ ਰਹੀ ਹੈ। ਅਸੀਂ ਆਪਣੇ ਵਿਭਿੰਨ ਪੋਰਟਫੋਲੀਓ ਦੇ ਪੀਣ ਵਾਲੇ ਪਦਾਰਥਾਂ ਨੂੰ ਸਥਾਨਕ ਭੋਜਨ ਅਤੇ ਸੁਆਦਾਂ ਨਾਲ ਜੋੜਾਂਗੇ ਅਤੇ ਮਹਾਂਕੁੰਭ ਨੂੰ ਆਉਣ ਵਾਲੇ ਸਾਰਿਆਂ ਲਈ ਹੋਰ ਵੀ ਯਾਦਗਾਰ ਬਣਾਉਣ ਲਈ ਜੀਵਨ ਵਿੱਚ ਡੁੱਬੇ ਹੋਏ ਅਨੁਭਵ ਲਿਆਵਾਂਗੇ। ਅਸੀਂ ਇਸ ਸਮਾਗਮ ਵਿੱਚ ਕਈ ਪਹਿਲਕਦਮੀਆਂ ਰਾਹੀਂ ਸਮਾਜਿਕ ਪ੍ਰਭਾਵ ਪੈਦਾ ਕਰਨ ਲਈ ਵਚਨਬੱਧ ਹਾਂ, ਜੋ ਦੁਬਾਰਾ ਤਿਆਰ ਕੀਤੀ ਗਈ ਪੈਕੇਜਿੰਗ ਦੀ ਸੰਭਾਵਨਾ ਨੂੰ ਦਰਸਾਉਂਦੀਆਂ ਹਨ ਅਤੇ ਸਮੂਹਿਕ ਕਾਰਵਾਈ ਨੂੰ ਪ੍ਰੇਰਿਤ ਕਰਨ ਲਈ ਰੀਸਾਈਕਲਿੰਗ ਬਾਰੇ ਜਾਗਰੂਕਤਾ ਪੈਦਾ ਕਰਦੀਆਂ ਹਨ।÷

ਇਸ ਮੌਕੇ ਨੂੰ ਮਨਾਉਣ ਲਈ, ਕੰਪਨੀ ਚੋਣਵੇਂ ਪੀਣ ਵਾਲੇ ਪਦਾਰਥਾਂ ਲਈ ਮਹਾਕੁੰਭ ਵਿਸ਼ੇਸ਼ ਐਡੀਸ਼ਨ ਪੈਕੇਜਿੰਗ ਲਾਂਚ ਕਰ ਰਹੀ ਹੈ, ਜੋ ਕਿ ਭਾਰਤ ਦੀਆਂ ਅਮੀਰ ਸੱਭਿਆਚਾਰਕ ਪਰੰਪਰਾਵਾਂ ਨੂੰ ਸ਼ਰਧਾਂਜਲੀ ਹੈ। ਵਿਸ਼ੇਸ਼ ਡਿਜ਼ਾਈਨ ਇਸਦੇ ਉਤਪਾਦਾਂ ਵਿੱਚ ਸਥਾਨਕ ਸੱਭਿਆਚਾਰਕ ਛੋਹ ਲਿਆਉਂਦੇ ਹਨ, ਯਾਦਗਾਰੀ ਯਾਦਗਾਰਾਂ ਬਣਾਉਂਦੇ ਹਨ। ਇਸ ਤੋਂ ਇਲਾਵਾ, ਜ਼ਮੀਨੀ ਮੌਜੂਦਗੀ ਖਪਤਕਾਰਾਂ ਦੀ ਸਹੂਲਤ ਅਤੇ ਖੁਸ਼ੀ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ। ਹਾਈਡ੍ਰੇਸ਼ਨ ਕਾਰਟ ਅਤੇ ਫੂਡ ਕੋਰਟ ਐਕਟੀਵੇਸ਼ਨ ਇਹ ਯਕੀਨੀ ਬਣਾਉਂਦੇ ਹਨ ਕਿ ਸੈਲਾਨੀ ਆਸਾਨੀ ਨਾਲ ਆਪਣੀ ਪਿਆਸ ਬੁਝਾ ਸਕਦੇ ਹਨ, ਜਦੋਂ ਕਿ ਕੋਕਾ-ਕੋਲਾ ਪੀਣ ਵਾਲੇ ਪਦਾਰਥਾਂ ਨੂੰ ਕੁੰਭ ਦੇ ਰਸੋਈ ਪਦਾਰਥਾਂ ਦੀ ਸੁਆਦੀ ਸ਼੍ਰੇਣੀ ਨਾਲ ਜੋੜਦੇ ਹਨ ਜੋ ਹਰ ਖਾਣੇ ਨੂੰ ਵਧਾਉਂਦੇ ਹਨ।ਆਈਕਾਨਿਕ ਵਿਜ਼ੂਅਲ ਅਤੇ ਦਿਲਚਸਪ ਸਰਗਰਮੀਆਂ ਦੇ ਨਾਲ, ਕੋਕਾ-ਕੋਲਾ ਇੰਡੀਆ ਆਪਣੀਆਂ ਪਹਿਲਕਦਮੀਆਂ ਰਾਹੀਂ ਅਰਥਪੂਰਨ ਪ੍ਰਭਾਵ ਪਾਉਂਦੇ ਹੋਏ, ਤਿਉਹਾਰਾਂ ਦੇ ਅਨੁਭਵ ਨੂੰ ਵਧਾ ਰਿਹਾ ਹੈ। ਇੱਕ ਫਰਕ ਲਿਆਉਣ ਦੀ ਕੋਸ਼ਿਸ਼ ਵਿੱਚ, ਕੋਕਾ-ਕੋਲਾ ਇੰਡੀਆ ਨੇ ਪੀਈਟੀ ਕੂੜੇ ਨੂੰ ਇਕੱਠਾ ਕਰਨ ਅਤੇ ਰੀਸਾਈਕਲਿੰਗ ਲਈ ਰਹਿੰਦ-ਖੂੰਹਦ ਪ੍ਰਬੰਧਨ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ ਕੋਕਾ-ਕੋਲਾ ਇੰਡੀਆ ਮਹਾਂਕੁੰਭ 2025 ਵਿੱਚ ਖੁਸ਼ੀ ਅਤੇ ਸਬੰਧ ਦੇ ਸਥਾਈ ਪਲ ਬਣਾ ਕੇ ਇੱਕ ਨਵਾਂ ਆਯਾਮ ਜੋੜ ਰਿਹਾ ਹੈ, ਇਹ ਯਕੀਨੀ ਬਣਾ ਰਿਹਾ ਹੈ ਕਿ ਸੈਲਾਨੀ ਸਿਰਫ਼ ਯਾਦਾਂ ਹੀ ਨਹੀਂ ਸਗੋਂ ਸਾਂਝੀ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਘਰ ਲੈ ਜਾਣ।

# ਸੁਪਰ 100, ਸਟਾਰਅੱਪ ਨਾਲ ਜੁੜੇ ਨੌਜੁਆਨਾਂ ਤੇ ਯੁਵਾ ਉਦਮੀਆਂ ਨੇ ਬਜਟ 'ਤੇ ਦਿੱਤੇ ਸੁਝਾਅ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦਾ ਅਗਾਮੀ ਬਜਟ ਹਰ ਨਾਗਰਿਕ ਲਈ ਖੁਸ਼ਹਾਲੀ ਅਤੇ ਹਰ ਵਰਗ ਦੀ ਭਲਾਈ ਦਾ ਬਜਟ ਹੋਵੇਗਾ। ਬਜਟ ਲਈ ਸੂਬੇ ਦੇ ਹਰ ਵਰਗ ਅਤੇ ਹਰ ਵਿਅਕਤੀ ਤੋਂ ਸੁਝਾਅ ਲਏ ਜਾ ਰਹੇ ਹਨ। ਯੁਵਾ ਸ਼ਕਤੀ ਦੇ ਸੰਘਰਸ਼, ਤਜਰਬੇ ਅਤੇ ਬਿਹਤਰੀਨ ਸੁਝਾਅ ਵੀ ਹਰਿਆਣਾ ਦੇ ਬਜਟ ਵਿਚ ਨਜਰ ਆਉਣਗੇ।

ਮੁੱਖ ਮੰਤਰੀ ਸੋਮਵਾਰ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਨੌਜੁਆਨਾਂ ਦੇ ਨਾਲ ਪ੍ਰਬੰਧਿਤ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ 'ਤੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਸੂਬਾਵਾਸੀਆਂ ਨੂੰ ਲੋਹੜੀ ਅਤੇ ਮਕਰ ਸੰਕ੍ਰਾਂਤੀ ਪੁਰਬ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸੂਬਾ ਸਰਕਾਰ ਦੀ ਸੋਚ ਹੈ ਕਿ ਆਉਣ ਵਾਲਾ ਬਜਟ ਹਰਿਆਣਾ ਦੇ 2 ਕਰੋੜ 80 ਲੱਖ ਲੋਕਾਂ ਦੀ ਉਮੀਦਾਂ ਅਤੇ ਆਸਾਂ 'ਤੇ ਖਰਾ ਉਤਰੇ ਅਤੇ ਆਮਜਨਤਾ ਲਈ ਖੁਸ਼ਹਾਲੀ ਲੈ ਕੇ ਆਵੇ। ਉਨ੍ਹਾਂ ਨੇ ਕਿਹਾ ਕਿ ਅੱਜ ਸੁਪਰ 100, ਸਟਾਰਟਅੱਪ ਨਾਲ ਜੁੜੇ ਨੌਜੁਆਨਾਂ ਅਤੇ ਯੁਵਾ ਉਦਮੀਆਂ ਨੇ ਬਜਟ 'ਤੇ ਬਹੁਮੁੱਲੇ ਸੁਝਾਅ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੇ ਬਜਟ ਵਿਚ ਵੀ ਨੌਜੁਆਨਾਂ ਤੋਂ ਜੋ ਸੁਝਾਅ ਲਏ ਗਏ ਸਨ ਉਨ੍ਹਾਂ ਸੁਝਾਆਂ ਨੂੰ ਬਜਟ ਵਿਚ ਸ਼ਾਮਿਲ ਕੀਤਾ ਗਿਆ। ਇਸ ਵਾਰ ਸੂਬੇ ਦੇ ਆਮ ਨਾਗਰਿਕਾਂ ਤੋਂ ਵੀ ਸੁਝਾਅ ਲੈਣ ਲਈ ਪੋਰਟਲ ਲਾਂਚ ਕੀਤਾ ਗਿਆ ਹੈ। ਇਸ ਪੋਰਟਲ 'ਤੇ ਕੋਈ ਵੀ ਵਿਅਕਤੀ ਕਿਸੇ ਵੀ ਖੇਤਰ ਜਾਂ ਵਿਸ਼ਾ 'ਤੇ ਆਪਣਾ ਸੁਝਾਅ ਦੇ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਟਾਰਟਅੱਪ ਵਰਗੇ ਪ੍ਰੋਗਰਾਮਾਂ ਤੋਂ ਦੇਸ਼ ਦੀ ਯੁਵਾ ਸ਼ਕਤੀ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ। ਇਸ ਤਰ੍ਹਾ ਦੇ ਪ੍ਰੋਗਰਾਮਾਂ ਤੋਂ ਯੁਵਾ ਸ਼ਕਤੀ ਤੇਜ ਗਤੀ ਦੇ ਨਾਲ ਦੁਨੀਆ ਦੇ ਹਰ ਖੇਤਰ ਵਿਚ ਅੱਗੇ ਵੱਧ ਰਹੀ ਹੈ। ਇਸ ਬਜਟ ਵਿਚ ਨੌਜੁਆਨਾਂ ਨੂੰ ਲਾਭ ਮਿਲੇ ਅਤੇ ਯੁਵਾ ਸ਼ਕਤੀ ਸੂਬੇ ਦੇ ਵਿਕਾਸ ਵਿਚ ਆਪਣਾ ਯੋਗਦਾਨ ਦੇ ਸਕਣ, ਇਸ ਲਈ ਨੌਜੁਆਨਾਂ ਨੂੰ ਫੋਕਸ ਰੱਖ ਕੇ ਸੁਝਾਅ ਲਏ ਗਏ ਹਨ।

ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਵਾਰ ਬਜਟ ਲਈ ਇਕ ਨਵੀਂ ਪਹਿਲ ਕੀਤੀ ਹੈ। ਹਰਿਆਣਾ ਦੇ ਅਗਾਮੀ ਬਜਟ ਲਈ ਇਸ ਵਾਰ ਸੂਬੇ ਦੇ ਨਾਲ-ਨਾਲ ਹੋਰ ਨਾਗਰਿਕ ਵੀ ਆਨਲਾਇਨ ਰਾਹੀਂ ਆਪਣੇ ਸੁਝਾਅ ਦੇ ਸਕਦੇ ਹਨ। ਉਨ੍ਹਾਂ ਨੇ ਯੁਵਾ ਸ਼ਕਤੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਜਿਸ ਦਿਨ ਬਜਟ ਸੈਸ਼ਨ ਵਿਚ ਬਜਟ 'ਤੇ ਆਪਣੀ ਸਪੀਚ ਦੇਣਗੇ ਉਸ ਸਪੀਚ ਨੂੰ ਜਰੂਰ ਸੁਨਣ।

ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਪਿਛਲੇ 5 ਸਾਲਾਂ ਦੇ ਬਜਟ ਵਿਚ ਆਮਜਨਤਾ ਦੇ 407 ਸੁਝਾਆਂ ਨੂੰ ਸ਼ਾਮਿਲ ਕੀਤਾ ਹੈ। ਇਸ ਲੜੀ ਵਿਚ ਇਸ ਸਾਲ ਛੇਵੇਂ ਬਜਟ ਵਿਚ ਵੀ ਆਮਜਨਤਾ ਦੇ ਸੁਝਾਅ ਸ਼ਾਮਿਲ ਕੀਤੇ ਜਾਣਗੇ।

ਮੀਟਿੰਗ ਵਿਚ ਇੰਡਸਟਰੀ ਪਾਰਟਨਰ ਵਿਚ ਹੀਰੋ ਮੋਟਰ ਲਿਮੀਟੇਡ, ਇਸਜੈਕ ਕੰਪਨੀ, ਯਮੁਨਾਨਗਰ, ਆਈਡੀਆਰ ਵੱਲੋਂ ਪ੍ਰਤੀਨਿਧੀਆਂ ਨੇ ਸਕਿਲ ਵਿਕਾਸ ਅਤੇ ਬਿਹਤਰ ਮੌਕੇ ਨੂੰ ਲੈ ਕੇ ਇੰਡਸਟਰੀ ਅਤੇ ਵਿਦਿਅਕ ਸੰਸਥਾਨਾਂ ਦੇ ਵਿਚ ਤਾਲਮੇਲ ਦਾ ਸੁਝਾਅ ਦਿੱਤਾ।

ਮੀਟਿੰਗ ਵਿਚ ਸਾਬਕਾ ਰਾਜਮੰਤਰੀ ਸ੍ਰੀ ਸੁਭਾਸ਼ ਸੁਧਾ, ਮੁੱਖ ਮੰਤਰੀ ਦੇ ਓਐਸਡੀ ਡਾ. ਰਾਜ ਨਹਿਰੂ, ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਸੋਮਨਾਥ ਸਚਦੇਵਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਮੱਛੀ ਪਾਲਣ ਵਿਭਾਗ ਨੇ ਤਿੰਨ ਰੋਜ਼ਾ ਟਰਨਿੰਗ ਕੈਂਪ ਲਗਾਇਆ




**ਗੁਰਦਾਸਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਸ੍ਰੀ ਜਸਵੀਰ ਸਿੰਘ, ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ, ਪੰਜਾਬ, ਐਸ.ਏ.ਐਸ.ਨਗਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਾਜੇ ਪਾਣੀ ਦੀ ਐਕੁਆਕਲਚਰ ਅਤੇ ਐਕੁਆਕਲਚਰ ਵਿੱਚ ਨਵੀਨਤਮ ਤਕਨਾਲੋਜੀ ਪ੍ਰੋਗਰਾਮ ਤਹਿਤ ਤਿੰਨ ਰੋਜ਼ਾ ਟ੍ਰੇਨਿੰਗ ਕੈਂਪ ਸਰਕਾਰੀ ਮੱਛੀ ਪੂੰਗ ਫ਼ਾਰਮ ਹਯਾਤਨਗਰ (ਗੁਰਦਾਸਪੁਰ) ਵਿਖੇ ਜਿਸ ਦਾ ਉਦਘਾਟਨ ਮਾਨਯੋਗ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਮੈਨੇਜ਼ਰ ਸ੍ਰੀ ਰਕੇਸ਼ ਕੁਮਾਰ ਯਾਦਵ ਗੁਰਦਾਸਪੁਰ ਨੇ ਕੀਤਾ।ਇਸ ਪ੍ਰੋਗਰਾਮ ਵਿੱਚ 50 ਤੋਂ ਵੱਧ ਮੱਛੀ ਕਾਸ਼ਤਕਾਰਾਂ ਨੇ ਭਾਗ ਲਿਆ। ਡਾਕਟਰ ਰੋਹਿਤ ਲਹੌਰੀਆ ਅਤੇ ਡਾਕਟਰ ਸਾਹਿਲ ਨੇ ਸੰਯੁਕਤ ਮੱਛੀ ਪਾਲਣ ਦੀ ਨਵੀਨਮ ਤਕਨੀਕਾਂ ਸਬੰਧੀ ਅਤੇ ਸ੍ਰੀ ਬਰਜਿੰਦਰ ਸਿੰਘ, ਡੇਅਰੀ ਇੰਸਪੈਕਟਰ ਗੁਰਦਾਸਪੁਰ ਨੇ ਡੇਅਰੀ ਅਤੇ ਮੱਛੀ ਪਾਲਣ ਦੇ ਸੰਯੁਕਤ ਧੰਦੇ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਮੱਛੀ ਕਾਸ਼ਤਕਾਰਾਂ ਨੂੰ ਬੈਂਕਾਂ ਵਿੱਚ ਕੇ.ਸੀ.ਸੀ ਅਤੇ ਉਨ੍ਹਾਂ ਦੀਆਂ ਸਿਬਲਾਂ ਨੂੰ ਠੀਕ ਕਰਵਾਉਣ ਦੌਰਾਨ ਆ ਰਹੀਆਂ ਮੁਸਕਲਾਂ ਦਾ ਹੱਲ ਕਰਨ ਲਈ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਮੈਨੇਜ਼ਰ ਸ੍ਰੀ ਰਕੇਸ਼ ਕੁਮਾਰ ਯਾਦਵ ਅਤੇ ਸ੍ਰੀ ਅਸੋਕ ਕੁਮਾਰ ਸੀਨੀਅਰ ਮੈਨੇਜ਼ਰ ਪੰਜਾਬ ਐਂਡ ਸਿੰਧ ਬੈਂਕ ਕਾਲਜ ਰੋਡ ਗੁਰਦਾਸਪੁਰ ਵੱਲੋਂ ਜਾਣੂ ਕਰਵਾਇਆ ਗਿਆ। ਉਨਾਂ ਵੱਲੋਂ ਮੁਸਕਲਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਸ੍ਰੀਮਤੀ ਮਨਦੀਪ ਕੌਰ ਸੀਨੀਅਰ ਮੱਛੀ ਪਾਲਣ ਅਫ਼ਸਰ ਪਠਾਨਕੋਟ ਵੱਲੋਂ ਮੰਚ ਦਾ ਸੰਚਾਲਨ ਕੀਤਾ ਗਿਆ ਇਸ ਮੌਕੇ ਸ੍ਰੀ ਦਲਜੀਤ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਗੁਰਦਾਸਪੁਰ, ਸ੍ਰੀ ਗੁਰਿੰਦਰ ਸਿੰਘ ਰੰਧਾਵਾ, ਸਹਾਇਕ ਡਾਇਰੈਕਟਰ ਮੱਛੀ ਪਾਲਣ ਪਠਾਨਕੋਟ ਵੱਲੋਂ ਮੁੱਖ ਮਹਿਮਾਨ ਅਤੇ ਆਏ ਹੋਏ ਮੱਛੀ ਕਾਸ਼ਤਕਾਰਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ੍ਰੀ ਵਿਸ਼ਾਲ ਸ਼ਰਮਾਂ ਸੀਨੀਅਰ ਮੱਛੀ ਪਾਲਣ ਅਫਸਰ ਗੁਰਦਾਸਪੁਰ ਸ੍ਰੀ ਹਰਵਿੰਦਰ ਸਿੰਘ ਸੀਨੀਅਰ ਮੱਛੀ ਪਾਲਣ ਅਫਸਰ (ਫਾਰਮ) ਸ੍ਰੀ ਅਕਾਸਦੀਪ ਸਿੰਘ, ਮੱਛੀ ਪਾਲਣ ਅਫਸਰ ਗੁਰਦਾਸਪੁਰ ਅਤੇ ਸ੍ਰੀ ਮਨਦੀਪ ਸਿੰਘ ਸੋਹਲ ਸੀਨੀਅਰ ਸਹਾਇਕ ਸ੍ਰੀ ਪ੍ਰਕਾਸ ਚੰਦ ਜੂਨੀਅਰ ਸਹਾਇਕ ਅਤੇ ਸਮੂਹ ਸਟਾਫ ਹਾਜਿਰ ਸਨ।

# ਹੈਲਪ ਲਾਇਨ 1076 'ਤੇ ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਘਰ ਬੈਠੇ ਪ੍ਰਸ਼ਾਸ਼ਕੀ ਸੇਵਾਵਾਂ ਦਾ ਲਿਆ ਲਾਭ - ਚੇਅਰਮੈਨ ਰਮਨ ਬਹਿਲ

**ਗੁਰਦਾਸਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਘਰ ਬੈਠੇ ਵੱਖ-ਵੱਖ ਪ੍ਰਸ਼ਾਸ਼ਨਿਕ ਸੇਵਾਵਾਂ ਦਾ ਲਾਭ ਦੇਣ ਲਈ ਸ਼ੁਰੂ ਕੀਤੀ ਗਈ 1076 ਹੈਲਪ ਲਾਇਨ ਆਮ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਹੈਲਪ ਲਾਇਨ ਰਾਹੀਂ ਹੁਣ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਵੱਖ-ਵੱਖ ਸੇਵਾਵਾਂ ਦਾ ਘਰ ਬੈਠੇ ਹੀ ਲਾਭ ਪ੍ਰਾਪਤ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਕੋਈ ਵੀ ਨਾਗਰਿਕ 1076 ਤੇ ਫੋਨ ਕਰਕੇ 43 ਪ੍ਰਕਾਰ ਦੀਆਂ ਸੇਵਾਵਾਂ ਜਿੰਨ੍ਹਾਂ ਵਿਚ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਮੈਰਿਜ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਲੇਬਰ ਕਾਰਡ ਆਦਿ ਸ਼ਾਮਿਲ ਹਨ, ਦਾ ਲਾਭ ਹਾਸਲ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਦਫਤਰਾਂ ਨਾਲ ਸਬੰਧਤ ਇੰਨ੍ਹਾਂ ਸਰਕਾਰੀ ਸੇਵਾਵਾਂ ਲਈ ਪ੍ਰਾਰਥੀ ਸਰਕਾਰੀ ਨੁੰਮਾਇੰਦੇ ਨੂੰ ਆਪਣੇ ਘਰ ਬੁਲਾ ਸਕਦਾ ਹੈ ਭਾਵ ਇੰਨ੍ਹਾਂ 43 ਪ੍ਰਕਾਰ ਦੇ ਸਰਕਾਰੀ ਕੰਮਾਂ ਲਈ ਕਿਸੇ ਵੀ ਦਫ਼ਤਰ ਜਾਣ ਦੀ ਜਰੂਰਤ ਨਹੀਂ ਹੈ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਹੈਲਪ ਲਾਇਨ ਨੰਬਰ 1076 ਰਾਹੀਂ ਹੁਣ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ 4153 ਨਾਗਰਿਕਾਂ ਨੇ ਵੱਖ-ਵੱਖ ਸੇਵਾਵਾਂ ਦਾ ਘਰ ਬੈਠੇ ਹੀ ਲਾਭ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਨਾਲ ਆਮ ਲੋਕਾਂ ਦੇ ਦਫ਼ਤਰਾਂ ਵਿੱਚ ਆਉਣ-ਜਾਣ ਨਾਲ ਉਨ੍ਹਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੇਵਾ ਤਹਿਤ ਸਰਕਾਰੀ ਨੁਮਾਂਇੰਦਾ ਨਾਗਰਿਕ ਦੇ ਘਰ ਆ ਕੇ ਉਸ ਦੀ ਅਰਜ਼ੀ ਲੈਂਦਾ ਹੈ, ਫੋਟੋ ਤੇ ਹੋਰ ਦਸਤਾਵੇਜ਼ ਪ੍ਰਾਪਤ ਕਰਦਾ ਹੈ ਅਤੇ ਨਾਗਰਿਕ ਦਾ ਕੰਮ ਹੋਣ ਤੋਂ ਬਾਅਦ ਸਰਟੀਫਿਕੇਟ ਉਨ੍ਹਾਂ ਦੇ ਘਰ ਪਹੁੰਚਾਉਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।

# ਤਲਵੰਡੀ ਸਾਬੋ ਅਤੇ ਬਿਲਗਾ ਨਗਰ ਪੰਚਾਇਤ ਵਿੱਚ ਆਪ ਦੀ ਵੱਡੀ ਜਿੱਤ



**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਤਲਵੰਡੀ ਸਾਬੋ ਅਤੇ ਬਿਲਗਾ ਦੀਆਂ ਨਗਰ ਪੰਚਾਇਤ ਚੋਣਾਂ ਵਿੱਚ ਸ਼ਾਨਦਾਰ ਜਿੱਤ ਦਾ ਜਸ਼ਨ ਮਨਾਇਆ। ਆਪ ਦੇ ਮੈਂਬਰਾਂ ਨੂੰ ਨਗਰ ਪੰਚਾਇਤ ਦੀ ਅਗਵਾਈ ਕਰਨ ਲਈ ਪ੍ਰਧਾਨ ਅਤੇ ਉਪ ਪ੍ਰਧਾਨ ਚੁਣਿਆ ਗਿਆ।

ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਸੋਮਵਾਰ ਨੂੰ ਸਹੁੰ ਚੁੱਕੀ। ਹੁਣ ਇਨ੍ਹਾਂ ਖੇਤਰਾਂ ਵਿੱਚ ਲੋਕ-ਪੱਖੀ ਸ਼ਾਸਨ ਦਾ ਇੱਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ।

ਤਲਵੰਡੀ ਸਾਬੋ ਵਿੱਚ ਵਾਰਡ ਨੰਬਰ 7 ਤੋਂ ਕੁਲਵੀਰ ਕੌਰ ਨੂੰ ਪ੍ਰਧਾਨ ਚੁਣਿਆ ਗਿਆ ਅਤੇ ਵਾਰਡ ਨੰਬਰ 14 ਤੋਂ ਵਰਮ ਦੇਵ ਸਿੰਘ ਨੇ ਉਪ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ ਹੈ। ਇਸ ਸਮਾਰੋਹ ਵਿੱਚ ਵਿਧਾਇਕ ਬਲਜਿੰਦਰ ਕੌਰ ਨੇ ਵੀ ਸ਼ਿਰਕਤ ਕੀਤੀ। ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੇ ਖੇਤਰ ਲਈ ਵਿਕਾਸ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਵਿੱਚ ਪਾਰਟੀ ਵੱਲੋਂ ਉਨ੍ਹਾਂ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

ਬਿਲਗਾ ਵਿੱਚ ਵਾਰਡ ਨੰਬਰ 2 ਤੋਂ 'ਆਪ' ਦੇ ਗੁਰਨਾਮ ਸਿੰਘ ਜਾੱਖੂ ਨੂੰ ਪ੍ਰਧਾਨ ਚੁਣਿਆ ਗਿਆ। ਵਾਰਡ ਨੰਬਰ 12 ਤੋਂ ਪਰਵਿੰਦਰ ਸਿੰਘ ਨੂੰ ਸੀਨੀਅਰ ਉਪ ਪ੍ਰਧਾਨ ਚੁਣਿਆ ਗਿਆ, ਜਦੋਂ ਕਿ ਵਾਰਡ ਨੰਬਰ 6 ਤੋਂ ਸੰਦੀਪ ਸਿੰਘ ਉਪ ਪ੍ਰਧਾਨ ਚੁਣੇ ਗਏ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਤਲਵੰਡੀ ਸਾਬੋ ਅਤੇ ਬਿਲਗਾ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਦਿਲੋਂ ਵਧਾਈ ਦਿੱਤੀ। ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ÷ਮੈਂ ਤਲਵੰਡੀ ਸਾਬੋ ਅਤੇ ਬਿਲਗਾ ਨਗਰ ਪੰਚਾਇਤਾਂ ਦੇ ਸਾਰੇ 'ਆਪ' ਆਗੂਆਂ ਨੂੰ ਅਹੁਦੇਦਾਰਾਂ ਵਜੋਂ ਚੁਣੇ ਜਾਣ 'ਤੇ ਵਧਾਈ ਦਿੰਦਾ ਹਾਂ।

ਉਨ੍ਹਾਂ ਦੀ ਜਿੱਤ ਪੰਜਾਬ ਦੇ ਲੋਕਾਂ ਦੇ ਪਾਰਦਰਸ਼ੀ ਸ਼ਾਸਨ ਅਤੇ ਸੰਪੂਰਨ ਵਿਕਾਸ ਪ੍ਰਤੀ 'ਆਪ' ਦੀ ਵਚਨਬੱਧਤਾ ਵਿੱਚ ਵਿਸ਼ਵਾਸ ਨੂੰ ਦਰਸਾਉਂਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ, ਇਹ ਖੇਤਰ ਤਰੱਕੀ ਅਤੇ ਲੋਕ-ਕੇਂਦਰਿਤ ਨੀਤੀਆਂ ਦੇ ਗਵਾਹ ਬਣਨਗੇ। 'ਆਪ' ਸਰਕਾਰ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਹਕੀਕਤ ਵਿੱਚ ਬਦਲਣ ਲਈ ਹਰ ਕਦਮ 'ਤੇ ਉਨ੍ਹਾਂ ਦਾ ਸਮਰਥਨ ਕਰਨ ਲਈ ਸਮਰਪਿਤ ਹੈ।

# ਕੌਂਸਲਰਾਂ ਨੂੰ ਜਨਤਕ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਚਾਹੀਦਾ ਹੈ: ਮਹਿੰਦਰ ਭਗਤ



**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ ਮੰਤਰੀ ਸ੍ਰੀ ਮਹਿੰਦਰ ਭਗਤ ਨੇ ਗੁਰਾਇਆ ਨਗਰ ਨਿਗਮ ਦੇ ਨਵੇਂ ਚੁਣੇ ਗਏ ਕੌਂਸਲਰਾਂ ਅਤੇ ਪੀਐਸਈਬੀ ਦੇ ਵਾਈਸ ਚੇਅਰਮੈਨ ਪ੍ਰੇਮ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਨੀਤੀਆਂ ਅਤੇ ਗੁਰਾਇਆ ਦੇ ਵਿਕਾਸ ਬਾਰੇ ਚਰਚਾ ਕੀਤੀ।

ਉਨ੍ਹਾਂ ਕੌਂਸਲਰਾਂ ਨੂੰ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਦ੍ਰਿੜ ਹਨ ਅਤੇ ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਅਸੀਂ ਸਾਰੇ ਉਨ੍ਹਾਂ ਦਾ ਸਮਰਥਨ ਕਰਾਂਗੇ। ਉਨ੍ਹਾਂ ਅੱਗੇ ਕਿਹਾ ਕਿ ਤੁਹਾਨੂੰ ਆਪਣੇ-ਆਪਣੇ ਵਾਰਡਾਂ ਵਿੱਚ ਵਿਕਾਸ ਕਾਰਜਾਂ 'ਤੇ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਹਰ ਸਮੱਸਿਆ ਦਾ ਸਮੇਂ ਸਿਰ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਵੱਡੀ ਜਿੱਤ ਦਰਜ ਕਰ ਸਕੀਏ ਅਤੇ ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਡੀ ਪਾਰਟੀ ਬਣਾ ਸਕੀਏ। ਪੰਜਾਬ ਵਿੱਚ ਪਾਰਟੀ। ਤਾਂ ਜੋ ਸਰਕਾਰ ਬਣਾਈ ਜਾ ਸਕੇ।

ਇਸ ਮੌਕੇ ਕੌਂਸਲਰ ਸ਼੍ਰੀਮਤੀ ਪ੍ਰਵੀਨ, ਰਾਹੁਲ ਪੁੰਜ, ਜਸਵੀਰ ਸਿੰਘ, ਸੁਦੇਸ਼ ਕੁਮਾਰ, ਸ਼੍ਰੀਮਤੀ ਰਜਨੀ ਦੇਵੀ, ਸ਼੍ਰੀਮਤੀ ਰਿਸ਼ੂ, ਸ਼੍ਰੀਮਤੀ ਅੰਜੂ ਅਟਵਾਲ, ਮਨੋਜ ਕੁਮਾਰ ਗੋਗਨਾ, ਸ਼੍ਰੀਮਤੀ ਨਵਜੋਤ ਕੌਰ, ਜਤਿਨ ਸ਼ਰਮਾ, ਸ਼੍ਰੀਮਤੀ ਬਲਵਿੰਦਰ ਕੌਰ, ਹਰਮੇਸ਼ ਲਾਲ ਅਤੇ ਸ਼੍ਰੀਮਤੀ ਕੰਚਨ ਬਾਲਾ ਮੌਜੂਦ ਸਨ।

# ਜਵਾਹਰ ਨਵੋਦਿਆ ਵਿਦਿਆਲੇ ਵਿੱਚ 6ਵੀਂ ਜਮਾਤ ਦੇ ਦਾਖਲੇ ਲਈ ਟੈਸਟ 18 ਜਨਵਰੀ ਨੂੰ ਹੋਵੇਗਾ

**ਗੁਰਦਾਸਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਵਾਹਰ ਨਿਵੋਦਿਆ ਵਿਦਿਆਲੇ ਵਿੱਚ 6ਵੀਂ ਜਮਾਤ ਦੇ ਦਾਖ਼ਲੇ ਲਈ ਦਾਖ਼ਲਾ ਟੈਸਟ ਮਿਤੀ 18 ਜਨਵਰੀ 2025 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਨਿਰਧਾਰਤ ਪ੍ਰੀਖਿਆ ਕੇਂਦਰਾਂ ਵਿਖੇ ਹੋਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਵਾਹਰ ਨਿਵੋਦਿਆ ਵਿਦਿਆਲੇ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਐਂਟਰਸ ਟੈਸਟ ਲਈ ਐਡਮਿਟ ਕਾਰਡ ਵਿਦਿਆਲੇ ਦੀ ਵੈੱਬ ਸਾਈਟ www .navo daya.gov.in/nvs/en/ Home A Óਤੇ ਜਾਂ ਬਲਾਕ ਪ੍ਰਾਇਮਰੀ ਅਫ਼ਸਰ ਧਾਰੀਵਾਲ, ਦੀਨਾਨਗਰ-1, ਦੀਨਾਨਗਰ-2, ਗੁਰਦਾਸਪੁਰ-1, ਗੁਰਦਾਸਪੁਰ-2, ਡੇਰਾ ਬਾਬਾ ਨਾਨਕ, ਫ਼ਤਹਿਗੜ੍ਹ ਚੂੜੀਆਂ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਦਫ਼ਤਰ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।_ਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਜਵਾਹਰ ਨਵੋਦਿਆਲੇ ਦੇ ਹੈਲਪ ਡੈਸਕ ਦੇ ਨੰਬਰ 88725-00127 ਤੇ 74192-20048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਆਸ਼ਰਿਤਾਂ ਦੇ ਲਾਈਵ ਸਰਟੀਫਿਕੇਟ ਅਪਲੋਡ ਕਰਨ ਲਈ ਦੋ ਦਿਨਾਂ ਸਪਰਸ਼ ਕੈਂਪ 15 ਤੇ 16 ਨੂੰ

**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ ਦੀਆਂ ਹਦਾਇਤਾਂ 'ਤੇ ਵੈਟਰਨ ਦਿਵਸ ਮੌਕੇ ਸਥਾਨਕ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ 15 ਤੇ 17 ਜਨਵਰੀ 2025 ਨੂੰ ਸਪਰਸ਼ ਪੋਰਟਲ ਵਿੱਚ ਲਾਈਵ ਸਰਟੀਫਿਕੇਟ ਅਪਲੋਡ ਕਰਨ ਲਈ ਦੋ ਦਿਨ ਸਪਰਸ਼ ਕੈਂਪ ਲਗਾਇਆ ਜਾ ਰਿਹਾ ਹੈ।ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਬੁਲਾਰੇ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਸਮੇਂ ਸਾਬਕਾ ਸੈਨਿਕਾ, ਵਿਧਵਾਵਾਂ ਅਤੇ ਆਸ਼ਰਿਤਾਂ ਨੂੰ ਪੈਨਸ਼ਨ ਸਪਰਸ਼ ਪ੍ਰਣਾਲੀ ਰਾਹੀਂ ਮਿਲ ਰਹੀ ਹੈ ਅਤੇ ਉਨ੍ਹਾਂ ਵੱਲੋਂ ਆਪਣੇ ਲਾਈਵ ਸਰਟੀਫਿਕੇਟ ਸਪਰਸ਼ ਪੋਰਟਲ ਉਪਰ ਹੀ ਅਪਲੋਡ ਕਰਵਾਉਣੇ ਹੁੰਦੇ ਹਨ ਤਾਂ ਜੋ ਉਨ੍ਹਾਂ ਦੀ ਪੈਨਸ਼ਨ ਅੱਗੇ ਵੀ ਜਾਰੀ ਰਹਿ ਸਕੇ। ਉਨ੍ਹਾਂ ਦੱਸਿਆ ਕਿ ਸਾਬਕਾ ਸੈਨਿਕਾ, ਵਿਧਵਾਵਾਂ ਅਤੇ ਆਸ਼ਰਿਤਾਂ ਦੀ ਸਹੂਲਤ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਸ਼ਾਸਤਰੀ ਮਾਰਕੀਟ, ਲਾਡੋਵਾਲੀ ਰੋਡ, ਜਲੰਧਰ ਵਿਖੇ 15 ਜਨਵਰੀ ਤੇ 17 ਜਨਵਰੀ 2025 ਦਿਨ ਬੁੱਧਵਾਰ ਤੇ ਵੀਰਵਾਰ ਨੂੰ ਐਚ.ਡੀ.ਐਫ.ਸੀ. ਬੈਂਕ ਵੱਲੋਂ ਸਪਰਸ਼ ਕੈਂਪ ਲਗਾਇਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਲਾਈਵ ਸਰਟੀਫਿਕੇਟ ਸਪਰਸ਼ ਪੋਰਟਲ 'ਤੇ ਅਪਲੋਡ ਕੀਤੇ ਜਾ ਸਕਣ।ਉਨ੍ਹਾਂ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕਾਰਨਾਂ ਕਰਕੇ ਉਨ੍ਹਾਂ ਨੇ ਆਪਣੇ ਲਾਈਵ ਸਰਟੀਫਕਿਟ ਅਜੇ ਤੱਕ ਅਪਲੋਡ ਨਹੀਂ ਕਰਵਾਏ ਹਨ ਤਾਂ ਉਹ 15 ਤੇ 17 ਜਨਵਰੀ 2025 ਨੂੰ ਸਪਰਸ਼ ਪੋਰਟਲ ਵਿੱਚ ਲਾਈਵ ਸਰਟੀਫਿਕੇਟ ਅਪਲੋਡ ਕਰਨ ਲਈ ਆਪਣੇ ਨਾਲ ਫੌਜ ਦੀ ਪੈਨਸ਼ਨ ਦਾ ਪੀ.ਪੀ.ਓ., ਆਧਾਰ ਕਾਰਡ ਤੇ ਬੈਂਕ ਪਾਸ ਬੁੱਕ, ਜਿਸ ਵਿੱਚ ਪੈਨਸ਼ਨ ਆਉਂਦੀ ਹੈ, ਸਮੇਤ ਆਪਣਾ ਮੋਬਾਇਲ ਜਿਸ ਵਿੱਚ ਪੈਨਸ਼ਨ ਦਾ ਮੈਸੇਜ ਆਉਂਦਾ ਹੈ,।

# ਸਮਾਜ ਦੀ ਤਰੱਕੀ ਲਈ ਲੜਕੇ-ਲੜਕੀ ਵਿਚਲੇ ਫਰਕ ਨੂੰ ਖਤਮ ਕਰਨਾ ਜਰੂਰੀ : ਸਿਵਲ ਸਰਜਨ

**ਫਾਜ਼ਿਲਕਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਪੀ ਸੀ ਪੀ ਐਨ ਡੀ ਟੀ ਏਕਟ ਅਧੀਨ ਧੀਆਂ ਨੂੰ ਸਮਾਜ ਵਿੱਚ ਬਣਦਾ ਰੁਤਬਾ ਦਿਵਾਉਣ ਦੇ ਉਦੇਸ਼ ਤਹਿਤ ਕੰਨਿਆ ਭਰੂਣ ਹੱਤਿਆ ਸਬੰਧੀ ਜਾਗਰੂਕਤਾ ਲਈ ਡੀ ਏ ਵੀ ਸਕੂਲ ਵਿਖੇ ਧੀਆਂ ਦੀ ਲੋਹੜੀ ਮਨਾਈ ਗਈ।

ਇਸ ਦੌਰਾਨ ਸਕੂਲ ਪ੍ਰਿੰਸੀਪਲ ਅਤੇ ਮੈਨੇਜਮੈਂਟ ਦੇ ਮੈਂਬਰ ਹਾਜਰ ਸੀ।

ਮੌਕੇ ਨੇ ਸੰਬੋਧਨ ਕਰਦਿਆਂ ਕਿਹਾ ਡਾਕਟਰ ਕਵਿਤਾ ਸਿੰਘ ਨੇ ਦੱਸਿਆ ਸਮਾਜ ਲੜਕੀਆਂ ਤੋਂ ਬਿਨਾਂ ਅਧੂਰਾ ਹੈ ਅਤੇ ਸਾਨੂੰ ਲੜਕੀਆਂ ਦਾ ਪੂਰਾ ਮਾਣ ਤੇ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਾਰੀ ਤੋਂ ਬਿਨਾਂ ਸਮਾਜ ਦੀ ਕਲਪਨਾ ਕਰਨਾ ਸੰਭਵ ਨਹੀਂ ਹੈ। ਅੱਜ ਦੇ ਯੁਗ ਵਿੱਚ ਲੜਕੀਆਂ ਲੜਕਿਆਂ ਤੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਹਰ ਵਾਰ ਮੌਕਾ ਮਿਲਣ ਤੇ ਵਿਸ਼ਵ ਪੱਧਰ ਤੇ ਲੜਕੀਆਂ ਨੇ ਨਾਮਣਾ ਖੱਟਿਆ ਹੈ।

ਜਿਵੇਂ ਕਿ ਮਦਰ ਟਰੇਸਾ, ਸੁਨੀਤਾ ਵਿਲੀਅਮ, ਕਲਪਨਾ ਚਾਵਲਾ, ਪੀਟੀ ਊਸ਼ਾ, ਕਿਰਨਬੇਦੀ ਅਤੇ ਪੀਵੀ ਸਿੰਧੂ ਵਰਗੀਆਂ ਹਜ਼ਾਰਾਂ ਲੜਕੀਆਂ ਇਸ ਗੱਲ ਦੀ ਮਿਸਾਲ ਹਨ।

ਸਾਨੂੰ ਲੜਕੀਆਂ ਨੂੰ ਵੀ ਲੜਕਿਆਂ ਵਾਂਗ ਪਿਆਰ ਕਰਨਾ ਚਾਹੀਦਾ ਹੈ ਅਤੇ ਉਚ ਵਿੱਦਿਆ ਸਹਿਤ ਚੰਗਾ ਪਾਲਣ ਪੋਸ਼ਣ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਹਰ ਮੌਕਾ ਦੇਣਾ ਚਾਹੀਦਾ ਹੈ। ਉਹਨਾਂ ਦੱਸੀਆਂ ਕਿ ਇਕ ਕੁੜੀ ਪੜ੍ਹਾਈ ਕਰਦੀ ਹੈ ਤਾਂ ਦੋ ਪਰਿਵਾਰ ਨੂੰ ਫਾਇਦਾ ਮਿਲਦਾ ਹੈ.

ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਕੁੜੀਆਂ ਨੂੰ 05 ਸਾਲ ਦੀ ਉਮਰ ਤੱਕ ਮੁਫਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ।

ਲੋੜ ਪੈਣ ਤੇ ਲੋਕਾਂ ਨੂੰ ਆਪਣੀਆਂ ਬੱਚੀਆਂ ਦੇ ਇਲਾਜ ਲਈ ਇਹ ਸਹੂਲਤ ਦਾ ਪੂਰਾ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ।

ਇਸ ਦੌਰਾਨ ਜਿਲਾ ਮਹਾਮਾਰੀ ਅਫਸਰ ਡਾਕਟਰ



ਸੁਨੀਤਾ ਕੰਬੋਜ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਕੁੜੀਆ ਕਿਸੇ ਨਾਲ਼ ਘੱਟ ਨਹੀਂ ਹੈ. ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵਲੋਂ ਧੀਆਂ ਨੂੰ ਬਚਾਉਣ ਅਤੇ ਸਮਾਜ ਦਾ ਨਜ਼ਰੀਆਂ ਬਦਲਣ ਲਈ ਸਕਿੱਟ ਅਤੇ ਕਵਿਤਾ ਪ੍ਰਤੀਯੋਗਤਾ ਕੀਤਾ ਗਿਆ.

ਇਸ ਮੌਕੇ ਸਿਵਲ ਸਰਜਨ ਰੂਪਨਗਰ ਅਤੇ ਸਮੂਹ ਪ੍ਰੋਗਰਾਮ ਅਫਸਰਾਂ ਵੱਲੋਂ ਸਿਵਲ ਹਸਪਤਾਲ ਫਾਜ਼ਿਲਕਾ ਅਤੇ ਅਬੋਹਰ ਜਲਾਲਾਬਾਦ ਵਿਖੇ ਜਨਮੀਆਂ ਲੱਗਭੱਗ 50 ਨਵ.:.ਜਨਮੀਆਂ ਧੀਆਂ ਨੂੰ ਅਤੇ ਲੋਹੜੀ ਦਾ ਸਮਾਨ ਭੇਂਟ ਕੀਤਾ ਗਿਆ ਤੇ ਸਟਾਫ ਮੈਂਬਰਾ ਨੂੰ ਵੀ ਲੋਹੜੀ ਵੰਡੀ ਗਈ।

ਉਹਨਾਂ ਨਵਜਨਮੀਆਂ ਧੀਆਂ ਦੇ ਮਾਪਿਆਂ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਆਪਣੀਆਂ ਲੜਕੀਆਂ ਨੂੰ ਬੋਝ ਨਾ ਸਮਝ ਕੇ ਲੜਕਿਆਂ ਵਾਂਗ ਪਿਆਰ ਕਰਨ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਮੌਕਾ ਦੇਣ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਦੇ ਗਰੁੱਪਾਂ ਵੱਲੋਂ ਗਿੱਧੇ ਅਤੇ ਸਕਿੱਟ ਦੀ ਪੇਸ਼ਕਾਰੀ ਕੀਤੀ ਗਈ ਸਿਹਤ ਵਿਭਾਗ ਵੱਲੋਂ ਵਿਦਿਆਰਥਣਾਂ ਨੂੰ ਸਨਮਾਨ ਚਿੰਨ੍ਹ ਵੀ ਦਿੱਤਾ ਗਿਆ।

ਇਸ ਮੌਕੇ ਐਸ ਐਮ ਓ ਫਾਜ਼ਿਲਕਾ ਡਾਕਟਰ ਏਰਿਕ ਜਿਲ੍ਹਾ ਐਪੀਡੀਮਾਲੋਜਿਸਟ ਡਾ ਸੁਨੀਤਾ ਕੰਬੋਜ ਮਾਸ ਮੀਡੀਆ ਸ਼ਾਖਾ ਤੋਂ ਦਿਵੇਸ਼ ਹਰਮੀਤ ਸਿੰਘ ਮੈਡਮ , ਜਿਲ੍ਹਾ ਬੀ8ਸੀ8ਸੀ8 ਕੋਆਰਡੀਨੇਟਰ ਸੁਖਦੇਵ ਸਿੰਘ ਕ੍ਰਿਸ਼ਨ ਕੰਬੋਜ ਸਕੂਲ ਕਮੇਟੀ ਦੇ ਪ੍ਰਧਾਨ ਕਿਸ਼ੋਰ ਚੰਦ ਪਹੁੰਚੀ, ਉਪ ਪ੍ਰਧਾਨ ਸੰਜੀਵ ਮੱਕੜ, ਨਵੀਨ ਮੱਕੜ, ਡੀ ਏ ਵੀ ਕਾਲਜ ਪ੍ਰਿੰਸੀਪਲ ਅਨੁਰਾਗ ਅਸੀ➧▲ ਸਕੁਲ ਪ੍ਰਿੰਸੀਪਲ ਰਾਜੇਸ਼ ਚੌਹਾਨ, ਕ੍ਰਿਸ਼ਨ ਜਸੂਜਾ,ਨੇਟਰ ਸੁਖਦੇਵ ਸਿੰਘ ਕ੍ਰਿਸ਼ਨ ਕੰਬੋਜ ਸਕੂਲ ਕਮੇਟੀ ਦੇ ਪ੍ਰਧਾਨ ਮੈਨੇਜਰ ਡਾਕਟਰ ਨਵਦੀਪ ਜਸੂਜਾ ਮੈਂਬਰ ਡਾਕਟਰ ਜਸੂਜਾ ,ਸਕੂਲਾ ਦੇ ਰਿਟਾਇਰਡ ਟੀਚਰ ਅਤੇ ਹੋਰ ਹਾਜਰ ਸੀ

## ਅਸਲਾਧਾਰਕ ਅਸਲਾ ਲਾਇਸੰਸ ਸਬੰਧੀ ਸਰਵਿਸ ਸੇਵਾ ਕੇਂਦਰ ਰਾਹੀਂ ਈ ਸੇਵਾ ਪੋਰਟਲ ਤੋਂ ਲੈਣ

**ਫਾਜ਼ਿਲਕਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ 1 ਜਨਵਰੀ 2020 ਤੋਂ ਬਾਅਦ ਅਸਲਾਧਾਰਕਾਂ ਵੱਲੋਂ ਆਪਣੇ ਅਸਲਾ ਲਾਇਸੰਸ ਸਬੰਧੀ ਈ ਸੇਵਾ ਪੋਰਟਲ ਵਿਚ ਕੋਈ ਸਰਵਿਸ ਨਹੀ ਲਈ ਗਈ, ਉਹ 31 ਜਨਵਰੀ 2025 ਤੋਂ ਪਹਿਲਾਂ ਪਹਿਲਾਂ ਅਸਲਾ ਲਾਇਸੰਸ ਸਬੰਧੀ ਕੋਈ ਵੀ ਸਰਵਿਸ ਆਪਣੇ ਨਜਦੀਕੀ ਸੇਵਾ ਕੇਂਦਰ ਰਾਹੀਂ ਈ ਸੇਵਾ ਪੋਰਟਲ ਤੋਂ ਪ੍ਰਾਪਤ ਕਰਨ। ਪੰਜਾਬ ਸਰਕਾਰ ਦੇ ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ, ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਵੱਲੋਂ ਹਦਾਇਤਾਂ ਦੀ ਪਾਲਣਾ ਕਰਨ।

# ਕਹਾਣੀ

## ਅੰਨ੍ਹਾ ਖੂਹ

-ਦਰਸ਼ਨ ਸਿੰਘ ਸੰਘਾ

ਨੀਂਦ ਤਾਂ ਉਸ ਨੂੰ ਪਹਿਲਾਂ ਹੀ ਨਹੀਂ ਸੀ ਆ ਰਹੀ ਪਰ ਗਲੀ ਵਿਚ ਪੈਂਦੇ ਸ਼ੋਰ ਨੇ ਉਸ ਦੀ ਬੇਚੈਨੀ ਵਿਚ ਹੋਰ ਵੀ ਵਾਧਾ ਕਰ ਦਿੱਤਾ ਸੀ। ਭਾਰਤ ਦੀ ਇਸ ਜਿੱਤ 'ਤੇ ਕ੍ਰਿਕਟ ਪ੍ਰੇਮੀਆਂ ਨੇ ਸਾਰੇ ਪਿੰਡ ਦੀਆਂ ਗਲੀਆਂ ਵਿਚ ਜਲੂਸ ਕੱਢਿਆ ਸੀ।

ਸਿਮਰ ਨੇ ਪਾਸਾ ਪਰਤਿਆ। ਨਾਲ ਪਏ ਪੁੱਤਰ ਬਿੱਟੂ ਨੂੰ ਹਿੱਕ ਨਾਲ ਲਾ ਕੇ ਆਪਣਾ ਮੂੰਹ ਉਸ ਦੀ ਗੱਲ੍ਹ 'ਤੇ ਟਿਕਾ ਦਿੱਤਾ ਸੀ। ਸਿਮਰ ਦੀਆਂ ਅੱਖਾਂ ਵਿਚੋਂ ਨਿਕਲੇ ਅੱਥਰੂਆਂ ਨੇ ਬਿੱਟੂ ਦੀਆਂ ਗੱਲ੍ਹਾਂ ਵੀ ਗਿੱਲੀਆਂ ਕਰ ਦਿੱਤੀਆਂ ਸਨ।

ਸਿਮਰ ਦੇ ਦਿਮਾਗ ਵਿਚ ਬੀਤ ਗਏ ਸਮੇਂ ਦੀ ਰੀਲ ਫਿਲਮ ਵਾਂਗ ਚੱਲ ਰਹੀ ਸੀ। ਸਿਮਰ ਦੇ ਕਾਲਜ ਵਿਚ ਸਲਾਨਾ ਸੱਭਿਆਚਾਰਕ ਸਮਾਗਮ ਸੀ, ਜਿਥੇ ਹਰਜੀਤ ਵੀ ਆਪਣੇ ਕਾਲਜ ਵਲੋਂ ਆਪਣੇ ਸਾਥੀਆਂ ਸਮੇਤ ਹਿੱਸਾ ਲੈਣ ਆਇਆ ਸੀ। ਉਸਨੇ ਸ਼ਹੀਦ ਨਾਂ ਦੀ ਕਵਿਤਾ ਬੋਲੀ ਸੀ, ਜਿਸ ਨੇ ਸਰੋਤਿਆਂ ਨੂੰ ਕਾਫੀ ਪ੍ਰਭਾਵਿਤ ਕੀਤਾ ਸੀ। ਕਵਿਤਾ ਮੁਕਾਬਲਿਆਂ ਵਿਚੋਂ ਉਸਦੀ ਟੀਮ ਪਹਿਲੇ ਨੰਬਰ 'ਤੇ ਆਈ ਸੀ। ਉਸ ਸਮਾਗਮ ਵਿਚ ਸਿਮਰ ਨੇ ਵੀ ਕਵਿਤਾ ਬੋਲੀ ਸੀ। ਪਰ ਹਰਜੀਤ ਵਰਗੇ ਬੁਲਾਰਿਆਂ ਅੱਗੇ ਉਹ ਕੋਈ ਬਹੁਤਾ ਪ੍ਰਭਾਵ ਨਹੀਂ ਸੀ ਪਾ ਸਕੀ। ਉਸ ਤੋਂ ਪਿੱਛੋਂ ਹੋਰ ਕਈ ਕਾਲਜਾਂ ਦੇ ਸਮਾਗਮਾਂ ਵਿਚ ਉਸ ਨੂੰ ਹਰਜੀਤ ਦੀ ਹਾਜ਼ਰੀ ਵਿਚ ਬੋਲਣ ਦਾ ਮੌਕਾ ਮਿਲਿਆ।

ਹਰਜੀਤ ਇਕ ਸਾਦਾ, ਪਰ-ਕਸ਼ਿਸ਼ ਨੌਜਵਾਨ ਸੀ। ਉਹ ਚਾਹੇ ਖੁੱਲ੍ਹੀ ਕਵਿਤਾ ਬੋਲਦਾ, ਗਜ਼ਲ ਜਾਂ ਕੋਈ ਗੀਤ ਗੁਣਗੁਣਾਉਂਦਾ , ਹਰ ਕਿਸਮ ਦੀ ਵੰਨਗੀ ਪੇਸ਼ ਕਰਦਿਆਂ ਉਹ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦਾ ਸੀ। ਸਿਮਰਜੀਤ ਨੇ ਕਈ ਭਾਸ਼ਣ-ਮੁਕਾਬਲਿਆਂ ਵਿਚ ਵੀ ਹਰਜੀਤ ਨੂੰ ਬੋਲਦਿਆਂ ਸੁਣਿਆ ਸੀ। ਇਕ ਵਾਰ ਕਸ਼ਮੀਰ-ਸਮੱਸਿਆ ਬਾਰੇ ਬੋਲਦਿਆਂ ਉਸ ਨੇ ਕਸ਼ਮੀਰ ਸਮੱਸਿਆ ਨੂੰ ਪੰਜਾਬ-ਸਮੱਸਿਆ ਨਾਲ ਮਿਲਦੀ-ਜੁਲਦੀ ਦੱਸਿਆ ਸੀ। ਉਸ ਦਾ ਤਰਕ ਸੀ ਕਿ ਜਿਵੇਂ ਦੇਸ਼ ਦੀ ਵੰਡ ਸਮੇਂ ਪੰਜਾਬ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਆਨਾ-ਕਾਨੀ ਕੀਤੀ ਗਈ, ਏਸੇ ਤਰ੍ਹਾਂ ਕਸ਼ਮੀਰ ਨਾਲ ਕੀਤੇ ਰਾਜਨੀਤਕ ਵਾਅਦੇ ਵੀ ਖੋਖਲੇ ਸਾਬਤ ਹੋਏ। ਕਿਵੇਂ ਪੰਜਾਬ ਨਾਲ ਕੇਂਦਰ ਸਰਕਾਰਾਂ ਨੇ ਸਮੇਂ-ਸਮੇਂ ਧੱਕੇਸ਼ਾਹੀ ਕੀਤੀ। ਇਸੇ ਤਰ੍ਹਾਂ ਕਸ਼ਮੀਰ ਦੀਆਂ ਸੰਵਿਧਾਨਿਕ ਸਰਕਾਰਾਂ ਦੇ ਪਰ ਕੱਟਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਕੇਂਦਰ ਦਾ ਇਨ੍ਹਾਂ ਦੋਹਾਂ ਰਾਜਾਂ ਨਾਲ ਰਾਜਨੀਤਕ, ਆਰਥਿਕ ਧਾਰਮਿਕ ਤੇ ਸੱਭਿਆਚਾਰਕ ਵਿਤਕਰਾ ਲੋਕਾਂ ਦੇ ਮਨਾਂ ਵਿਚ ਬੇਮਾਨਗੀ ਦਾ ਮਾਹੌਲ ਪੈਦਾ ਕਰਨ ਦਾ ਕਾਰਨ ਬਣਦਾ ਰਿਹਾ। ਜਦੋਂ ਕਿਸੇ ਖੇਤਰ ਦੇ ਨੌਜਵਾਨ ਦਾ ਭਵਿੱਖ ਹਨੇਰੇ ਵਿਚ ਹੋਵੇ ਤਾਂ ਉਨ੍ਹਾਂ ਹੋਸ਼ ਤੋਂ ਸੱਖਣੇ ਨੌਜਵਾਨਾਂ ਨੂੰ ਬੰਦੂਕ ਦੇ ਰਾਹ ਤੋਰਨਾ ਕੋਈ ਸੌਖਾ ਕੰਮ ਨਹੀਂ ਰਹਿ ਜਾਂਦਾ। ਛੋਟੇ-ਮੋਟੇ ਕਾਰਖਾਨੇ ਆਦਿ ਲਾ ਕੇ ਨੌਜਵਾਨਾਂ ਨੂੰ ਕਿਸੇ ਕਿੱਤੇ - ਧੰਦੇ ਲਾਉਣਾ ਸਰਕਾਰ ਦਾ ਮੁੱਢਲਾ ਫਰਜ਼ ਹੈ। ਜਿਨ੍ਹਾਂ ਰਾਜਾਂ ਵਿਚ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਗਿਆ, ਉਥੇ ਸਰਕਾਰਾਂ ਨੂੰ ਇਸ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਹੀ ਪਿਆ ਹੈ। ਹਰਜੀਤ ਦਲੀਲਾਂ ਦੇ -ਦੇ ਕੇ ਆਪਣਾ ਮੱਤ ਸਿੱਧ ਕਰਨ ਦੀ ਕੋਸ਼ਿਸ਼ ਕਰਦਾ। ਅਕਸਰ ਜਦੋਂ ਸਰੋਤੇ ਤਾੜੀਆਂ ਦੀ ਗੂੰਜ ਨਾਲ ਜਿਵੇਂ ਪ੍ਰਵਾਨਗੀ ਦਿੰਦੇ ਤਾਂ ਸਿਮਰ ਨੂੰ ਅਦਰੋਂ-ਅੰਦਰ ਹਰਜੀਤ ਬੜਾ ਪਿਆਰਾ-ਪਿਆਰਾ ਲੱਗਦਾ ਤੇ ਉਨ੍ਹਾਂ ਨੂੰ ਪਤਾ ਵੀ ਨਾ ਲੱਗਾ, ਜਦੋਂ ਉਹ ਦੋਨੋ ਇਕ ਦੂਜੇ ਦੇ ਬਹੁਤ ਨਜ਼ਦੀਕ ਆ ਚੁੱਕੇ ਸਨ।

ਸਿਮਰਜੀਤ ਨੇ ਸਿਲਾਈ-ਕਢਾਈ ਦੇ ਕੋਰਸ ਨਾਲ ਆਪਣੀ ਪੜ੍ਹਾਈ ਖਤਮ ਕਰ ਲਈ ਸੀ। ਹਰਜੀਤ ਨੇ ਵੀ ਕੰਪਿਊਟਰ ਦਾ ਡਿਪਲੋਮਾ ਕਰ ਲਿਆ ਸੀ । ਏਸੇ ਦਰਮਿਆਨ ਹਰਜੀਤ ਤੇ ਸਿਮਰ ਦਾ ਰਿਸ਼ਤਾ ਤੈਅ ਹੋ ਗਿਆ ਸੀ। ਇਕ ਸੋਚੀ-ਸਮਝੀ ਨੀਤੀ ਮੁਤਾਬਿਕ ਸਿਮਰ ਦੀ ਇਕ ਸਹੇਲੀ ਦੇ ਬਾਪ ਨੇ ਵਿਚੋਲੇ ਦਾ ਰੋਲ ਅਦਾ ਕੀਤਾ ਸੀ। ਭਾਵੇਂ ਹਰਜੀਤ ਵਿਚ ਕੋਈ ਕਮੀ ਨਹੀਂ ਸੀ। ਸੋਹਣਾ-ਸੁਨੱਖਾ ਨੌਜਵਾਨ ਸੀ, ਅਕਲਮੰਦ ਤੇ ਪੜ੍ਹਿਆ - ਲਿਖਿਆ ਸੀ ਪਰ ਫੇਰ ਵੀ ਕਿ 'ਸਿਮਰ ਹਰਜੀਤ ਨੂੰ ਪਿਆਰ ਕਰਦੀ ਹੈ' ਕਹਿਣ ਨਾਲ ਰਿਸ਼ਤਾ ਨਹੀਂ ਹੋ ਸਕਦਾ ਸੀ। ਇਸ ਕਰਕੇ ਕਿ ਦੋਹਾਂ ਪਰਿਵਾਰਾਂ ਨੂੰ ਕੋਈ ਸਮਾਜਿਕ ਠੇਸ ਨਾ ਪਹੁੰਚੇ, ਸਹੇਲੀ ਦੇ ਬਾਪ ਦੀ ਸਹਾਇਤਾ ਲੈਣੀ ਦੋਹਾਂ ਦੀ ਮਜਬੂਰੀ ਬਣ ਗਈ ਸੀ। ਸਿਮਰ ਸੁਪਨੇ ਵਿਚ ਵੀ ਨਹੀਂ ਸੋਚ ਸਕਦੀ ਸੀ ਕਿ ਉਸ ਦੇ ਪਿਤਾ ਨੂੰ ਕੋਈ ਐਰਾ-ਗੈਰਾ ਮਿਹਣਾ ਮਾਰ ਦੇਵੇ ਕਿ ਉਸ ਦੀ ਧੀ ਨੇ ਆਪ-ਮੁਹਾਰੀ ਹੋ ਕੇ ਵਿਆਹ ਕਰਾ ਲਿਆ।

ਵਿਆਹ ਤੋਂ ਪਿੱਛੋਂ ਹਰਜੀਤ ਨੂੰ ਕੁਝ ਚਿਰ ਪ੍ਰਾਈਵੇਟ ਫਰਮ ਵਿਚ ਨੌਕਰੀ ਮਿਲ ਗਈ ਸੀ। ਸੱਸ-ਸਹੁਰਾ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਸ਼ਾਇਦ ਉਨ੍ਹਾਂ ਦੀ ਧਾਰਮਿਕ ਤਪੱਸਿਆ ਹੀ ਸੀ ਕਿ ਉਨ੍ਹਾਂ ਦੇ ਘਰ ਹਰਜੀਤ ਵਰਗੇ ਨੇਕ ਇਨਸਾਨ ਨੇ ਜਨਮ ਲਿਆ ਸੀ। ਘਰੋਂ ਸਿੱਧਾ ਫਰਮ ਦੇ ਦਫਤਰ ਦੇ ਦਫਤਰੋਂ ਸਿੱਧਾ ਘਰੇ। ਤੇ ਆਉਂਦਿਆਂ ਹੀ ਕੱਪੜੇ ਬਦਲਣੇ ਸ਼ੁਰੂ ਕਰ ਦੇਣੇ। ਆਖਦਾ ਪੈਂਟ-ਕਮੀਜ਼ ਤਾਂ ਦਫਤਰੀ ਮਜਬੂਰੀ ਹੈ, ਜਦੋਂ ਕਿ ਕੁੜਤਾ-ਪਜਾਮਾ ਉਸ ਨੂੰ ਆਰਾਮਦਾਇਕ ਲੱਗਦੇ ਹਨ। ਵਿਹਲੇ ਵਕਤ ਉਹ ਝੱਟ ਹੀ ਘਰ ਵਿਚ ਇਕ ਛੋਟੀ ਜਿਹੀ ਬਗੀਚੀ ਵਿਚ ਜਾ ਵੜਦਾ। ਫੁੱਲਾਂ ਨੂੰ ਪਾਣੀ ਪਾਉਂਦਾ, ਨਵੇਂ ਬੂਟੇ ਲਾਉਂਦਾ। ਫੁੱਲਾਂ ਨਾਲ ਤਾਂ ਜਿਵੇਂ ਉਹਨੂੰ ਇਸ਼ਕ ਸੀ। ਏਸ ਦਰਮਿਆਨ ਉਨ੍ਹਾਂ ਦੇ ਘਰ ਇਕ ਬੇਟੇ ਨੇ ਜਨਮ ਲਿਆ, ਜਿਸ ਨੇ ਉਨ੍ਹਾਂ ਦੀਆਂ ਖੁਸ਼ੀਆਂ ਨੂੰ ਚਾਰ ਚੰਨ ਲਾ ਦਿੱਤੇ। ਰਲਾ-ਮਿਲਾ ਕੇ ਖੇੜਿਆਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਸਨ। ਇਕ ਦਿਨ ਹਰਜੀਤ ਦਫਤਰੋਂ ਘਰ ਆਇਆ ਤਾਂ ਉਹਦੇ ਹੱਥ ਵਿਚ ਅਖਬਾਰ ਦਾ ਇਕ ਵਰਕਾ ਸੀ, ਜਿਸ ਵਿਚ ਫੌਜ ਵਲੋਂ ਸੰਚਾਰ-ਮਹਿਕਮੇ ਦਾ ਡਿਪਲੋਮਾ ਹਰਜੀਤ ਦੇ ਭਰਤੀ ਹੋਣ ਵਿਚ ਸਹਾਈ ਹੋ ਸਕਦਾ ਸੀ। ਉਸ ਨੇ ਉਹ ਵਰਕਾ ਸਿਮਰ ਨੂੰ ਵਿਖਾਇਆ। ਸਿਮਰ ਨੂੰ ਦੁਚਿੱਤੀ ਵਿਚ ਪਈ ਵੇਖ ਕੇ ਆਖਣ ਲੱਗਾ ਕਿ ਤਨਖਾਹ ਵਿਚ ਕਾਫੀ ਫਰਕ ਹੈ। ਬਾਕੀ ਜ਼ਰੂਰੀ ਤਾਂ ਨਹੀਂ ਕਿ ਸਾਰੀ ਉਮਰ ਸਿਪਾਹੀ ਹੀ ਰਹਿਣਾ ਹੈ। ਸੂਤ ਲੱਗਾ ਤਾਂ ਕਮਿਸ਼ਨ ਲੈ ਲਵਾਂਗਾ। ਟੈਕਨੀਕਲ ਸਰਵਿਸ ਐ। ਤਰੱਕੀ ਦੇ ਕਾਫੀ ਮੌਕੇ ਹਨ। ਸਿਰਮ ਘਰ ਦੀ ਆਰਥਿਕ ਹਾਲਤ ਤੋਂ ਅਣਜਾਣ ਨਹੀਂ ਸੀ। ਥੋੜ੍ਹੀ ਜਿਹੀ ਜ਼ਮੀਨ ਵਿਚੋਂ ਵੀ ਹਰਜੀਤ ਦੀ ਪੜ੍ਹਾਈ ਸਮੇਂ ਗਹਿਣੇ ਕਰ ਰੱਖੀ ਸੀ। ਮੌਜੂਦਾ ਪ੍ਰਾਈਵੇਟ ਨੌਕਰੀ ਨਾਲ ਹੱਥ ਘੁੱਟ ਕੇ ਗੁਜ਼ਾਰਾ ਹੋ ਰਿਹਾ ਸੀ। ਸੋ ਅਣਮੰਨੇ ਮੰਨ ਨਾਲ ਉਸਨੇ ਹਰਜੀਤ ਨੂੰ ਭਰਤੀ ਹੋਣ ਦੀ ਪ੍ਰਵਾਨਗੀ ਦੇ ਦਿੱਤੀ ਸਿਮਰ ਸਮਝਦੀ ਸੀ ਕਿ ਹਰਜੀਤ ਵੀ ਮਾਨਸਿਕ ਤੌਰ 'ਤੇ ਇਸ ਨੌਕਰੀ ਲਈ ਤਿਆਰ ਨਹੀਂ ਸੀ ਪਰ ਘਰ ਦੀਆਂ ਮਜ਼ਬੂਰੀਆਂ ਤੇ ਤਰੱਕੀ ਕਰਨ ਦੀ ਲਗਨ ਨੇ ਉਸ ਨੂੰ ਮਜਬੂਰ ਕਰ ਦਿੱਤਾ ਸੀ ਜਿਸ ਤਰ੍ਹਾਂ ਦੀ ਵੀ ਸਰਕਾਰੀ ਨੌਕਰੀ ਮਿਲੇ, ਉਹ ਕਰੇ। ਸੋ ਕੰਪਿਊਟਰ ਦਾ ਡਿਪਲੋਮਾ ਹੋਲਡਰ ਹੋਣ ਕਰਕੇ ਉਹ ਫੌਜ ਵਿਚ ਸਿਲੈਕਟ ਹੋ ਗਿਆ। ਸਾਲ ਕੁ ਟ੍ਰੇਨਿੰਗ ਤੋਂ ਬਾਅਦ ਕੁਝ ਸਾਥੀਆਂ ਸਮੇਤ ਕਸ਼ਮੀਰ ਵਿਚ ਤਾਇਨਾਤ ਕਰ ਦਿੱਤਾ ਗਿਆ।

ਏਸ ਦਰਮਿਆਨ ਉਹ ਅਠਾਈ ਦਿਨ ਦੀ ਛੁੱਟੀ ਆਇਆ ਸੀ। ਕਸ਼ਮੀਰ ਬਾਰੇ ਉਸਦੇ ਵਿਚਾਰ ਕੋਈ ਬਹੁਤੇ ਚੰਗੇ ਨਹੀਂ ਸਨ। ਉਹ ਸਿਮਰ ਨੂੰ ਦੱਸਦਾ ਕਿ ਕਸ਼ਮੀਰ ਦੀ ਭੂਗੋਲਿਕ ਸਥਿਤੀ ਕੁਝ ਇਸ ਤਰ੍ਹਾਂ ਦੀ ਹੈ ਕਿ ਇਸ ਦੀਆਂ ਸਰਹੱਦਾਂ 'ਤੇ ਪੂਰਨ ਤੌਰ 'ਤੇ ਕੰਟਰੋਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਾਰਤ ਸਰਕਾਰ ਇਸ ਸਮੱਸਿਆ ਪ੍ਰਤੀ ਕਈ ਕੂਟਨੀਤਕ ਕੁਤਾਹੀਆਂ ਕਰ ਚੁੱਕੀ ਹੈ, ਜਿਸ ਦਾ ਖਮਿਆਜ਼ਾ ਅੱਜ ਭੁਗਦਤਿਆ ਜਾ ਰਿਹਾ ਹੈ। ਬਾਕੀ ਲੋਕਲ ਬਸ਼ਿੰਦਿਆਂ ਦੀ ਮਦਦ ਨਾਲ ਇਸ ਨੂੰ ਨਿਪਟਿਆ ਜਾ ਸਕਦਾ ਹੈ। ਇਹ ਹਮਾਇਤ ਉਨ੍ਹਾਂ ਲੋਕਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਲਈ ਸਾਡੇ ਰਾਜਨੀਤਕ ਆਗੂ ਤਿਆਰ ਨਹੀਂ। ਕਿਸੇ ਦੇ ਮਾਰੇ ਜਾਣ ਨਾਲ ਸਾਡੇ ਆਗੂਆਂ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਦੱਸਦਾ ਕਿ ਅੰਗਰੇਜ਼ਾਂ ਨੇ ਸਾਰੀ ਦੁਨੀਆਂ 'ਤੇ ਰਾਜ ਕੀਤਾ ਹੈ ਪਰ ਕਿਸੇ ਵੀ ਖਿੱਤੇ ਵਿਚ ਉਨ੍ਹਾਂ ਆਪਣੇ ਲੋਕਾਂ ਦੀਆਂ ਆਹੂਤੀ ਦੇ ਕੇ ਰਾਜ ਨਹੀਂ ਕੀਤਾ। ਇਥੋਂ ਤੱਕ ਕਿ ਭਾਰਤ ਵਿਚ ਵੀ ਜਦੋਂ ਉਨ੍ਹਾਂ ਮਹਿਸੂਸ ਕੀਤਾ ਕਿ ਇਥੇ ਹੋਰ ਸਮਾਂ ਰਾਜ ਕਰਨ ਲਈ ਆਪਣੇ ਆਹਲਾ ਅਫਸਰਾਂ ਜਾਂ ਲੋਕਾਂ ਦੀ ਜਾਨ ਦੇਣੀ ਪੈ ਸਕਦੀ ਹੈ ਤਾਂ ਉਨ੍ਹਾਂ ਨੇ ਤੁਰੰਤ ਭਾਰਤ ਨੂੰ ਆਜ਼ਾਦ ਕਰਨ ਦਾ ਐਲਾਨ ਕਰ ਦਿੱਤਾ

ਸਾਂਡਰਸ ਅਤੇ ਜਨਰਲ ਡਾਇਰ ਦੇ ਕਤਲਾਂ ਨੂੰ ਉਨ੍ਹਾਂ ਰਾਜ ਕਰਨ ਦੇ ਬਦਲੇ ਬਲੀਦਾਨ ਦੇ ਰੂਪ ਵਿਚ ਹੀ ਲਿਆ ਸੀ।

ਦੂਜੇ ਪਾਸੇ ਸਾਡੇ ਆਗੂਆਂ ਲਈ ਰਾਜਗੱਦੀ ਹਾਸਲ ਕਰਨ ਵਾਸਤੇ ਮਨੁੱਖਾਂ ਦੀ ਜਾਨ ਕੋਈ ਮਾਇਨਾ ਨਹੀਂ ਰੱਖਦੀ ਇਨ੍ਹਾਂ ਦੀ ਤਾਂ ਸਗੋਂ ਕੁਰਸੀ ਹੀ ਲੋਕਾਂ ਦੀਆਂ ਲਾਸ਼ਾਂ 'ਤੇ ਟਿਕੀ ਹੋਈ ਹੈ। ਭਗਤ ਸਿੰਘ ਦੀ ਫਾਂਸੀ, ਸੰਤਾਲੀ ਦੀ ਵੰਡ, ਸਾਕਾ ਨੀਲਾ ਤਾਰਾ, ਚੌਰਾਸੀ ਦਾ ਕਤਲੇਆਮ, ਗੋਧਰਾ ਕਾਂਡ ਆਦਿ ਕੁਰਸੀ ਹਾਸਲ ਕਰਨ ਦੀ ਤੀਬਰ ਲਾਲਸਾ ਦੇ ਹੀ ਪ੍ਰਤੀਕ ਹਨ। ਕੁਰਸੀ ਹਾਸਲ ਕਰਨ ਲਈ ਕੁਝ ਵੀ ਕੀਤਾ ਜਾ ਸਕਦਾ ਹੈ। ਹਰਜੀਤ ਦੀਆਂ ਐਹੋ ਜਿਹੀਆਂ ਸੁਣ ਕੇ ਸਿਮਰ ਹੈਰਾਨ ਵੀ ਰਹਿ ਜਾਂਦੀ।

ਤੇ ਪਤਾ ਵੀ ਨਾ ਲੱਗਾ ਕਿ ਹਰਜੀਤ ਦੀ ਛੁੱਟੀ ਕਦੋਂ ਖਤਮ ਹੋ ਗਈ। ਗਿਣਤੀ ਦੇ ਦਿਨ ਕੀ ਹੁੰਦੇ ਹਨ। ਬਿੱਟੂ ਦੇ ਕੱਪੜੇ ਅਤੇ ਬੂਟ ਆਦਿ ਖਰੀਦਣੇ ਸਨ, ਇਸ ਕਰਕੇ ਬਿੱਟੂ ਦੇ ਦਾਦਾ ਜੀ ਨੇ ਸਿਮਰ ਤੇ ਬਿੱਟੂ ਨੂੰ ਸ਼ਹਿਰ ਤੱਕ ਹਰਜੀਤ ਦੇ ਨਾਲ ਭੇਜ ਦਿੱਤਾ ਸੀ। ਬਿੱਟੂ ਦੇ ਮਨ-ਪਸੰਦ ਕੱਪੜੇ ਖਰੀਦੇ ਗਏ। ਬੂਟਾਂ ਵਾਲੀ ਦੁਕਾਨ 'ਤੇ ਗਏ ਤਾਂ ਬਿੱਟੂ ਨੇ ਜੋ ਬੂਟ ਪਸੰਦ ਕੀਤੇ ਸਿਮਰ ਨੂੰ ਲੱਗਿਆ ਕਿ ਮਹਿੰਗੇ ਹਨ ਪਰ ਹਰਜੀਤ ਨੇ 'ਬੱਚੇ ਦੀ ਪਸੰਦ' ਕਹਿ ਕੇ ਖਰੀਦ ਦਿੱਤੇ ਸਨ। ਸਟੇਸ਼ਨ ਤੇ ਚਲੇ ਗਏ। ਸਾਰਾ ਸਮਾਂ ਬਿੱਟੂ ਹਰਜੀਤ ਦੀ ਗੋਦੀ ਚੜ੍ਹਿਆ ਰਿਹਾ। ਗੱਡੀ ਆ ਗਈ। ਪਾਸ ਲੈ ਕੇ ਪਲੇਟ ਫਾਰਮ 'ਤੇ ਗੱਡੀ ਦੇ ਨਜ਼ਦੀਕ ਚਲੇ ਗਏ। ਬਿੱਟੂ ਹਰਜੀਤ ਦੀ ਗੋਦੀ ਚੜ੍ਹਿਆ ਰਿਹਾ। ਬਿੱਟੂ ਨੇ ਗੱਡੀ ਪਹਿਲੀ ਵਾਰ ਵੇਖੀ ਸੀ। ਬੜਾ ਖੁਸ਼ ਹੋਇਆ ਗੱਡੀ ਵੇਖ ਕੇ ਪਰ ਉਸ ਦੀ ਇਹ ਖੁਸ਼ੀ ਬਹੁਤ ਸਮਾਂ ਨਾ ਰਹਿ ਸਕੀ। ਗੱਡੀ ਚੱਲਣ ਤੋਂ ਪਹਿਲਾਂ ਹਰਜੀਤ ਨੇ ਬਿੱਟੂ ਨੂੰ ਘੁੱਟ ਕੇਗਲ ਨਾਲ ਲਾਇਆ ਅਤੇ ਸਿਮਰ ਨੂੰ ਫੜਾਉਣ ਵਾਸਤੇ ਅੱਗੇ ਵਧਿਆ। ਬਿੱਟੂ ਸਿਮਰ ਕੋਲ ਆਉਣ ਤੋਂ ਇਨਕਾਰੀ ਸੀ। ਬਥੇਰੇ ਲਾਰੇ-ਲੱਪੇ ਲਾਏ।

ਛੇਤੀ ਆਉਣ ਦਾ ਵਾਅਦਾ ਕੀਤਾ ਪਰ ਬਿੱਟੂ ਰੋ ਕੇ ਹਰਜੀਤ ਦੇ ਗਲ ਨਾਲ ਚਿੰਬੜ ਪਿਆ। ਸਿਮਰ ਪੱਥਰ ਬਣੀ ਖੜ੍ਹੀ ਸੀ। ਕੁਝ ਬੋਲਣ ਦੀ ਹਿੰਮਤ ਨਹੀਂ ਸੀ ਰਹਿ ਗਈ। ਗੱਡੀ ਨੇ ਆਖਰੀ ਵਿਸਲ ਦੇ ਦਿੱਤੀ। ਹਰਜੀਤ ਅੱਗੇ ਵਧਿਆ। ਬਿੱਟੂ ਨੂੰ ਸਿਮਰ ਦੀ ਗੋਦੀ ਦੇਣ ਲੱਗਿਆ ਸਿਰਮ ਨੂੰ ਵੀ ਘੁੱਟ ਲਿਆ ਸੀ। ਰੋਂਦੇ ਹੋਏ ਬਿੱਟੂ ਨੂੰ ਸੰਭਾਲਦਿਆਂ ਸਿਮਰ ਦੀਆਂ ਅੱਖਾਂ ਵਗ ਤੁਰੀਆਂ ਸਨ। ਤੁਰਦੀ ਗੱਡੀ ਵਿਚੋਂ ਹਰਜੀਤ ਨੇ ਬਿੱਟੂ ਨੂੰ 'ਬਾਏ' ਕਰਨ ਲਈ ਗੱਡੀ ਵਿਚੋਂ ਬਾਹਰ ਝਾਤੀ ਮਾਰੀ ਤਾਂ ਸਿਰਮ ਨੇ ਉਸ ਦੀਆਂ ਅੱਖਾਂ ਵਿਚ ਅੱਥਰੂ ਵੇਖੇ ਜੋ ਹੁਣ ਤੱਕ ਉਸ ਨੇ ਰੋਕ ਛੱਡੇ ਸਨ। ਬਿੱਟੂ ਅਜੇ ਵੀ ਦੋਵੇਂ ਬਾਹਾਂ ਖਿਲਾਰ ਕੇ ਹਰਜੀਤ ਵੱਲ ਉਲਰ ਰਿਹਾ ਸੀ। ਵੇਖਦਿਆਂ-ਵੇਖਦਿਆਂ ਗੱਡੀ ਉਨ੍ਹਾਂ ਦੀਆਂ ਨਜ਼ਰਾਂ ਤੋਂ ਦੂਰ ਹੋ ਗਈ। ਤੋਰਨ ਆਏ ਹੋਰ ਲੋਕ ਹੌਲੀ-ਹੌਲੀ ਵਾਪਿਸ ਜਾ ਰਹੇ ਸਨ ਪਰ ਸਿਮਰ ਦੀਆਂ ਲੱਤਾਂ ਸਿੱਲ ਪੱਥਰ ਹੋ ਗਈਆਂ ਸਨ। ਬਿੱਟੂ ਨੂੰ ਸੰਭਾਲੇ ਜਾਂ ਆਪਣੇ-ਆਪ ਨੂੰ। ਉਸ ਨੇ ਘੁੱਟ ਕੇ ਬਿੱਟੂ ਨੂੰ ਗਲ ਨਾਲ ਲਾਇਆ ਤੇ ਟੁੱਟੇ ਕਦਮਾਂ ਨਾਲ ਸਟੇਸ਼ਨ ਤੋਂ ਬਾਹਰ ਆ ਗਈ। ਨਵੇਂ ਕੱਪੜੇ ਅਤੇ ਬੂਟਾਂ ਨਾਲ ਬਿੱਟੂ ਨੂੰ ਵਰਚਾਉਣ ਦੀ ਕੋਸ਼ਿਸ਼ ਵਿਅਰਥ ਸੀ। ਉਹ ਅਜੇ ਵੀ ਹਟਕੋਰੇ ਲੈ ਰਿਹਾ ਸੀ। ਬੂਟਾ ਵਾਲਾ ਲਿਫਾਫਾ ਉਸ ਨੇ ਸੜਕ ਵਿਚ ਵਗਾਹ ਮਾਰਿਆ। ਲਿਫਾਫਾ ਚੁੱਕਣ ਲੱਗਿਆਂ ਜਾਣੋਂ ਸਿਮਰ ਦੀ ਧਾਹ ਨਿਕਲ ਗਈ।

ਉਸ ਦੇ ਖਾਣ ਲਈ ਟੌਫੀਆਂ ਦਾ ਪੈਕਟ ਲਿਆ ਪਰ ਉਸ ਨ ਕੋਈ ਚੀਜ਼ ਮੂੰਹ 'ਤੇ ਨਾ ਧਰੀ। ਟੁੱਟੇ ਭੱਜੇ ਕਦਮਾਂ ਨਾਲ ਸਿਮਰ ਟੈਂਪੂਆਂ ਦੇ ਅੱਡੇ 'ਤੇ ਪਹੁੰਚੀ। ਟੈਂਪੂ ਵਿਚ ਬੈਠਿਆਂ ਬਿੱਟੂ ਅਜੇ ਵੀ ਕਦੇ-ਕਦੇ ਲੰਬੇ ਹਟਕੋਰੇ ਲੈਂਦਾ ਤੇ ਇਸ ਤਰ੍ਹਾਂ ਮਾਂ-ਪੁੱਤ ਹਰਜੀਤ ਨੂੰ ਤੋਰ ਆਏ ਪਰ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਹਰਜੀਤ ਸਦਾ-ਸਦਾ ਲਈ ਤੁਰ ਗਿਆ ਸੀ। ਜਾਣ ਤੋਂ ਦੋ ਕੁ ਮਹੀਨੇ ਮਗਰੋਂ ਬੰਦੂਕਧਾਰੀਆਂ ਵਲੋਂ ਫੌਜ ਦੀ ਗੱਡੀ 'ਤੇ ਕੀਤੇ ਹਮਲੇ ਵਿਚ ਕੁਝ ਜੁਵਾਨ ਮਾਰੇ ਗਏ ਜਿਹਨ੍ਹਾਂ ਵਿਚ ਹਰਜੀਤ ਵੀ ਸ਼ਾਮਲ ਸੀ।

ਤਿਰੰਗੇ ਝੰਡੇ ਵਿਚ ਲਪੇਟੀ ਉਸ ਦੀ ਲਾਸ਼ ਪਿੰਡ ਪਹੁੰਚ ਗਈ। ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਜਿਹੋ ਜਿਹੀਆਂ ਬੰਦੂਕਾਂ ਨਾਲ ਹਰਜੀਤ ਦੀ ਮੌਤ ਹੋਈ ਸੀ, ਉਨ੍ਹਾਂ ਬੰਦੂਕਾਂ ਨਾਲ ਲਾਸ਼ ਨੂੰ ਸਲਾਮੀ ਦਿੱਤੀ ਗਈ। ਜਦੋਂ ਤੋਂ ਹਰਜੀਤ ਦੇ ਮਾਰੇ ਜਾਣ ਦੀ ਖਬਰ ਆਈ ਸੀ , ਉਦੋਂ ਤੋਂ ਸਿਮਰ ਬੇਹੋਸ਼ ਸੀ। ਵਾਰ-ਵਾਰ ਦੰਦਲਾਂ ਪੈ ਰਹੀਆਂ ਸਨ।

ਕੁਝ ਔਰਤਾਂ ਬੜੀ ਮੁਸ਼ਕਲ ਨਾਲ ਉਸ ਨੂੰ ਸਿਵਿਆਂ ਤੱਕ ਲੈ ਕੇ ਗਈਆਂ । ਉਸ ਨੂੰ ਵਾਰ-ਵਾਰ ਹਰਜੀਤ ਦੀਆਂ ਆਖਰੀ ਰਸਮਾਂ ਆਪਣੀਆਂ ਅੱਖਾਂ ਨਾਲ ਵੇਖਣ ਲਈ ਕਿਹਾ ਜਾਂਦਾ। ਕੁਝ ਔਰਤਾਂ ਸਸਕਾਰ ਤੋਂ ਪਹਿਲਾਂ ਸਹਾਰਾ ਦੇ ਕੇ ਹਰਜੀਤ ਦਾ ਆਖਰੀ ਵਾਰ ਮੂੰਹ ਵੇਖਣ ਲਈ ਲਾਸ਼ ਦੇ ਕੋਲ ਲੈ ਗਈਆਂ। ਸਿਮਰ ਨੇ ਹਰਜੀਤ ਦੇ ਮੱਥੇ 'ਤੇ ਆਪਣਾ ਸਿਰ ਰੱਖ ਦਿੱਤਾ। ਚੀਖ ਉਠੀ ਅਸੀਂ ਹੁਣ ਕੀ ਕਰਾਂਗੇ.. ਤੇਰੇ ਤੋਂ ਬਗੈਰ ਤੇਰੇ ਬਿੱਟੂ ਨੂੰ ਕੌਣ ਦੇਊ ਲੋਰੀਆਂ... ਇਕ ਵਾਰੀ ਉੱਠ ਕੇ ਤਾਂ ਸਾਨੂੰ ਵੇਖ.. ਮੇਰੇ ਸਿਰ ਦੇ ਸਾਈਆਂ... ਤੂੰ ਸਾਡੀਆਂ ਅੱਖਾਂ ਦਾ ਹੰਝੂ ਨਾ ਝੱਲੇ...ਅੱਜ ਸਾਡੇ ਪੱਲੇ ਉਮਰਾਂ ਦੇ ਰੋਣੇ ਪਾ ਕੇ ਕਿਥੇ ਤੁਰ ਗਿਆ...ਤੇਰੇ ਬਗੈਰ ਸਾਡੀ ਕਿਸੇ ਨੇ ਬਾਤ ਨ੍ਹੀ ਪੁੱਛਣੀ ਮੇਰੇ ਸਿਰ ਦੇ ਸਾਈਆਂ...ਸਾਈਆਂ...। ਸਿਮਰ ਹਰਜੀਤ ਦੀ ਚਿਖਾ 'ਤੇ ਬੇਹੋਸ਼ ਹੋ ਡਿੱਗ ਪਈ। ਔਰਤਾਂ ਉਸ ਨੂੰ ਚਿਖਾ ਤੋਂ ਪਾਸੇ ਲੈ ਗਈਆਂ। ਜ਼ਮੀਨ 'ਤੇ ਲਿਟਾ ਕੇ ਹਵਾ ਦੀ ਝੱਲ ਮਾਰੀ ਜਾ ਰਹੀ ਸੀ। ਜਦੋਂ ਤੋਂ ਖਬਰ ਆਈ ਸੀ ਉਦੋਂ ਲਗਾਤਾਰ ਬੇਹੋਸ਼ੀ ਦੇ ਟੀਕੇ ਲਾਏ ਜਾ ਰਹੇ ਸਨ। ਅੱਜ ਸਵੇਰ ਤੋਂ ਟੀਕੇ ਘੱਟ ਲਾਏ ਗਏ ਸਨ ਤਾਂ ਕਿ ਉਹ ਆਪਣੇ ਪਤੀ ਦੀਆਂ ਅੰਤਿਮ ਰਸਮਾਂ ਆਪਣੀਆਂ ਅੱਖਾਂ ਨਾਲ ਵੇਖ ਸਕੇ। ਹੁਣ ਫੇਰ ਟੀਕੇ ਲਾਏ ਗਏ ਸਨ। ਬਿੱਟੂ ਹੋਰ ਔਰਤਾਂ ਕੋਲ ਚੁੱਕਿਆ ਹੋਇਆ ਸੀ, ਜੋ ਵਾਰ-ਵਾਰ ਡੁਸਕਦਾ ਆਪਣੀ ਮੰਮੀ ਕੋਲ ਜਾਣ ਦੀ ਜ਼ਿੱਦ ਕਰ ਰਿਹਾ ਸੀ। ਚਿਖਾ ਨੂੰ ਅੱਗ ਦੇਣ ਲੱਗਿਆ, ਹਰਜੀਤ ਦੇ ਪਿਤਾ ਦੇ ਹੱਥੋਂ ਤੀਲਾਂ ਵਾਲੀ ਡੱਬੀ ਡਿੱਗ ਪਈ ਸੀ। ਕੁਰਲਾ ਉਠਿਆ 'ਓਏ ਲੋਕੋ...ਕਿਹੜੇ ਦਿਲ ਦੇ ਨਾਲ ਜਿਗਰ ਦੇ ਟੋਟੇ ਨੂੰ ਲਾਂਬੂ ਲਾਵਾਂ...ਓਏ ਕਿਧਰ ਗਿਆ ਮੇਰਾ ਹਰਜੀਤ ਉਏ...ਕਿਹੜੇ ਅੰਨ੍ਹੇ ਖੂਹ ਨੇ ਖਾ ਲਿਆ ਤੈਨੂੰ ਓਏ ਮੇਰਿਆ ਹਰਜੀਤ ਪੁੱਤਾ..। ਨਾਲ ਦਿਆਂ ਬੰਦਿਆਂ ਨੇ ਕੰਬਦਿਆਂ ਹੱਥਾਂ ਨਾਲ ਚਿਖਾ ਨੂੰ ਅੱਗ ਦੇ ਦਿੱਤੀ।

ਦਸਾਂ ਦਿਨਾਂ 'ਤੇ ਭੋਗ ਪਾ ਦਿੱਤਾ ਗਿਆ। ਦੂਰੋਂ-ਨੇੜਿਓਂ ਲੋਕ ਪਹੁੰਚੇ ਸਨ। ਕੁਝ ਸਿਆਸੀ ਆਗੂ ਵੀ ਆਏ ਸਨ। ਸਾਰਿਆਂ ਨੇ ਸ਼ਰਧਾਜਲੀਆਂ ਦਿੱਤੀਆਂ। ਉਹ ਨਿਓਲੇ ਮੂੰਹਾ ਗੰਜਾ ਨੇਤਾ ਵੀ ਬੋਲਿਆ ਸੀ। ਬੜੇ ਲਹਿਜ਼ੇ ਨਾਲ ਉਸਨੇ ਜਹਾਂਗੀਰ ਬਾਦਸ਼ਾਹ ਦੇ ਲਫਜ ਬੋਲੇ ਸਨ। 'ਗਰ ਫਰਦੋਜ਼ ਬਾਰ-ਰੁ-ਏ ਜਮੀਂ ਅਸਤ, ਹਮੀ ਅਸਤੋ ਹਮੀਂ ਅਸਤੋ ਹਮੀ ਅਸਤੋ।' ਭਾਵ ਧਰਤੀ ਉਤੇ ਜੇ ਕੋਈ ਸਵਰਗ ਹੈ ਤਾਂ ਇਥੇ ਹੀ ਹੈ। ਹਰਜੀਤ ਦੇ ਹੌਸਲੇ ਦੇ ਸੂਰਬੀਰਤਾ ਦੇ ਗੁਣਗਾਣ ਕੀਤੇ ਗਏ। ਉਸ ਨੂੰ ਦੇਸ਼ ਦਾ ਮਹਾਨ ਸ਼ਹੀਦ ਕਰਾਰ ਦਿੱਤਾ ਗਿਆ।

ਅਖੇ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਨੇਤਾ ਜੀ ਨੇ ਸ਼ਹੀਦੋਂ ਕੀ ਚਿੰਤਾਓਂ ਪਰ ਲਗੇ ਹਰ ਬਰਸ ਮੇਲੇ' ਵਾਲੀਆਂ ਲਾਈਨਾਂ ਨਾਲ ਆਪਣਾ ਭਾਸ਼ਣ ਖਤਮ ਕੀਤਾ ਸੀ। ਹਰਜੀਤ ਦਾ ਪਿਤਾ ਦਿਨੋ-ਦਿਨ ਘਟਦਾ ਜਾ ਰਿਹਾ ਸੀ। ਧਾਰਮਿਕ ਅਕੀਦੇ ਵਾਲੇ ਮਨੁੱਖ ਵੀ ਜ਼ਿੰਦਗੀ ਵਿਚ ਹਾਰ ਮੰਨੀ ਬੈਠਾ ਸੀ। ਗਈ ਰਾਤ ਤੱਕ ਅਕਸਰ ਵਿਹੜੇ ਤੁਰਿਆ ਫਿਰਦਾ। ਹਰਜੀਤ ਦੀ ਮਾਂ ਨੇ ਰੋ-ਰੋਕ ਕੇ ਅੱਖਾਂ ਗੁਆ ਲਈਆਂ ਸਨ।

ਸਿਮਰ ਦਾ ਪਿਤਾ ਅਕਸਰ ਉਸਦੀ ਮਾਂ ਨਾਲ ਝੂਰਦਾ ਰਹਿੰਦਾ-'ਰੱਬ ਨੇ ਨਿਆ ਨ੍ਹੀ ਕੀਤਾ ਸਾਡੇ ਨਾਲ... ਐਡੀ ਨੇਕ ਧੀ.. ਤੇ ਕਿਸਮਤ ਐਨੀ ਮਾੜੀ...ਓ...ਹੋ...ਕੀ....ਕਰੂਗੀ ਸਾਰੀ ਉਮਰ...ਅਜੇ ਪਹਾੜ ਜਿੱਡੀ ਜ਼ਿੰਦਗੀ ਪਈ ਐ.. ਕੀ ਕਰੀਏ...ਕਿਧਰ ਜਾਈਏ..।' ਕਈ ਵਾਰ ਧਾਹ ਕੇ ਧੀ ਕੋਲ ਜਾ ਆਇਆ ਸੀ ਪਰ ਕੋਈ ਗੱਲ ਕਰਨ ਦਾ ਹੀਆਂ ਨਹੀਂ ਸੀ ਪਿਆ। ਦਿਲ ਦਾ ਦੁੱਖ ਦਿਲ ਵਿਚ ਲੈ ਕੇ ਮੁੜ ਆਉਂਦਾ ਰਿਹਾ ਸਿਆਣੇ ਕਹਿੰਦੇ ਐ...'ਜਿਹਦੀ ਧੀ ਦੁਖੀ ਉਹਦੀ ਕੁਲ ਦੁਖੀ'। ਸਿਮਰ ਦੀਆਂ ਸੋਚਾਂ ਵਿਚ ਫੇਰ ਉਹੀ ਨਿਓਲੇ-ਮੂੰਹੇ ਲੀਡਰ ਦੇ ਲਫਜ਼ ਵਧਾਣ ਵਾਂਗ ਵੱਜਣ ਲੱਗੇ। ' ਥੂ...ਜੇ ਹਜ਼ਾਰਾਂ ਸੁਹਾਗਣਾ ਦੇ ਸੁਹਾਗ ਖਾ ਜਾਣ ਵਾਲੀ ਇਹ ਧਰਤੀ ਸਵਰਗ ਹੈ ਤਾਂ ਫਿਰ ਨਰਕ ਕਿਸ ਨੂੰ ਕਹਿੰਦੇ ਹਨ। ਜੇ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਤਾਂ ਕੀ ਜਿਊਂਦੇ ਮਨੁੱਖ ਕੌਮ ਦਾ ਕਰਜ਼ਾ ਹਨ। ਸ਼ਹੀਦਾਂ ਦੀਆਂ ਚਿਤਾਵਾਂ 'ਤੇ ਮੇਲੇ ਲਾਉਣ ਵਾਲਿਆਂ ਨੂੰ ਇਹ ਅਹਿਸਾਸ ਕਿਉਂ ਨਹੀਂ ਹੁੰਦਾ ਕਿ ਜਿਸਦਾ ਮਰ ਜਾਂਦਾ ਹੈ ਉਸ ਦੇ ਮੇਲੇ ਤਾਂ ਸਦਾ-ਸਦਾ ਲਈ ਖਤਮ ਹੋ ਜਾਂਦੇ ਹਨ। ਉਨ੍ਹਾਂ ਲਈ ਤਾਂ ਜ਼ਿੰਦਗੀ ਦਾ ਹਰ ਪਲ ਅੰਤਿਮ ਅਰਦਾਸ ਵਰਗਾ ਹੁੰਦਾ ਹੈ।'

ਐਤਕੀਂ ਵਾਰ ਫੇਰ ਸਿਮਰ ਦਾ ਪਿਤਾ ਆਇਆ ਹੋਇਆ ਹੈ। ਸਿਮਰ ਦੀ ਮਾਂ ਨੇ ਤਾਕੀਦ ਕੀਤੀ ਸੀ ਕਿ ਐਤਕੀਂ ਜ਼ਰੂਰ ਹਰਜੀਤ ਦੇ ਪਿਤਾ ਨਾਲ ਕੋਈ ਗੱਲ ਕਰਕੇ ਆਵੇ। ਇਸ ਤਰ੍ਹਾਂ ਤਾਂ ਸਾਰੀ ਉਮਰ ਘੁਲ-ਘੁਲ ਕੇ ਮਰਨ ਵਾਲੀ ਗੱਲ ਐ। ਸਿਮਰ ਦੇ ਪਿਤਾ ਨੂੰ ਸਮਝ ਨਹੀਂ ਆਉਂਦੀ ਕਿ ਗੱਲ ਕਿਵੇਂ ਤੋਰੀ ਜਾਵੇ। ਹਰਜੀਤ ਦਾ ਪਿਤਾ ਹੀ ਉਸ ਦੀ ਮਾਨਸਿਕ ਹਾਲਤ ਵੇਖਦਿਆਂ ਫੁੱਟ ਪਿਆ..'ਬਾਈ ਉਜਾਗਰ ਸਿਆਂ, ਮੈਂ ਸਾਰੀ ਗੱਲ ਸਮਝਦੈਂ। ਜਦੋਂ ਕਿਸਮਤ ਹੀ ਹਾਰ ਜਾਵੇ ਤਾਂ ਬੰਦਾ ਕੀ ਕਰ ਸਕਦੈ। ਮੇਰੇ ਕਹਿਣ ਵਾਲੀ ਗੱਲ ਤਾਂ ਕੋਈ ਛੱਡੀ ਨ੍ਹੀ ਰੱਬ ਨੇ...ਮੈਂ ਕੀ ਕਹਾਂ..ਤੁਸੀਂ ਆਪਣੇ ਥਾਂ ਸੱਚੇ ਐਂ। ਦੋਵੇਂ ਕੁੜਮ ਭਿੱਜੀਆਂ ਅੱਖਾਂ ਨਾਲ ਮੰਜੇ 'ਤੇ ਬੈਠੇ ਸਨ। ਸਿਮਰ ਦੇ ਪਿਤਾ ਨੇ ਕਈ ਵਾਰ ਪਰਨੇ ਨਾਲ ਅੱਖਾਂ ਨੂੰ ਪੂੰਝਿਆ ਸੀ ਪਰ ਬੋਲ ਅਜੇ ਵੀ ਕੁਝ ਨਹੀਂ ਸੀ ਸਕਿਆ।

ਧਰਤੀ 'ਤੇ ਨਿਗਾਹ ਟਿਕਾਈ ਮੱਥੇ ਤੇ ਹੱਥ ਧਰੀ ਬੈਠਾ ਸੀ। ਦੂਜੇ ਕਮਰੇ ਵਿਚ ਬੈਠੀ ਸਿਮਰਜੀਤ ਭਾਂਪ ਗਈ ਸੀ ਕਿ ਕਿਸ ਵਿਸ਼ੇ 'ਤੇ ਗੱਲ ਹੋ ਰਹੀ ਹੈ। ਉਸ ਦੇ ਸਾਹਮਣੇ ਹੱਥੀਂ ਸ਼ਿੰਗਾਰਿਆ ਹਰਜੀਤ ਦਾ ਘਰ ਸੀ। ਉਸ ਨਾਲ ਬਿਤਾਏ ਦੋਸਤੀ ਦੇ ਪਲ ਸਨ। ਉਸ ਦੇ ਬੁੱਢੇ ਮਾਂ-ਬਾਪ ਸਨ। ਉਸ ਦੀ ਨਿਸ਼ਾਨੀ ਪੁੱਤਰ ਸੀ। ਦੂਜੇ ਪਾਸੇ ਆਉਣ ਵਾਲੇ ਸਮੇਂ ਵਿਚ ਆਉਣ ਵਾਲੀਆਂ ਸਮਾਜਿਕ, ਆਰਥਿਕ ਦੁਸ਼ਵਾਰੀਆਂ ਸਨ। ਦੁੱਖਾਂ ਭਰੀ ਪਹਾੜ ਜਿੱਡੀ ਜ਼ਿੰਦਗੀ ਸੀ। ਏਸੇ ਕਸ਼-ਮ-ਕਸ਼ ਵਿਚ ਅੱਖਾਂ ਵਿਚੋਂ ਹੰਝੂ ਸੁੱਟ ਰਹੀ ਸੀ। ਆਸਮਾਨ-ਪਾੜ੍ਹਵੀਂ ਇਕ ਲੰਬੀ ਚੀਕ ਉਹਦੇ ਮੂੰਹੋਂ ਨਿਕਲੀ, ਜਿਸ ਨਾਲ ਫਿਰ ਉਸਦੀ ਅੱਖ ਖੁੱਲ੍ਹ ਗਈ ਸੀ। ਚਾਰ ਚੁਫੇਰੇ ਵੇਖਿਆ ਤੇ ਭਰੀਆਂ ਅੱਖਾਂ ਨਾਲ ਉਸ ਨੇ ਫੇਰ ਬਿੱਟੂ ਨੂੰ ਗਲ ਨਾਲ ਲਾ ਲਿਆ।

ਵਿਅੰਗ

## ਰੈਡੀਮੇਡ ਲੀਡਰ ਤੇ ਖਾਨਦਾਨੀ ਲੀਡਰ



ਰੈਡੀਮੇਡ ਬਣੇ ਬਣਾਏ ਕੱਪੜਿਆਂ ਦਾ ਰਿਵਾਜ ਤਾਂ ਹੁਣ ਆ ਹੋ ਗਿਆ ਹੈ ਚਾਹੇ ਕਈ ਸਾਡੇ ਜਿਹੇ ਬੇਢੱਬੇ ਸਰੀਰਾਂ ਵਾਲਿਆਂ ਨੂੰ ਇਹ ਘੱਟ ਹੀ ਫਿੱਟ ਆਉਂਦੇ ਹਨ। ਫਲਸਰੂਪ ਦਰਜੀ ਨੂੰ ਮੇਚ ਦੇ ਕੇ ਹੀ ਕੱਪੜੇ ਬਣਾਉਣੇ ਪੈਂਦੇ ਹਨ। ਉਂਝ ਰੈਡੀਮੇਡ ਕੱਪੜਿਆਂ ਦਾ ਰਿਵਾਜ ਵੀ ਪੱਛਮੀ ਦੇਸ਼ਾਂ ਦੀ ਹੀ ਦੇਣ ਹੈ ਜਿਸ ਤਰ੍ਹਾਂ ਹੁਣ ਟੀ.ਵੀ. 'ਤੇ ਨੰਗੇਜਵਾਦ ਤੇ ਪੌਪ ਸੰਗੀਤ ਹਨ। ਸੱਚਮੁੱਚ ਸਮੇਂ ਦੇ ਰੰਗ ਨਿਆਰੇ ਹੁੰਦੇ ਹਨ। ਉਂਝ ਵੀ ਤਬਦੀਲੀ ਜੀਵਨ ਦੀ ਪ੍ਰਮੁੱਖ ਨਿਸ਼ਾਨੀ ਹੈ।

ਗੱਲ ਕਰਨੀ ਹੈ ਰੈਡੀਮੇਡ ਲੀਡਰ ਜਾਂ ਲੀਡਰਾਂ ਦੀ। ਖਾਨਦਾਨੀ ਲੀਡਰਾਂ ਨਾਲੋਂ ਇਹ ਕਈ ਕੇਸਾਂ ਵਿਚ ਵੱਖਰੇ ਹੁੰਦੇ ਹਨ, ਚਾਹੇ ਹੁੰਦੇ ਇਹ ਵੀ ਖਾਨਦਾਨ 'ਤੇ ਆਧਾਰਤ ਹੀ ਹਨ। ਕਿਸੇ ਵੇਲੇ ਖਾਨਦਾਨੀ ਹਕੀਮ ਮਸ਼ਹੂਰ ਹੋਇਆ ਕਰਦੇ ਸਨ। ਬਾਪ ਦੇ ਨਾਲ ਬੱਚੇ ਵੀ ਦਵਾਈਆਂ-ਬੂਟੀਆਂ ਤਿਆਰ ਕਰਨ ਤੇ ਦੇਣ ਵਿਚ ਰੁਝ ਜਾਇਆ ਕਰਦੇ ਸਨ। ਹੌਲੀ-ਹੌਲੀ ਸਾਲਾਂ ਬੱਧੀ ਤਜਰਬੇ ਦੇ ਆਧਾਰ 'ਤੇ ਬੱਚੇ ਪੂਰੀ ਹਿਕਮਤ ਕਰਨ ਯੋਗ ਹੋ ਜਾਇਆ ਕਰਦੇ ਸਨ। ਫਲਸਰੂਪ ਬਾਪ ਦੇ ਪਿਛੋਂ ਲੜਕਾ ਜਾਂ ਲੜਕੇ ਕੰਮ ਸੰਭਾਲ ਲੈਂਦੇ ਸਨ। ਪੀੜ੍ਹੀ-ਦਰ-ਪੀੜ੍ਹੀ ਇਹ ਕੰਮ ਚਲਦਾ ਰਹਿੰਦਾ ਸੀ। ਹੁਣ ਐਲੋਪੈਥੀ ਭਾਵ ਡਾਕਟਰੀ ਨੇ ਹਕੀਮ ਫਿੱਕੇ ਪਾ ਛੱਡੇ ਹਨ ਤੇ ਤੁਰਤ-ਫੁਰਤ ਆਰਾਮ ਤੋਂ ਉਪਰੰਤ ਆਪਰੇਸ਼ਨਾਂ ਦਾ ਦੌਰ ਆ ਗਿਆ ਹੈ। ਸੋ ਖਾਨਦਾਨੀ ਹਕੀਮ ਹੁਣ ਟਾਵੇਂ-ਟਾਵੇਂ ਹੀ ਰਹਿ ਗਏ ਹਨ। ਖਾਨਦਾਨੀ ਲੀਡਰ ਤਾਂ ਹੁਣ ਆਮ ਹੀ ਮਿਲਦੇ ਹਨ।

ਪਿਓ ਵਜ਼ੀਰ ਤੇ ਪੁੱਤ ਐੱਮ.ਐੱਲ ਏ ਜਾਂ ਪਿਓ ਪਾਰਟੀ ਪ੍ਰਧਾਨ ਤੇ ਪੁੱਤ ਸਕੱਤਰ ਦੇ ਕੇਸ ਆਮ ਹੀ ਹੋ ਗਏ ਹਨ। ਚਾਹੇ ਕਿਸੇ ਵੇਲੇ ਹੁਣ ਦੀ ਪੀੜ੍ਹੀ ਦੇ ਲੀਡਰ ਪੰਡਤ ਜਵਾਹਰ ਲਾਲ ਨੂੰ ਨਿੰਦਿਆ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਆਪਣੀ ਬੇਟੀ ਇੰਦਰਾ ਗਾਂਧੀ ਨੂੰ ਲੀਡਰੀ ਵੱਲ ਲਿਆਂਦਾ ਸੀ ਪਰ ਇਨਸਾਨ ਦੂਜੇ ਨੁਕਸ ਕੱਢਣ ਵਿਚ ਸ਼ੇਰ ਹੁੰਦਾ ਹੈ ਪਰ ਜਦੋਂ ਆਪਣੇ ਵਿਚ ਉਹੀ ਨੁਕਸ ਪੈ ਜਾਵੇ ਤਾਂ ਮਚਲਾ ਹੋ ਜਾਂਦਾ ਹੈ ਜਾਂ ਫਿਰ ਪੁੱਠੀਆਂ ਸਿੱਧੀਆਂ ਦਲੀਲਾਂ ਦੇ ਕੇ ਉਸ ਨੂੰ ਯੋਗ ਠਹਿਰਾਉਂਦਾ ਹੈ। ਜਿਸ ਤਰ੍ਹਾਂ ਕਈ ਸਤਿਕਾਰਯੋਗ ਨੇਤਾ ਕਹਿੰਦੇ ਹਨ ਕਿ ਜੇ ਡਾਕਟਰ ਦਾ ਪੁੱਤ ਡਾਕਟਰ ਬਣ ਸਕਦਾ ਹੈ ਤਾਂ ਸਿਆਸਤਦਾਨ ਉਰਫ ਲੀਡਰ ਦਾ ਪੁਤ ਲੀਡਰ ਜਾਂ ਸਿਆਸਤਦਾਨ ਕਿਉਂ ਨਹੀਂ ਬਣ ਸਕਦਾ ? ਇਨ੍ਹਾਂ ਪਿਓ ਦੇ ਸਿਰ 'ਤੇ ਬਣਿਆ ਲੀਡਰਾਂ ਵਿਚੋਂ ਕੁੱਝ ਤਾਂ ਹੌਲੀ-ਹੌਲੀ ਟੰਬੇ ਚੜ੍ਹਕੇ ਉਤਾਂਹ ਆਉਂਦੇ ਹਨ ਪਰ ਕਈ ਵਾਰ ਇਹ ਨਿਰੇ ਹੀ ਰੈਡੀਮੇਡ ਹੁੰਦੇ ਹਨ ਭਾਵ ਨਵੇਂ ਨਕੋਰ। ਜ਼ਿਆਦਾ ਕੇਸ ਤਾਂ ਅਜਿਹੇ ਉਹ ਹੁੰਦੇ ਹਨ ਜਿੱਥੇ ਬਾਪ ਜਾਂ ਮਾਂ ਦੀ ਮੌਤ ਹੋ ਜਾਵੇ ਥਾਂ ਖਾਲੀ ਹੋ ਜਾਵੇ। ਕਈ ਵਾਰ ਪਾਰਲੀਮੈਂਟ ਦੀ ਸੀਟ ਖਾਲੀ ਹੋ ਜਾਂਦੀ ਹੈ ਤੇ ਕਈ ਵਾਰ ਅਸੈਂਬਲੀ ਦੀ। ਸਾਡਾ ਚਰਿੱਤਰ ਭਾਵੁਕ ਵੱਧ ਹੈ ਤੇ ਬੌਧਿਕ ਘੱਟ।

ਸੋ ਫਟਾ-ਫਟ ਸਵਰਗਵਾਸੀ ਦੇ ਪੁੱਤ ਜਾਂ ਧੀ ਨੂੰ ਮੋਹਰੇ ਲਿਆਇਆ ਜਾਂਦਾ ਹੈ। ਚੋਣ ਲੜਾ ਕੇ ਉਸਨੂੰ ਜਿਤਾਇਆ ਜਾਂਦਾ ਹੈ। ਕੋਈ ਤਜਰਬਾ ਨਹੀਂ ਹੁੰਦਾ ਪਰ ਹਮਦਰਦੀ ਦੀ ਲਹਿਰ ਕਾਰਨ ਆਮ ਕਰਕੇ ਲੋਕ ਵੀ ਵੋਟਾਂ ਪਾ ਕੇ ਜਿਤਾ ਦਿੰਦੇ ਹਨ। ਅਜਿਹੇ ਕੇਸ ਸ਼ੁੱਧ ਰੈਡੀਮੇਡ ਲੀਡਰੀ ਦੇ ਹੁੰਦੇ ਹਨ। ਹਾਂ, ਆਧਾਰ ਇਨ੍ਹਾਂ ਦਾ ਵੀ ਖਾਨਦਾਨੀ ਹੀ ਹੁੰਦਾ ਹੈ। ਇਸ ਤੋਂ ਉਪਰੰਤ ਅਨੇਕਾਂ ਮੰਤਰੀਆਂ ਦੇ ਕਾਕਿਆਂ ਨੂੰ ਪਾਰਟੀ ਦਾ ਸਕੱਤਰ ਬਣਾ ਦਿੱਤਾ ਜਾਂਦਾ ਹੈ ਜਾਂ ਫਿਰ ਯੂਥ ਵਿੰਗ ਦੀ ਪ੍ਰਧਾਨਗੀ ਤਾਂ ਵੱਟ 'ਤੇ ਪਈ ਹੀ ਹੁੰਦੀ ਹੈ। ਇਸ ਵਬਾ ਜਾਂ ਰੁਝਾਨ ਤੋਂ ਕਾਮਰੇਡ ਕਾਫੀ ਹੱਦ ਤੱਕ ਬਚੇ ਹੋਏ ਹਨ। ਬਾਕੀ ਪਾਰਟੀਆਂ ਤਾਂ ਖਾਨਦਾਨੀ ਲੀਡਰ ਪੈਦਾ ਕਰ ਹੀ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕਈ ਨਿਰੇ ਰੈਡੀਮੇਡ ਹੀ ਹੁੰਦੇ ਹਨ ਭਾਵ ਭੋਰਾ ਘਸੇ ਨਹੀਂ ਹੁੰਦੇ। ਦੂਜੇ ਸ਼ਬਦਾਂ ਵਿਚ ਤਜਰਬੇ ਤੋਂ ਰਹਿਤ ਹੁੰਦੇ ਹਨ। ਪਾਰਟੀਆਂ ਦੇ ਹੰਢੇ ਹੋਏ ਕਾਰਜ ਕਰਤਾਵਾਂ ਦੀ ਹਾਲਤ 'ਕਾਰਵਾਂ ਗੁਜ਼ਰ ਗਿਆ, ਗੁਬਾਰ ਦੇਖਤੇ ਰਹੇ' ਵਾਲੀ ਹੁੰਦੀ ਹੈ।

ਸਪਸ਼ਟ ਹੈ ਕਿ ਪਾਰਟੀਆਂ ਲਈ 'ਸਾਲਾ ਬੱਧੀ' ਕੰਮ ਕਰਨ ਵਾਲੇ ਲੋਕ ਪਿਛੇ ਰਹਿ ਜਾਂਦੇ ਹਨ ਤੇ ਰੈਡੀਮੇਡ ਲੀਡਰ ਅਗਾਂਹ ਲੰਘ ਜਾਂਦੇ ਹਨ। ਸਿਆਸੀ ਯੋਧਿਆਂ ਨੂੰ ਇਹ ਪੱਖ ਵਿਚਾਰ ਕੇ ਚੱਲਣਾ ਚਾਹੀਦਾ ਹੈ। ਸੋ ਰੈਡੀਮੇਡ ਲੀਡਰ ਹਿਸਾਬ ਨਾਲ ਹੀ ਅੱਗੇ ਲਿਆਉਣੇ ਚਾਹੀਦੇ ਹਨ। ਇਹ ਕਈ ਤਜਰਬੇਦਾਰਾਂ ਦਾ ਹੱਕ ਮਾਰ ਲੈਂਦੇ ਹਨ ਜੋ ਸਾਡੇ ਸਿਆਸੀ ਢਾਂਚੇ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਸੋ ਬਾ ਮੁਲਾਹਜ਼ਾ ਹੋਸ਼ਿਆਰ।

-ਰਜਿੰਦਰ ਪਾਲ ਸ਼ਰਮਾ

ਕਾਵਿ-ਰਚਨਾ

### ਗਜ਼ਲਾਂ

ਸ਼ੀਸ਼ੇ 'ਤੇ ਖਿੜਦੇ ਫੁੱਲ ਉਹ ਬਹਿ ਕੇ ਨਿਹਾਰਦਾ।
ਸਕਰੀਨ ਸੇਵਰ 'ਚੋਂ ਭਰਮ ਪਾਲੇ ਬਹਾਰ ਦਾ।
ਬੰਦੂਕ ਫੜ ਕੇ ਮੈਂ ਨਹੀਂ ਜਦ ਕੁਝ ਵਿਚਾਰਦਾ।
ਤਾਂ ਫਰਕ ਕੀ ਗੋਲੀ ਨੂੰ ਪੈਣਾ ਆਰ ਪਾਰ ਦਾ।
ਮੱਥੇ 'ਤੇ ਭਾਵੇਂ ਬੀਨ ਦਾ 'ਟੈਟੂ' ਬਣਾ ਲਿਆ,
ਹਾਲੇ ਵੀ ਮੇਰੇ ਦਿਲ 'ਚ ਸੱਪ ਫੰਨ ਖਿਲਾਰਦਾ।
ਮਰਦੇ ਮਿਰਗ ਦੀ ਚੀਕ ਵੀ ਕਰਦਾ ਰਿਹਾ ਰਿਕਾਰਡ,
ਐਸਾ ਅਵੱਲਾ ਸ਼ੌਕ ਸੀ ਉਸ ਨੂੰ ਸ਼ਿਕਾਰ ਦਾ।
ਕੱਖਾਂ ਦੀ ਕੁੱਲੀ ਸੜ ਗਈ ਸੀ ਆਲ੍ਹਣੇ ਸਮੇਤ,
ਚੇਤੇ 'ਚ ਮੇਰੇ ਜੰਮ ਗਿਆ ਚੱਲਣਾ ਅਨਾਰ ਦਾ।
ਮਾਂ ਧਰਤ ਧੋ ਕੇ ਫੇਰ ਸਾਵਾ ਰੰਗ ਰੰਗਦੀ,
ਵਣ-ਪੁੱਤਰ ਜਦ ਪੀਲੇ ਹੋਏ ਵਸਤਰ ਉਤਾਰਦਾ।
ਬਸ ਤਾੜੀਆਂ ਦੀ ਗੂੰਜ ਸੀ, ਪੌਣਾਂ 'ਚ ਰਲ ਗਈ,
ਤੱਕਿਐ 'ਸੁਰਿੰਦਰ' ਡਿੱਗਣਾ ਇਕ ਸ਼ਾਹਸਵਾਰ ਦਾ।

✿ ✿ ✿ ✿ ✿

ਇਹ ਕਿਹੜੇ ਗੁਨਾਹ ਦੀ ਸਜ਼ਾ ਭੋਗਦੇ ਨੇ।
ਪਰਿੰਦੇ ਪਰਾਂ ਤੋਂ ਬਿਨਾਂ ਉਡ ਰਹੇ ਨੇ।
ਤੁਸੀਂ ਕਵਚ ਪਾਵੋ, ਬੰਦੂਕਾਂ ਵੀ ਰੱਖੋ,
ਅਸੀਸਾਂ ਦੇ ਸਾਨੂੰ ਬਹੁਤ ਆਸਰੇ ਨੇ।
ਗਏ ਘਰ ਦੇ ਘੜਿਆਂ ਲਈ ਲੈਣ ਪਾਣੀ,
ਉਹ ਬੱਦਲ, ਸਮੁੰਦਰਾਂ 'ਚ ਮਰ ਖਪ ਗਏ ਨੇ।
ਵਧੀ ਜਾ ਰਹੇ, ਸੱਥ 'ਚ ਭੱਖੜਾ ਤੇ ਪੋਹਲੀ,
ਉਹ ਬੋਹੜਾਂ ਜਿਹੇ ਲੋਕ ਕਿਧਰ ਗਏ ਨੇ।
ਟਿਕਾ ਮੋਮ ਦੀ ਮੂਰਤੀ ਅੱਗ ਸਾਹਵੇਂ,
ਇਹ ਪਿਘਲੇ ਨਾ ਹੁਣ ਉਹ ਦੁਆ ਮੰਗਦੇ ਨੇ।
ਪਵੇਗਾ ਹੁਣੇ ਰੁੱਖ ਦੀ ਮਿਹਨਤ 'ਤੇ ਡਾਕਾ,
ਫਲਾਂ ਦੇ ਵਪਾਰੀ ਇੱਧਰ ਆ ਰਹੇ ਨੇ।
ਵਲੀ ਤਾਰ ਕੰਡਿਆਂ ਦੀ ਜਿਸ ਦੇ ਦੁਆਲੇ,
ਮਿਰੇ ਫੁੱਲ ਖਿੜੇ ਵੀ ਤਾਂ ਕਿਸ ਸ਼ਾਖ 'ਤੇ ਨੇ।

✿ ✿ ✿ ✿ ✿

ਮਿੰਨੀ ਕਹਾਣੀ

### ਸੋਧ

ਪ੍ਰਿੰਸੀਪਲ ਸਾਹਿਬ ਦਫਤਰ ਵਿਚ ਬੈਠੇ ਸਨ ਤਾਂ ਇਕ ਪਬਲਿਸ਼ਰ ਆਪਣੀ ਕੈਮਿਸਟਰੀ ਦੀ ਨਵੀਂ ਛਪੀ ਕਿਤਾਬ ਲੈ ਕੇ ਆਇਆ। ਕਿਤਾਬ ਦੀਆਂ ਉਸ ਨੇ ਕਈ ਸਿਫਤਾਂ ਕੀਤੀਆਂ। ਪ੍ਰਿੰਸੀਪਲ ਨੇ ਕਿਤਾਬ ਫੜੀ ਤੇ ਕਿਤਾਬ ਦੇ ਵਿਚੋਂ ਵਿਚੋਂ ਕਈ ਸਫੇ ਉਲਟਾ-ਪੁਲਟਾ ਕੇ ਸਰਸਰੀ ਜਿਹੀ ਨਜ਼ਰ ਮਾਰੀ। ਫਿਰ ਕਹਿਣ ਲੱਗਾ ਮੈਨੂੰ ਇਹ ਕਿਤਾਬ ਕੁਝ ਚੰਗੀ ਨਹੀਂ ਲੱਗੀ। ਇਸ ਵਿਚ ਕਾਫੀ ਗਲਤੀਆਂ ਹਨ। ਦੋ-ਤਿੰਨ ਦਿਨਾਂ ਬਾਅਦ ਪਬਲਿਸ਼ਰ ਫਿਰ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਆ ਗਿਆ ਅਤੇ ਉਹੋ ਕਿਤਾਬ ਫੜਾ ਕੇ ਕਹਿਣ ਲੱਗਾ, 'ਪ੍ਰਿੰਸੀਪਲ ਸਾਹਿਬ, ਜ਼ਰਾ ਹੁਣ ਝਾਤੀ ਮਾਰੋ। ਗਲਤੀਆਂ ਸੋਧ ਦਿੱਤੀਆਂ ਗਈਆਂ ਹਨ।' ਪ੍ਰਿੰਸੀਪਲ ਨੇ ਕਿਤਾਬ ਖੋਲ੍ਹੀ ਤੇ ਸਫੇ ਪਲਟਾ ਕੇ ਦੇਖਿਆ। ਚਾਰ ਵੱਖ-ਵੱਖ ਥਾਵਾਂ 'ਤੇ ਸੌ-ਸੌ ਦੇ ਨੋਟ ਪਏ ਹੋਏ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ ਮੈਂ ਸਬੰਧਤ ਟੀਚਰ ਨੂੰ ਕਿਤਾਬ ਲਗਾਉਣ ਲਈ ਕਹਿ ਦੇਵਾਂਗਾ। ਪਰਸੋਂ ਆ ਕੇ ਆਰਡਰ ਲੈ ਜਾਣਾ।

-ਏ. ਐਸ. ਦੀਪਕ

## ਬਿਜਲੀ ਫ੍ਰੀ, ਪਾਣੀ ਫ੍ਰੀ, ਸੀਵਰੇਜ ਫ੍ਰੀ....

ਦੋ ਕੁ ਸਾਲਾਂ ਦੀ ਗੱਲ ਹੈ ਕਿ ਇਕ ਪਿੰਡ ਵਿਚ ਮੰਤਰੀ ਜੀ ਚੌਵੀਂ ਘੰਟੇ ਬਿਜਲੀ ਸਪਲਾਈ ਦੇ ਨੀਂਹ ਪੱਥਰ ਦਾ ਉਦਘਾਟਨ ਕਰਕੇ ਗਏ। ਪਿੰਡ ਵਾਲਿਆਂ ਨੇ ਪਹਿਲਾਂ ਤਾਂ ਬਿਜਲੀ ਦਫਤਰ ਦੇ ਸੌ ਕੁ ਗੇੜੇ ਮਾਰੇ , ਫਿਰ ਸਾਰੇ ਕਾਗਜ਼ ਪੂਰੇ ਕੀਤੇ, ਲੋੜੀਂਦੀ ਫੀਸ ਭਰੀ ਤੇ ਫਿਰ ਉਹ ਸੁਲੱਖਣਾ ਦਿਨ ਆਇਆ ਜਦੋਂ ਵਿਭਾਗ ਨੇ ਉਸ ਪਿੰਡ ਨੂੰ ਚੌਵੀ ਘੰਟੇ ਬਿਜਲੀ ਸਪਲਾਈ ਸਬੰਧੀ ਪ੍ਰਵਾਨਗੀ ਦੇ ਦਿੱਤੀ। ਪਿੰਡ ਵਾਲੇ ਬੜੇ ਖੁਸ਼ ਹੋਏ। ਪਿੰਡ ਦੇ ਛੁਟ ਭਈਏ ਨੇਤਾਵਾਂ ਨੇ ਤਾਂ ਇਲਾਕੇ ਦੇ ਮੰਤਰੀ ਜੀ ਨੂੰ ਨੀਂਹ ਪੱਥਰ ਤੋਂ ਪਰਦਾ ਹਟਾਉਣ ਲਈ ਇਕ ਸਮਾਗਮ ਰੱਖ ਕੇ ਸੱਦਿਆ। ਖੈਰ ਮੰਤਰੀ ਜੀ ਹਾਲੇ ਪਿੰਡੋਂ ਨਿਕਲੇ ਹੀ ਸਨ ਕਿ ਬਿਜਲੀ ਵੀ ਨਾਲ ਹੀ ਲੈ ਗਏ। ਉਸ ਤੋਂ ਬਾਅਦ ਫਿਰ ਉਹੀ ਪਹਿਲਾਂ ਵਾਲਾ ਹਾਲ। ਆਖਰ ਗਰਮੀ ਅਤੇ ਮੱਛਰਾਂ ਦੇ ਸਤਾਏ ਲੋਕ ਮਹੀਨੇ ਕੁ ਮਗਰੋਂ ਮੰਤਰੀ ਜੀ ਕੋਲ ਗਏ ਤਾਂ ਮੰਤਰੀ ਜੀ ਨੇ ਪਤਾ ਕੀ ਜਵਾਬ ਦਿੱਤਾ, "ਓ ਭਲਿਓ ਲੋਕੋ ਅਸੀਂ ਦਿਹਾੜੀ ਵਿਚ ਚੌਵੀ ਘੰਟੇ ਨਹੀਂ ਸਗੋਂ ਮਹੀਨੇ ਵਿਚ ਚੌਵੀਂ ਘੰਟੇ ਬਿਜਲੀ ਸਪਲਾਈ ਦਾ ਨੀਂਹ ਪੱਥਰ ਰੱਖ ਕੇ ਆਏ ਹਾਂ। ਬਾਕੀ ਤੁਹਾਨੂੰ ਕੋਈ ਸ਼ੱਕ ਹੈ ਤਾਂ ਮੁੱਖ ਮੰਤਰੀ ਜੀ ਨਾਲ ਗੱਲ ਕਰ ਲਓ।" ਤੇ ਪਿੰਡ ਵਾਲੇ ਮੂੰਹ ਲਟਕਾ ਕੇ ਵਾਪਸ ਤੁਰ ਆਏ।

ਖੈਰ ਇਹ ਤਾਂ ਸਮਝੋ ਇਕ ਚੁਟਕਲਾ ਹੀ ਸੀ ਜਿਸਨੂੰ ਬੜਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਹੁਣ ਆਉਂਦੇ ਹਾਂ ਅਸਲੀ ਗੱਲ 'ਤੇ । ਸਰਕਾਰ ਨੇ ਸਾਢੇ ਚਾਰ ਸਾਲ ਦੇ ਲਾਰਿਆਂ ਤੋਂ ਬਾਅਦ ਮੋਟਰਾਂ ਦੀ ਬਿਜਲੀ ਆਖਿਰ ਫ੍ਰੀ ਕਰ ਹੀ ਦਿੱਤੀ।

ਮੋਟਰਾਂ ਦੀ ਬਿਜਲੀ ਫ੍ਰੀ ਕੀ ਹੋਈ, ਰਿਹਾਇਸ਼ੀ ਘਰਾਂ ਤੇ ਖਾਸ ਕਰਕੇ ਸ਼ਹਿਰੀਆਂ ਨੂੰ ਤਾਂ ਪਿੱਸੂ ਹੀ ਪੈ ਗਏ। ਉਹ ਵੀ ਇਕ ਵਫਦ ਦੇ ਰੂਪ ਵਿਚ ਮੰਤਰੀ ਜੀ ਨੇ ਕਿਹਾ "ਤਥਾਅਸਤੂ, ਜਾਓ ਬੱਚਾ, ਅੱਜ ਤੋਂ ਸਾਰੇ ਘਰਾਂ, ਦੁਕਾਨਾਂ, ਫੈਕਟਰੀਆਂ, ਹਸਪਤਾਲਾਂ ਦੀ ਬਿਜਲੀ ਵੀ ਫ੍ਰੀ।" ਅਸਲ ਵਿਚ ਉਨ੍ਹਾਂ ਦਾ ਕਹਿਣ ਦਾ ਮਤਲਬ ਸੀ ਕਿ ਹੁਣ ਬਿਜਲੀ ਹੀ ਨਹੀਂ ਆਉਣੀ।

ਇਸ ਲਈ ਬਿੱਲ ਵੀ ਨਹੀਂ ਆਉਣੇ ਤਾਂ ਬਿਜਲੀ ਤਾਂ ਆਪੇ ਹੀ ਫ੍ਰੀ ਹੋ ਹੀ ਗਈ। ਹੁਣ ਇਕ ਨਵੇਂ ਸ਼ੋਸ਼ੇ ਅਨੁਸਾਰ ਸਰਕਾਰਾਂ ਨੇ ਪੰਜ ਮਰਲੇ ਤੱਕ ਦੇ ਘਰਾਂ ਦੇ ਪਾਣੀ ਤੇ ਸੀਵਰੇਜ ਦੇ ਬਿੱਲ ਵੀ ਮਾਫ ਕਰ ਦਿੱਤੇ ਹਨ। ਹਾਂ ਬਈ, ਸਰਕਾਰ ਸਿਆਣੀ ਹੈ, ਉਸਨੂੰ ਪਤਾ ਹੈ ਕਿ ਬਿਜਲੀ ਹੀ ਨਹੀਂ ਤਾਂ ਜਲ ਸਪਲਾਈ ਦੀ ਮੋਟਰ ਕਿਵੇਂ ਚੱਲੂਗੀ। ਜੇ ਮੋਟਰ ਨਾ ਚੱਲੀ ਤਾਂ ਘਰਾਂ ਦਾ ਪਾਣੀ ਕਿਵੇਂ ਜਾਊਂਗਾ ਤੇ ਪਾਣੀ ਹੀ ਨਾ ਪਹੁੰਚਿਆ ਤਾਂ ਪਾਣੀ ਦਾ ਬਿੱਲ ਵੀ ਨਹੀਂ ਆਵੇਗਾ। ਫਿਰ ਪਾਣੀ ਹੋ ਗਿਆ ਨਾ ਫ੍ਰੀ। ਇਸੇ ਤਰ੍ਹਾਂ ਨਿਗਮਾਂ ਦੀਆਂ ਗ੍ਰਾਂਟਾਂ ਬੰਦ ਕਰ ਦਿੱਤੀਆਂ ਜੇ ਕੋਈ ਪੈਸਾ ਆਉਂਦਾ ਵੀ ਹੈ ਤਾਂ ਕੌਂਸਲ ਦੇ ਮੈਂਬਰ ਤੇ ਪ੍ਰਧਾਨ ਮਿਲ ਮਿਲਾ ਕੇ ਪਹਿਲਾਂ ਹੀ ਛੱਕ ਜਾਂਦੇ ਹਨ। ਫਿਰ ਸੀਵਰੇਜ ਬੰਦ, ਸੀਵਰੇਜ ਦਾ ਪਾਣੀ ਪੀਣ ਵਾਲੀਆਂ ਟੂਟੀਆਂ ਤੇ ਨਾਲੀਆਂ ਰਾਹੀਂ ਬੈਕ ਮਾਰ ਕੇ ਘਰਾਂ ਵਿਚ ਵਾਪਸ ਹੋ ਗਿਆ ਨਾ ਸੀਵਰੇਜ ਫ੍ਰੀ ਹੁਣ ਇਕ ਹੋਰ ਨਵਾਂ ਸ਼ੋਸ਼ਾ.... ਕਹਿੰਦੇ ਬਿਜਲੀ ਪੈਟਰੋਲ ਤੇ ਸ਼ਰਾਬ ਤੋਂ ਚੁੰਗੀ ਵੀ ਫ੍ਰੀ.... ਬਈ ਸਰਕਾਰੇ, ਪਿਆਕੜਾਂ ਦਾ ਵੀ ਮਾੜਾ ਮੋਟਾ ਧਿਆਨ ਰੱਖ ਲੈਂਦੀ, ਵੋਟਾਂ ਤਾਂ ਆਖਿਰ ਦਾਰੂ ਪਿਲਾਉਣ 'ਤੇ ਹੀ ਪੈਣੀਆਂ ਹਨ। ਫਿਰ ਸ਼ਰਾਬ 'ਤੇ ਚੁੰਗੀ ਕਿਉਂ ਨਹੀਂ ਫ੍ਰੀ। ਪੈਟਰੋਲ ਜੋਗੇ ਗਰੀਬਾਂ ਕੋਲ ਪੈਸੇ ਹੀ ਨਹੀਂ.... ਤੇ ਹੋ ਗਈ ਨਾ ਪੈਟਰੋਲ ਤੇ ਚੂੰਗੀ ਵੀ ਫ੍ਰੀ। ਵਾਹ ਮੇਰੀ ਏ ਸਰਕਾਰੇ ਹੋਰ ਨਾ ਲਾਈਂ ਲਾਰੇ....

-ਅਰਵਿੰਦਰ ਸਿੰਘ ਕੋਹਲੀ

ਮਿੰਨੀ ਕਹਾਣੀ

### ਜਿੱਤ

ਥਾਣੇਦਾਰ ਦੇ ਹੱਥੋਂ ਬੁਰੀ ਤਰ੍ਹਾਂ ਕੁੱਟ ਖਾਣ ਦੇ ਬਾਵਜੂਦ ਉਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਚੋਰੀ ਉਸ ਨੇ ਕੀਤੀ ਹੈ। ਥਾਣੇਦਾਰ ਉਸ ਨੂੰ ਤਸੀਹੇ ਦੇ ਦੇ ਕੇ ਥੱਕ ਗਿਆ ਸੀ, ਪਰ ਉਸ ਦੀ ਇਕੋ ਰੱਟ ਸੀ, "ਨਹੀਂ ਥਾਣੇਦਾਰ ਸਾਹਿਬ! ਮੈਂ ਬੇਕਸੂਰ ਹਾਂ। ਮੇਰਾ ਯਕੀਨ ਕਰੋ। ਮੈਂ ਆਪਣੀਆਂ ਅੱਖਾਂ ਨਾਲ ਵੱਡੇ ਸਾਬ ਦੇ ਬੇਟੇ ਨੂੰ ਚੋਰੀ ਕਰਦੇ ਵੇਖਿਆ ਸੀ। ਅਸਲ ਵਿਚ ਮੁਜਰਿਮ ਮੈਂ ਨਹੀਂ, ਵੱਡੇ ਸਾਬ ਦਾ ਬੇਟਾ..!"

"ਕੀ ਬਕਦੈਂ ਓਏ ? ਇਸ ਵਾਰ ਥਾਣੇਦਾਰ ਦੀ ਬੋਹੜ ਨਾਲ ਸਾਰਾ ਥਾਣਾ ਗੂੰਜ ਪਿਆ। "ਤੇਰੀ ਇਹ ਮਜਾਲ ? ਵੱਡੇ ਸਾਹਿਬ ਦੇ ਬੇਟੇ 'ਤੇ ਇਲਜ਼ਾਮ ਲਾਉਂਦਾ ਏ ?" ਕਹਿੰਦਾ ਹੋਇਆ ਥਾਣੇਦਾਰ ਹਵਾਲਦਾਰ ਵੱਲ ਮੁੜਿਆ ਅਤੇ ਬੋਲਿਆ, "ਜਾ ਓਏ ਹੌਲਦਾਰਾ! ਇਸ ਨੇ ਐਂ ਨੀ ਮੰਨਣਾ। ਜਾ ਕੇ ਇਸ ਦੀ ਘਰਵਾਲੀ ਤੇ ਲੜਕੀ ਨੂੰ ਚੁੱਕੇ ਕੇ ਇਥੇ..।"

-ਪ੍ਰਵੀਨ ਮਲਿਕ

## ਮੜ੍ਹੀਆਂ ਤੱਕ

ਮੁਲਾਜ਼ਮਾਂ ਦੇ ਇਕ ਸਥਾਨਕ ਆਗੂ ਦੀ ਮੌਤ ਹੋ ਗਈ। ਇਹ ਆਗੂ ਆਪਣੇ ਇਲਾਕੇ ਵਿਚ ਬਹੁਤ ਹਰਮਨ-ਪਿਆਰਾ ਸੀ। ਉਸ ਦੇ ਸਸਕਾਰ ਅਤੇ ਫਿਰ ਸ਼ੋਕ ਸਮਾਗਮ 'ਤੇ ਵਿਸ਼ਾਲ ਇਕੱਠ ਹੋਇਆ। ਸ਼ੋਕ ਸਮਾਗਮ 'ਚ ਆਲੇ-ਦੁਆਲੇ ਦੇ ਅਧਿਆਪਕਾਂ, ਕਰਮਚਾਰੀਆਂ ਤੋਂ ਇਲਾਵਾ ਪਿੰਡਾਂ ਦੇ ਬਲਾਕ ਸਮਿਤੀ ਮੈਂਬਰਾਂ ਅਤੇ ਕਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਮ੍ਰਿਤਕ ਦੇ ਵਿਭਾਗ ਦਾ ਡਿਪਟੀ ਡਾਇਰੈਕਟਰ ਵੀ ਪਹੁੰਚਿਆ ਹੋਇਆ ਸੀ। ਇਸ ਸ਼ੋਕ ਸਮਾਗਮ ਦੀ ਖਬਰ ਸਾਰੇ ਅਖਬਾਰਾਂ 'ਚ ਅਜਿਹੇ ਜਿਹੜੇ ਖੱਬੀ ਸੋਚ ਨਾਲ ਸਬੰਧਤ ਸਨ, ਉਨ੍ਹਾਂ ਨੂੰ ਵੀ ਖਬਰਾਂ ਭੇਜੀਆਂ ਗਈਆਂ। ਲਗਭੱਗ ਸਾਰੇ ਅਖਬਾਰਾਂ ਨੇ ਇਹ ਖਬਰਾਂ ਛਾਪੀਆਂ। ਕੁਝ ਇਕ ਅਖਬਾਰਾਂ ਨੇ ਤਾਂ ਮ੍ਰਿਤਕ ਆਗੂ ਦੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ ਨਾਲ ਉਸ ਦੀ ਫੋਟੋ ਵੀ ਛਾਪੀ। ਪਰ ਉਦੋਂ ਸਭ ਨੂੰ ਹੈਰਾਨੀ ਹੋਈ ਜਦੋਂ ਇਕ ਖੱਬੀ ਸੋਚ ਵਾਲੇ ਅਖਬਾਰ ਨੇ ਨਾ ਤਾਂ ਉਸ ਦੀ ਸਸਕਾਰ ਦੀ ਖਬਰ ਛਾਪੀ ਤੇ ਨਾ ਹੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ, ਹਾਲਾਂਕਿ ਉਹ ਆਗੂ ਇਸ ਅਖਬਾਰ ਦੀ ਸੋਚ ਨਾਲ ਸਬੰਧਤ ਮੁਲਾਜ਼ਮ ਫੈਡਰੇਸ਼ਨ ਦਾ ਆਗੂ ਸੀ। ਅਸਲ ਵਿਚ ਡੈਸਕ ਦੀ ਕਮਾਨ ਸੰਭਾਲਣ ਵਾਲੇ ਪੱਤਰਕਾਰ ਨੂੰ ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਇਹ ਤਸਦੀਕ ਨਹੀਂ ਹੋ ਸਕੀ ਕਿ ਮ੍ਰਿਤਕ ਆਗੂ ਉਨ੍ਹਾਂ ਦੀ ਅਖਬਾਰ ਦੀ ਸੋਚ ਨਾਲ ਸਬੰਧਤ ਫੈਡਰੇਸ਼ਨ ਦਾ ਆਗੂ ਸੀ ਜਾਂ ਹੁਣੇ-ਹੁਣੇ ਉਨ੍ਹਾਂ ਨਾਲੋਂ ਵੱਖ ਹੋਈ ਫੈਡਰੇਸ਼ਨ ਵਿਚ ਚਲਾ ਗਿਆ ਸੀ।

## ਸੰਪਾਦਕੀ

### ਸੁਪਰੀਮ ਕੋਰਟ ਵੱਲੋਂ ਸਮਲਿੰਗੀ ਜੋੜਿਆਂ ਨੂੰ ਦੇਸ਼ 'ਚ ਕਿਤੇ ਵੀ ਵਿਆਹ ਕਰਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ

ਪੰਜਾਬ 'ਚ ਨਿੱਘਰਦਾ ਲਿੰਗ ਅਨੁਪਾਤ ਤੇ ਨਾਲ ਹੀ ਸੁਪਰੀਮ ਕੋਰਟ ਵੱਲੋਂ ਸਮਲਿੰਗੀ ਜੋੜਿਆਂ ਨੂੰ ਦੇਸ਼ 'ਚ ਕਿਤੇ ਵੀ ਵਿਆਹ ਕਰਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ, ਉੱਪਰੋਂ-ਉੱਪਰੋਂ ਸ਼ਾਇਦ ਅਲਹਿਦਾ ਤੇ ਇੱਕ-ਦੂਜੇ ਤੋਂ ਵੱਖਰੀਆਂ ਲੱਗਦੀਆਂ ਹੋਣ ਪਰ ਇਨ੍ਹਾਂ ਨੂੰ ਨੇੜਿਓਂ ਦੇਖਣਾ ਇਹ ਇੱਕ ਤਰ੍ਹਾਂ ਦੀ ਉਲਝੀ ਤਾਣੀ ਹੈ ਜਿਹੜੀ ਦੋਵਾਂ ਨੂੰ ਜੋੜਦੀ ਹੈ; ਕੁਝ ਹੈ ਜਿਹੜਾ ਚੋਣ ਕਰਨ ਦੇ ਵਿਚਾਰ ਦਾ ਵਿਰੋਧ ਕਰਦਾ ਹੈ। ਤੁਸੀਂ ਕੀ ਪਹਿਨਦੇ ਹੋ, ਤੁਸੀਂ ਕਿਸ ਨਾਲ ਬਾਹਰ ਜਾਂਦੇ ਹੋ, ਕਿਸ ਨੂੰ ਵੋਟ ਪਾਉਂਦੇ ਹੋ, ਕੀ ਖਾਂਦੇ ਹੋ, ਕਿਸ ਨਾਲ ਤੇ ਕਿਸ ਤਰ੍ਹਾਂ ਅਤੇ ਕਦੋਂ ਤੇ ਕਿਉਂ ਤੁਹਾਨੂੰ ਉਸ ਨਾਲ ਵਿਆਹ ਕਰਾਉਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਕਰਾਉਣਾ ਚਾਹੁੰਦੇ ਹੋ ਸ਼ਾਇਦ ਇਹ ਸਭ ਇਸ ਨਾਲ ਸ਼ੁਰੂ ਹੁੰਦਾ ਹੈ- ਕੀ ਤੁਸੀਂ ਆਪਣੀ ਲੜਕੀ ਦੇ ਭਰੂਣ ਨੂੰ ਪੂਰਾ ਵਿਕਸਿਤ ਹੋ ਕੇ ਸੰਪੂਰਨ ਬੱਚੀ ਵਜੋਂ ਜਨਮ ਲੈਣ ਦਿੱਤਾ ਹੈ ? ਸਚਾਈ ਇਹ ਹੈ ਕਿ ਇਹ ਦੋਵੇਂ ਖ਼ਬਰਾਂ ਕਿਸੇ ਨੂੰ ਵੱਸ ਵਿੱਚ ਕਰ ਕੇ ਰੱਖਣ ਦੇ ਵਿਚਾਰ ਨਾਲ ਜੁੜੀਆਂ ਹੋਈਆਂ ਹਨ। ਕਿਸੇ ਨੂੰ ਇਹ ਪਸੰਦ ਨਹੀਂ ਕਿ ਤੁਸੀਂ ਲੜਕੀ ਹੋ, ਇਸ ਲਈ ਉਸ ਤੋਂ ਖਹਿੜਾ ਛੁਡਾ ਲਓ। ਕਿਸੇ ਹੋਰ ਨੂੰ ਇਹ ਪਸੰਦ ਨਹੀਂ ਕਿ ਤੁਸੀਂ ਸਮਲਿੰਗੀ ਵਿਆਹ ਕਰਵਾ ਰਹੇ ਹੋ, ਭਾਵੇਂ ਤੁਸੀਂ ਉਸ ਸ਼ਖ਼ਸ ਨਾਲ ਪ੍ਰੇਮ ਵੀ ਕਰਦੇ ਹੋਵੋ, ਕਿਉਂਕਿ ਇਹ ਪਵਿੱਤਰ ਬੰਧਨ ਦੇ ਵਿਚਾਰ ਦਾ ਵਿਰੋਧੀ ਹੈ। ਸ਼ਾਦੀ ਸਮਾਜਿਕ ਇਕਰਾਰਨਾਮਾ ਹੈ ਤੇ ਸਮਾਜ ਉਨ੍ਹਾਂ ਖਿਆਲਾਂ ਤੋਂ ਪ੍ਰੇਸ਼ਾਨ ਨਹੀਂ ਹੋ ਸਕਦਾ ਜਿਨ੍ਹਾਂ ਨੂੰ ਮੈਂ ਚੰਗਾ ਨਹੀਂ ਮੰਨਦਾ। ਅਨੋਖੀ ਚੀਜ਼ ਇਹ ਹੈ ਕਿ ਇਹ ਕੋਈ ਹੋਰ ਨਹੀਂ ਬਲਕਿ ਸੁਪਰੀਮ ਕੋਰਟ ਹੈ ਜੋ ਇਸ ਮਾਮਲੇ 'ਚ ਸਭ ਤੋਂ ਮੂਹਰੇ ਹੈ, ਸੰਵਿਧਾਨ ਦਾ ਰਖਵਾਲਾ- ਉਹੀ ਸੰਵਿਧਾਨ ਜਿਸ ਦੀ 75ਵੀਂ ਵਰ੍ਹੇਗੰਢ ਅਸੀਂ ਕੁਝ ਹਫ਼ਤੇ ਪਹਿਲਾਂ ਹੀ ਧੂਮ-ਧਾਮ ਨਾਲ ਮਨਾਈ ਹੈ। ਇਸ ਲਈ ਜਦੋਂ ਅਦਾਲਤ ਨੇ ਵੀਰਵਾਰ ਨੂੰ 2023 ਦੇ ਉਸ ਫ਼ੈਸਲੇ ਜਿਸ ਵਿੱਚ ਸਮਲਿੰਗੀ ਜੋੜਿ ?ਆਂ ਦੇ ਵਿਆਹਾਂ ਦੀ ਇਜਾਜ਼ਤ ਦੇਣ ਤੋਂ ਨਾਂਹ ਕੀਤੀ ਗਈ ਸੀ, ਖ਼ਿਲਾਫ਼ ਪਾਈਆਂ ਨਜ਼ਰਸਾਨੀ ਪਟੀਸ਼ਨਾਂ ਨੂੰ ਖਾਰਿਜ ਕੀਤਾ ਜਿਨ੍ਹਾਂ ਵਿੱਚੋਂ ਕਈ ਪਟੀਸ਼ਨਾਂ ਇਸ ਫ਼ੈਸਲੇ ਨੂੰ ਸੰਵਿਧਾਨ 'ਚ ਮਿਲੇ ਬੁਨਿਆਦੀ ਹੱਕਾਂ ਦਾ ਉਲੰਘਣ ਦੱਸ ਰਹੀਆਂ ਸਨ, ਇਹ ਅਸਰਦਾਰ ਤਰੀਕੇ ਨਾਲ ਕਰੋੜਾਂ ਸਮਲਿੰਗੀ ਜੋੜਿ ?ਆਂ ਨੂੰ ਇਹ ਦੱਸਣ ਵਰਗਾ ਸੀ ਕਿ ਅਦਾਲਤ ਇਸ ਮਾਮਲੇ 'ਚ ਜ਼ਿਆਦਾ ਜਾਣਦੀ ਹੈ। ਚਲੋ ਹੁਣ ਇੱਕ ਸਕਿੰਟ ਲਈ ਇਸ ਬਾਰੇ ਸੋਚਦੇ ਹਾਂ। ਸੁਪਰੀਮ ਕੋਰਟ ਦਾ ਪੰਜ ਜੱਜਾਂ ਦਾ ਬੈਂਚ- ਜਿਸ ਵਿੱਚ ਸਾਡੇ ਆਪਣੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਸਿਖ਼ਰਲੀ ਅਦਾਲਤ ਗਏ ਸਤਿਕਾਰਤ ਜੱਜ, ਜਸਟਿਸ ਸੂਰਿਆ ਕਾਂਤ ਵੀ ਸ਼ਾਮਿਲ ਹਨ- ਨੇ ਦਰਅਸਲ ਐਲਾਨ ਕੀਤਾ ਹੈ ਕਿ ਤੁਸੀਂ ਕਿਸ ਨਾਲ ਵਿਆਹ ਕਰ ਸਕਦੇ ਹੋ, ਇਸ ਦਾ ਆਖ਼ਿਰੀ ਫ਼ੈਸਲਾ ਸੁਪਰੀਮ ਕੋਰਟ ਦੇ ਹੱਥ ਹੈ; ਕਿ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਆਪਣੇ ਬੈੱਡਰੂਮ 'ਚ ਬੰਦ ਦਰਵਾਜ਼ੇ ਪਿੱਛੇ ਤੁਸੀਂ ਕੀ ਕਰਨਾ ਚਾਹੁੰਦੇ ਹੋ ਪਰ ਜਦੋਂ ਤੁਸੀਂ ਜਨਤਾ ਦੀਆਂ ਨਜ਼ਰਾਂ 'ਚ ਆਉਂਦੇ ਹੋ ਤਾਂ ਤੁਹਾਨੂੰ ਕੁਝ ਖ਼ਾਸ ਸਮਾਜਿਕ ਨਿਯਮਾਂ ਨੂੰ ਮੰਨਣਾ ਹੀ ਪਵੇਗਾ। ਸਾਡੇ ਬਦਨਸੀਬ ਲੋਕਾਂ ਲਈ ਇੱਥੇ ਇਹ ਸੰਦੇਸ਼ ਹੈ- ਆਮ ਲੋਕ ਜਿਹੜੇ ਸਮਲਿੰਗੀਆਂ ਦੇ ਰੂਪ 'ਚ ਪਿਆਰ ਪਾ ਕੇ ਇਕੱਠੇ ਰਹਿਣਾ ਚਾਹੁੰਦੇ ਹਨ, ਤੇ ਉਨ੍ਹਾਂ ਨਾਲ ਬੱਚੇ ਵੀ ਚਾਹੁੰਦੇ ਹਨ, ਗੋਦ ਲੈ ਕੇ ਜਾਂ 'ਸਰੋਗੇਸੀ' (ਕਿਰਾਏ ਦੀ ਕੁੱਖ) ਰਾਹੀਂ, ਤੇ ਬੀਮਾ ਪਾਲਿਸੀਆਂ ਲੈਣਾ ਤੇ ਇਕੱਠੇ ਛੁੱਟੀਆਂ ਮਨਾਉਣ ਜਾਣਾ ਚਾਹੁੰਦੇ ਹਨ ਅਤੇ ਸਕੂਲ ਦਾਖਲਾ ਫਾਰਮਾਂ 'ਤੇ ਮਾਣ ਨਾਲ ਇਹ ਕਹਿਣ ਦੀ ਇੱਛਾ ਰੱਖਦੇ ਹਨ ਕਿ ਅਸੀਂ ਇਸ ਬੱਚੇ ਦੇ ਮਾਪੇ ਹਾਂ। ਸੰਦੇਸ਼ ਇਹ ਹੈ ਕਿ ਅਸੀਂ ਆਪਣੇ ਨਿੱਜੀ ਸੰਸਾਰਾਂ ਦੇ ਸੁਆਮੀ ਨਹੀਂ ਹਾਂ ਕਿ ਸਮਲਿੰਗੀ ਤੇ ਵਿਰੋਧੀ ਲਿੰਗਾਂ ਦੇ ਜੋੜਿ ?ਆਂ ਦਰਮਿਆਨ 'ਲਕਸ਼ਮਣ ਰੇਖਾ' ਅਜੇ ਵੀ ਪੂਰੀ ਤਰ੍ਹਾਂ ਕਾਇਮ ਹੈ ਤੇ ਜੇ ਅਸੀਂ ਇਸ ਨੂੰ ਪਾਰ ਕਰਨ ਦੀ ਹਿਮਾਕਤ ਕੀਤੀ ਤਾਂ ਸਾਨੂੰ ਨਤੀਜੇ ਭੁਗਤਣੇ ਪੈਣਗੇ। ਬੇਸ਼ੱਕ, ਮਾਣਯੋਗ ਬੈਂਚ ਪੱਖਪਾਤ ਦੇ ਇਲਜ਼ਾਮਾਂ ਤੋਂ ਇਹ ਕਹਿ ਕੇ ਬਚਿਆ ਹੈ ਕਿ ਵਿਆਹ ਕਰਾਉਣ ਦਾ ਬਿਨਾਂ ਸ਼ਰਤ ਕੋਈ ਵੀ ਅਧਿਕਾਰ ਨਹੀਂ ਹੈ। ਜੇ ਵਿਰੋਧੀ ਲਿੰਗ ਦੇ ਇੱਕ ਜੋੜੇ ਨੂੰ ਇਹ ਕਹਿ ਕੇ ਦੇਖਿਆ ਜਾਵੇ (ਇਹ ਲੇਖ ਨਾ ਤਾਂ ਵਿਆਹੁਤਾ ਜਬਰ-ਜਨਾਹ ਨੂੰ ਅਪਰਾਧ ਠਹਿਰਾਉਣ 'ਚ ਅਦਾਲਤ ਦੀ ਨਾਂਹ-ਨੁੱਕਰ 'ਤੇ ਸਵਾਲ ਚੁੱਕਣ ਵੱਲ ਜਾ ਰਿਹਾ ਹੈ ਤੇ ਨਾ ਹੀ ਇਸ ਚੀਜ਼ ਵੱਲ ਉਂਗਲ ਕਰ ਰਿਹਾ ਹੈ ਕਿ ਕਿਉਂ ਇਕੱਲੀਆਂ, ਅਣਵਿਆਹੀਆਂ ਔਰਤਾਂ 'ਸਰੋਗੇਟ' ਬੱਚਾ ਨਹੀਂ ਰੱਖ ਸਕਦੀਆਂ- ਹੋਰਨਾਂ ਵਿਵਾਦਤ ਮਾਮਲਿਆਂ ਵੱਲ ਮੁੜਨ ਦੀ ਕੋਈ ਤੁਕ ਨਹੀਂ)। ਮਾਮਲੇ ਦੀ ਗਹਿਰਾਈ ਵੱਲ ਜਾਂਦੇ ਹਾਂ। ਸੰਨ 2018 ਵਿੱਚ ਦਲੇਰ ਤੇ ਹਿੰਮਤੀ ਸੁਪਰੀਮ ਕੋਰਟ ਨੇ ਧਾਰਾ 377 ਦੀ ਸਪੱਸ਼ਟ ਵਿਆਖਿਆ ਕੀਤੀ, ਦੂਜੇ ਸ਼ਬਦਾਂ 'ਚ ਇਸ ਦਾ ਇਤਿਹਾਸ 'ਚੋਂ ਨਾਮੋ-ਨਿਸ਼ਾਨ ਮਿਟਾ ਦਿੱਤਾ ਕਿਉਂਕਿ 1861 ਦੇ ਯੁੱਗ ਦਾ ਇਹ ਕਾਨੂੰਨ ਇੱਕੋ ਲਿੰਗ ਦੇ ਦੋ ਵਿਅਕਤੀਆਂ ਵਿਚਾਲੇ ਜਿਨਸੀ ਸਬੰਧਾਂ ਨੂੰ ਅਪਰਾਧ ਕਰਾਰ ਦਿੰਦਾ ਸੀ। ਇਹ ਕਰਨ ਵਾਲੀ ਬਿਲਕੁਲ ਸਹੀ ਚੀਜ਼ ਸੀ ਅਤੇ ਅਦਾਲਤ ਨੇ ਦੇਸ਼ ਦੀ ਵਾਹ-ਵਾਹੀ ਖੱਟੀ ਕਿਉਂਕਿ ਇਹ ਬਰਾਬਰ ਅਧਿਕਾਰ ਦੇਣ ਲਈ ਕਦਮ ਚੁੱਕ ਰਹੀ ਸੀ। ਇਹ ਸੰਵਿਧਾਨ ਲਈ ਖੜ੍ਹ ਰਹੀ ਸੀ। ਵਰਤਮਾਨ ਪਟੀਸ਼ਨਾਂ ਅਦਾਲਤ ਦੇ ਉਸੇ ਫ਼ੈਸਲੇ ਨੂੰ ਆਖ਼ਿਰੀ ਮੁਕਾਮ 'ਤੇ ਪਹੁੰਚਾਉਣ ਲਈ ਸੁਭਾਵਿਕ ਤੌਰ 'ਤੇ ਦਾਇਰ ਕੀਤੀਆਂ ਗਈਆਂ ਸਨ ਜਿਸ ਤਹਿਤ ਧਾਰਾ 377 ਨੂੰ ਖਾਰਜ ਕੀਤਾ ਗਿਆ ਸੀ। ਸਮਲਿੰਗੀ ਜੋੜੇ ਕਹਿ ਰਹੇ ਹਨ ਕਿ ਹੁਣ ਜਦੋਂ ਤੁਸੀਂ ਸਾਨੂੰ ਕੋਠੜੀ 'ਚੋਂ ਬਾਹਰ ਆਉਣ ਦਿੱਤਾ ਹੈ, ਸਾਨੂੰ ਹੁਣ ਆਪਣੇ ਵਰਗੇ ਬਣਨ ਦੀ ਇਜਾਜ਼ਤ ਵੀ ਦਿਓ। ਵਿਆਹ ਤੋਂ ਇਨਕਾਰੀ ਹੋ ਕੇ ਮਾਣਯੋਗ ਅਦਾਲਤ ਦਰਅਸਲ ਇਹ ਕਹਿ ਰਹੀ ਹੈ ਕਿ ਦੋ ਸਮਲਿੰਗੀ ਤੇ ਰਜ਼ਾਮੰਦ ਬਾਲਗਾਂ ਦੇ ਰਿਸ਼ਤੇ ਨੂੰ ਅਧਿਕਾਰਤ ਤੌਰ 'ਤੇ ਐਵੇਂ ਹੀ ਪ੍ਰਵਾਨਗੀ ਦੇ ਦੇਣਾ ਸਹੀ ਨਹੀਂ ਹੈ। ਬਿਲਕੁਲ, ਸਵਾਲ ਉੱਠਦਾ ਹੈ ਕਿ ਕਿਉਂ। ਕਿਉਂ ਪੰਜ ਜਾਂ ਅੱਠ ਜੱਜ, ਜੇਕਰ 2023 ਦਾ ਫ਼ੈਸਲਾ ਸੁਣਾਉਣ ਵਾਲਿਆਂ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ, ਜਿਸ ਬੈਂਚ 'ਚ ਤਿੰਨ ਜਣਿਆਂ ਨੇ ਵਿਆਹ ਨੂੰ ਪਹੁੰਚ ਤੋਂ ਬਾਹਰ ਰੱਖਣ ਦਾ ਪੱਖ ਪੂਰਿਆ ਸੀ- ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਪਿਆਰ ਤੇ ਵਿਆਹ ਬਾਰੇ ਉਨ੍ਹਾਂ ਵਿਅਕਤੀਆਂ ਨਾਲੋਂ ਵੱਧ ਪਤਾ ਹੈ ਜਿਹੜੇ ਅਸਲ 'ਚ ਇਸ ਨੂੰ ਜਿਉਂਦੇ ਹਨ ? ਉਨ੍ਹਾਂ ਨੂੰ ਇਹ ਕਿਉਂ ਲੱਗਦਾ ਹੈ ਕਿ ਉਨ੍ਹਾਂ ਨੂੰ ਜ਼ਿਆਦਾ ਪਤਾ ਹੈ ? ਕੀ ਸੱਚੀਂ ਉਨ੍ਹਾਂ ਨੂੰ ਵੱਧ ਪਤਾ ਹੈ ? ਦਰਅਸਲ, ਕਿਸੇ ਨੂੰ ਕਾਬੂ 'ਚ ਰੱਖਣ ਦੀ ਇਹ ਕੋਸ਼ਿਸ਼ ਸ਼ੁਰੂਆਤ ਤੋਂ ਹੀ ਆਰੰਭ ਹੋ ਜਾਂਦੀ ਹੈ, ਜਦੋਂ ਤੁਸੀਂ ਅਜੇ ਭਰੂਣ ਹੀ ਹੁੰਦੇ ਹੋ; ਉਦੋਂ ਤੁਹਾਡੇ ਵਿਕਸਿਤ ਹੋ ਕੇ ਬੱਚਾ ਬਣਨ ਤੋਂ ਵੀ ਪਹਿਲਾਂ, ਔਰਤ/ਪੁਰਸ਼ ਦੀ ਤਾਂ ਗੱਲ ਹੀ ਛੱਡੋ। 1994 ਵਿੱਚ ਭਾਰਤ ਨੇ ਕਾਨੂੰਨ ਪਾਸ ਕਰ ਕੇ ਮੈਡੀਕਲ ਤੌਰ 'ਤੇ ਗਰਭ 'ਚ ਪਲ ਰਹੇ ਅਣਜੰਮੇ ਬੱਚੇ ਦਾ ਲਿੰਗ ਪਤਾ ਕਰਨ ਉੱਤੇ ਰੋਕ ਲਾ ਦਿੱਤੀ ਸੀ। ਦੀਪਕਮਲ ਕੌਰ ਦੀ 'ਦਿ ਟ੍ਰਿਬਿਊਨ' ਲਈ ਕੀਤੀ ਖ਼ਬਰ, ਜਿਸ ਵਿੱਚ ਪੰਜਾਬ ਭਰ ਦੇ ਸਿਵਲ ਰਜਿਸਟਰੇਸ਼ਨ ਅੰਕੜਿ ?ਆਂ ਦਾ ਹਵਾਲਾ ਦਿੱਤਾ ਗਿਆ ਹੈ, ਕਹਿੰਦੀ ਹੈ ਕਿ 2023 ਵਿੱਚ ਲਿੰਗ ਅਨੁਪਾਤ ਪੰਜਾਬ ਦੇ ਕਈ ਹਿੱਸਿਆਂ ਵਿੱਚ ਹੋਰ ਨਿੱਘਰ ਗਿਆ ਹੈ- ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਪਠਾਨਕੋਟ ਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ, 1000 ਲੜਕਿਆਂ ਦੇ ਮੁਕਾਬਲੇ ਕ੍ਰਮਵਾਰ 864 ਤੇ 888 ਲੜਕੀਆਂ ਪੈਦਾ ਹੋਈਆਂ ਹਨ- ਕਿਉਂਕਿ ਮਾਦਾ ਭਰੂਣ ਹੱਤਿਆਵਾਂ, ਸਾਰੇ ਗ਼ੈਰ-ਕਾਨੂੰਨੀ ਗਰਭਪਾਤ, ਕਾਨੂੰਨ ਦੀ ਉਲੰਘਣਾ ਕਰ ਕੇ ਅਜੇ ਵੀ ਕੀਤੇ ਜਾ ਰਹੇ ਹਨ। ਅਦਾਲਤ ਸ਼ਾਇਦ ਆਦਰਸ਼ ਜੋੜੇ ਦੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ- 'ਹਮ ਦੋ, ਹਮਾਰੇ ਦੋ'; ਦੋ ਆਦਰਸ਼ ਬੱਚਿਆਂ ਨਾਲ ਪਤੀ-ਪਤਨੀ। ਸ਼ਾਇਦ ਅਵਚੇਤਨ ਰੂਪ 'ਚ ਇਹ ਉਸ ਸੰਸਕਾਰੀ ਆਦਰਸ਼ ਦੀ ਨਕਲ ਕਰ ਰਹੀ ਹੈ ਜਿਸ ਨੂੰ ਆਰਐੱਸਐੱਸ ਪ੍ਰਚਾਰਦੀ ਹੈ, ਉਹ ਆਦਰਸ਼ ਜਿਸ 'ਚ ਘਰ ਦਾ ਮੁਖੀ ਪੁਰਸ਼ ਹੈ ਜਿਸ ਦੇ ਨਾਲ ਰੱਖਿਅਕ ਤੇ ਸਨੇਹੀ ਮਾਂ ਹੈ। ਸ਼ਾਇਦ ਸੱਚਮੁੱਚ ਅਦਾਲਤ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਇਸ ਦਾ ਕੰਮ ਨਹੀਂ ਹਨ, ਸੰਸਦ ਜਾਂ ਵਿਧਾਨ ਸਭਾਵਾਂ ਨੂੰ ਬਿਹਤਰ ਜਾਣਨਾ ਚਾਹੀਦਾ ਹੈ। ×ਨਬਸਪ;ਸ਼ਾਇਦ ਸੁਪਰੀਮ ਕੋਰਟ ਨੂੰ ਇਹ ਅਹਿਸਾਸ ਨਹੀਂ ਕਿ ਇਹ 'ਇੱਕ ਦੇਸ਼, ਇੱਕ ਸੁਖੀ ਪਰਿਵਾਰ' ਬਿਲਕੁਲ ਉਹੀ ਰਚਨਾ ਹੈ- ਬੰਦੇ ਦੀ ਬਣਾਈ ਜਿਹੜੀ ਅਸਲੀਅਤ ਤੋਂ ਕੋਹਾਂ ਦੂਰ ਹੈ। ਇੱਕ ਨਜ਼ਰ ਸਾਡੇ ਮੁਲਕ ਦੀਆਂ ਕੁਲਬੁਲ ਕਰਦੀਆਂ ਅਦਾਲਤਾਂ 'ਤੇ ਜਿੱਥੇ ਹਰ ਵਰਗ ਦਾ ਪਟੀਸ਼ਨਕਰਤਾ ਨਿਆਂ ਮੰਗ ਰਿਹਾ ਹੈ, ਜਾਂ ਮਿਰਜ਼ਾਪੁਰ ਵਰਗੀ ਨੈੱਟਫਲਿਕਸ ਸੀਰੀਜ਼ ਰਾਹੀਂ ਮੁੜ ਇੱਕ ਝਾਤ ਜ਼ਿੰਦਗੀ ਦੇ ਘਿਨਾਉਣੇ ਪੱਖ 'ਤੇ ਜਾਂ ਅੰਨਾ ਕਾਰਨੇਨਾ (ਮਸ਼ਹੂਰ ਨਾਵਲ) ਦਾ ਪਹਿਲਾ ਅਧਿਆਇ ਜਾਂ ਮਹਾਭਾਰਤ- ਤੁਹਾਡੀ ਉਸ ਅਫ਼ਰਾ-ਤਫ਼ਰੀ ਨਾਲ ਜਾਣ-ਪਛਾਣ ਕਰਾਉਣ ਲਈ ਕਾਫ਼ੀ ਹਨ ਜਿਹੜੀ ਸਮਾਜ ਦੀਆਂ ਪਰਤਾਂ ਹੇਠਾਂ ਮਚੀ ਹੋਈ ਹੈ।

## ਕਾਸੋ ਆਪਰੇਸ਼ਨ ਤਹਿਤ ਪੁਲਿਸ ਨੇ .ਨਸ਼ੇ ਦੇ ਖਿਲਾਫ ਕੀਤੀ ਕਾਰਵਾਈ

**ਚਮਕੌਰ ਸਾਹਿਬ 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਬਲਿਕ ਮੀਟਿੰਗ ਵਿੱਚ ਨਸ਼ੇ ਸਬੰਧੀ ਸ਼ਰੇਆਮ ਪਿੰਡਾਂ ਦੀਆਂ ਪੰਚਾਇਤਾਂ ਨੇ ਪੁਲਿਸ ਦੇ ਸੀਨੀਅਰ ਨੂੰ ਅਧਿਕਾਰੀਆਂ ਨੂੰ ਐਸ ਐਚ ਓ ਤੇ ਡੀਐਸਪੀ ਸਾਹਮਣੇ ਸ਼ਿਕਾਇਤਾਂ ਕੀਤੀਆਂ ਕਿ ਫਲਾਣੀ ਫਲਾਣੀ ਜਗ੍ਹਾ ਚਿੱਟਾ ਵਿਕਦਾ ਹੈ. ਇਸ ਉਪਰੰਤ ਪੁਲਿਸ ਹੋਈ ਸਰਗਰਮ ਹੁਣ ਕਥਿਤ ਤੌਰ ਤੇ ਚਿੱਟਾ ਵੇਚਣ ਵਾਲਿਆਂ ਦੇ ਵਿਰੁੱਧ ਪੁਲਿਸ ਨੇ ਰੇਡਾਂ ਮਾਰਨੀਆਂ ਸ਼ੁਰੂ ਕੀਤੀਆਂ ਅਤੇ ਫੜੋ ਫੜੀ ਜਾਰੀ।




ਅੱਜ ਸਥਾਨਕ ਭੂਰੜੇ ਰੋਡ ਵਿੱਚ ਇੰਦਰਾ ਕਲੋਨੀ ਦੇ ਇੱਕ ਘਰ ਵਿੱਚ ਪੁਲਿਸ ਨੇ ਡੀਐਸਪੀ ਮੋਹਿਤ ਸਿੰਗਲਾ ਅਤੇ ਐਸਐਚ ਓ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਛਾਪਾ ਮਾਰਿਆ.ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਉਪਰੋਕਤ ਅਧਿਕਾਰੀਆਂ ਨੇ ਦੱਸਿਆ ਕੀ ਇਹ ਕਾਰਵਾਈ ਕੈਸੋ ਆਪਰੇਸ਼ਨ ਤਹਿਤ ਕੀਤੀ ਜਾ ਰਹੀ ਹੈਂ। ਕਿਉਂਕਿ ਉਪਰੋਕਤ ਵਿਅਕਤੀ ਪਹਿਲਾਂ ਵੀ ਨਸ਼ੇ ਸਬੰਧੀ ਪੁਲਿਸ ਅਤੇ ਮਾਨਯੋਗ ਅਦਾਲਤ ਦੀਆਂ ਨਜ਼ਰਾਂ ਵਿੱਚ ਹੈ।ਹੁਣ ਇਹ ਵਿਅਕਤੀ ਫਿਰ 82/24 ਮੁਕਦਮੇ ਵਿੱਚ ਲੋੜੀਦਾ ਹੈ ਤੇ ਅੱਜ ਪੁਲਿਸ ਉਸ ਨੂੰ ਲੈਣ ਆਈ ਹੈ ਤਾਂ ਕਿ ਅਗਲੀ ਕਾਰਵਾਈ ਕੀਤੀ ਜਾ ਸਕੇ।

ਉਧਰ ਉਪਰੋਕਤ ਵਿਅਕਤੀ ਦੀ ਘਰਵਾਲੀ ਇਹ ਰੌਲਾ ਪਾ ਰਹੀ ਸੀ ਕਿ ਮੇਰੇ ਪਤੀ ਨੂੰ ਪੁਲਿਸ ਝੂਠੀ ਕਾਰਵਾਈ ਵਿੱਚ ਫਸਾ ਰਹੀ ਹੈ ਤੇ ਹੁਣ ਵੀ ਪੁਲਿਸ ਇਸ ਨੂੰ ਲੈ ਕੇ ਅਗਿਆਤ ਸਥਾਨ ਤੇ ਲਿਜਾਣਾ ਚਾਹੁੰਦੀ ਹੈ।

ਜਦੋਂ ਇਹ ਘਰ ਦੇ ਅੰਦਰ ਕਾਰਵਾਈ ਚੱਲ ਰਹੀ ਸੀ ਬਾਹਰ ਇੱਕ ਔਰਤ ਆਈ ਜੋ ਦੱਸਦੀ ਸੀ ਕੀ ਮੇਰਾ ਇਸ ਮਹੱਲੇ ਵਿੱਚ ਬੇਟਾ ਰਹਿੰਦਾ ਹੈ.ਜਦ ਕਿ ਉਪਰੋਕਤ ਸਬੰਧਤ ਔਰਤ ਉਸਦੇ ਦੋਸ਼ ਲਗਾ ਰਹੀ ਸੀ ਕਿ ਇਸ ਨੇ ਪਹਿਲਾਂ ਵੀ ਝੂਠੀਆਂ ਸ਼ਿਕਾਇਤਾਂ ਕਰਕੇ ਮੇਰੇ ਪਤੀ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਹੈ ਜਦਕਿ ਇਸ ਦਾ ਮੁੰਡਾ ਆਪ ਅਜਿਹਾ ਕੰਮ ਕਰਦਾ ਹੈ ਇਹ ਪੁਲਿਸ ਨਾਲ ਮਿਲੀ ਹੋਈ ਹੈ। ਨੌਬਤ ਹੱਥੋਪਾਈ ਤੱਕ ਵੀ ਆ ਗਈ ਸੀ. ਉਧਰ ਸੰਬੰਧਿਤ ਔਰਤ ਦਾ ਇਹ ਵੀ ਕਹਿਣਾ ਹੈ ਕਿ ਅਸੀਂ ਭੂਰੇ ਐਮਸੀ ਨੂੰ ਬੁਲਾਵਾਂਗੇ ਤਾਂ ਕਿ ਸਾਡੇ ਨਾਲ ਇਨਸਾਫ ਹੋ ਸਕੇ. ਖੈਰ ਜੇਕਰ ਉਪਰੋਕਤ ਵਿਅਕਤੀ ਸੱਚ ਮੁੱਚ ਦੋਸ਼ੀ ਹਨ ਤਾਂ ਅਜਿਹੀ ਕਾਰਵਾਈ ਪੁਲਿਸ ਨੂੰ ਪਹਿਲਾਂ ਹੀ ਕਰਨੀ ਚਾਹੀਦੀ ਸੀ. ਜੋ ਕਿ ਚਰਚਾ ਵਿੱਚ ਹੈ. ਇਸ ਤੋਂ ਇਹ ਮੁਹਾਵਰਾ ਸਿੱਧ ਹੁੰਦਾ ਹੈ ਕਿ ਚਲੋ ਚਲੋ ਦੇਰ ਆਏ ਦਰੁਸਤ ਆਏ।ਚਿੱਟੇ ਵਰਗਾ ਕੋੜਹ ਇਸ ਜਹਾਨ ਵਿੱਚੋਂ ਖਤਮ ਹੋਣਾ ਚਾਹੀਦਾ ਹੈ।

ਵਰਨਣ ਯੋਗ ਹੈ ਕੀ ਇਸ ਘਰ ਦੇ ਚਾਰੋਂ ਤਰਫ ਹਾਈ ਸਿਕਿਊਰਟੀ ਕੈਮਰੇ ਲੱਗੇ ਹੋਏ ਸਨ ਅਤੇ ਦੱਸਿਆ ਜਾਂਦਾ ਹੈ ਕਿ ਪਹਿਲਾਂ ਵੀ ਅਜਿਹੇ ਕੈਮਰਿਆਂ ਦੀ ਮਦਦ ਨਾਲ ਇੱਕ ਪੁਲਿਸ ਅਧਿਕਾਰੀ ਨੂੰ ਇਹ ਪਰਿਵਾਰ ਵਾਲਿਆਂ ਨੇ ਮਾਨਯੋਗ ਹਾਈਕੋਰਟ ਵਿੱਚ ਖਿੱਚਿਆ ਸੀ। ਜਦੋਂ ਇਸ ਸਬੰਧੀ ਸੰਬੰਧਿਤ ਔਰਤ ਨੂੰ ਪੁੱਛਿਆ ਗਿਆ।

ਉਸਨੇ ਕਿਹਾ ਕਿ ਇਹ ਦੂਜੀ ਵਿਰੋਧੀ ਔਰਤ ਨੇ ਪਹਿਲਾਂ ਵੀ ਸਾਡੇ ਤੇ ਝੂਠਾ ਕੇਸ ਦਰਜ ਕਰਵਾਇਆ ਸੀ। ਅਸੀਂ ਇਸ ਲਈ ਇਹ ਕੈਮਰੇ ਲਗਵਾਏ ਹੋਏ ਹਨ। ਜਦਕਿ ਦੂਜੀ ਔਰਤ ਦਾ ਇਹ ਕਹਿਣਾ ਹੈ ਕੀ ਇਹ ਸਭ ਦੋਸ਼ ਝੂਠੇ ਲਗਾ ਰਹੀ ਹੈ।

## ਚਾਈਨਾ ਡੋਰ/ਸਿੰਥੈਟਿਕ ਮਟੀਰੀਅਲ ਤੋਂ ਬਣੀ ਡੋਰ ਵੇਚਣ ਸਬੰਧੀ ਸੂਚਨਾ



**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚਾਈਨਾ ਡੋਰ 'ਤੇ ਪੂਰਨ ਪਾਬੰਦੀ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਜਲੰਧਰ ਵਲੋਂ ਅੱਜ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਜਲੰਧਰ ਦੇ ਐਕਸੀਅਨ ਸੰਦੀਪ ਸਿੰਘ ਨੇ ਦੱਸਿਆ ਕਿ ਪਾਬੰਦੀਸ਼ੁਦਾ ਡੋਰ ਦੀ ਜਾਂਚ ਕਰਨ ਲਈ ਖੇਤਰੀ ਦਫ਼ਤਰ ਵਲੋਂ ਚੈਕਿੰਗ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ, ਤਾਂ ਜੋ ਇਸ ਡੋਰ ਦੀ ਵਰਤੋਂ ਨੂੰ ਠੱਲ੍ਹ ਪਾਈ ਜਾ ਸਕੇ।

ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਚਾਈਨਾ ਡੋਰ 'ਤੇ ਪਾਬੰਦੀ ਲਗਾਈ ਗਈ ਹੈ। ਇਸ ਪਾਬੰਦੀ ਦੇ ਬਾਵਜੂਦ ਇਸ ਡੋਰ ਨੂੰ ਵੇਚਣ ਵਾਲਿਆਂ ਖ਼ਿਲਾਫ਼ 10 ਹਜ਼ਾਰ ਰੁਪਏ ਤੋਂ ਲੈ ਕੇ 15 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਚਾਈਨਾ ਡੋਰ ਵੇਚਣ ਵਾਲੇ ਵਿਅਕਤੀਆਂ ਬਾਰੇ ਸੂਚਨਾ ਦੇਣ ਵਾਲੇ ਵਿਅਕਤੀ ਨੂੰ 25 ਹਜ਼ਾਰ ਰੁਪਏ ਦਾ ਇਨਾਮ ਦੇਣ ਦੀ ਘੋਸ਼ਣਾ ਵੀ ਕੀਤੀ ਗਈ ਹੈ।

ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਵਿਆਕਤੀ ਜਾਂ ਦੁਕਾਨਦਾਰ ਚਾਈਨਾ ਡੋਰ/ਸਿੰਥੈਟਿਕ ਮਟੀਰੀਅਲ ਤੋਂ ਬਣੀ ਡੋਰ ਵੇਚਦਾ ਹੈ ਤਾਂ ਬੋਰਡ ਦੇ ਖੇਤਰੀ ਦਫਤਰ-1, ਜਲੰਧਰ ਦੇ ਮੋਬਾਇਲ ਨੰਬਰ 98789-42033 ਜਾਂ ਬੋਰਡ ਦੇ ਟੋਲ ਫਰੀ ਨੰਬਰ 18001802810 ਉਤੇ ਸੂਚਨਾ ਦੇਕੇ ਬੋਰਡ ਵਲੋਂ ਘੋਸ਼ਿਤ ਇਨਾਮੀ ਰਾਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਬੋਰਡ ਦੇ ਖੇਤਰੀ ਦਫ਼ਤਰ ਵਲੋਂ ਚਾਈਨਾ ਡੋਰ ਦੀ ਵਰਤੋਂ, ਸੇਲ ਅਤੇ ਸਟਾਕ ਨੂੰ ਰੋਕਣ ਸਬੰਧੀ ਅੱਜ ਸ਼ਹਿਰ ਅਤੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਖੇਤਰਾਂ ਵਿੱਚ ਦੁਕਾਨਾਂ ਦੀ ਛਾਪੇਮਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਦੁਕਾਨਦਾਰ ਪਾਸੋਂ ਚਾਈਨਾ ਡੋਰ/ਸਿੰਥੈਟਿਕ ਮਟੀਰੀਅਲ ਤੋਂ ਬਣੀ ਡੋਰ ਪ੍ਰਾਪਤ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਟੀਮ ਵਲੋਂ ਚੈਕਿੰਗ ਦੌਰਾਨ ਦੁਕਾਨਦਾਰਾਂ ਨੂੰ ਪਾਬੰਦੀਸ਼ੁਦਾ ਡੋਰ ਨਾ ਵੇਚਣ ਅਤੇ ਸਟਾਕ ਨਾ ਕਰਨ ਸਬੰਧੀ ਜਾਗਰੂਕ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੋਰਡ ਦੀ ਟੀਮ ਵੱਲੋਂ ਪਤੰਗ ਤੇ ਡੋਰ ਵੇਚਣ ਦਾ ਕਾਰੋਬਾਰ ਕਰਨ ਵਾਲੇ ਦੁਕਾਨਦਾਰਾਂ ਨੂੰ ਸਰਕਾਰ ਦੇ ਹੁਕਮਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਵੀ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਚਾਈਨਾਂ ਡੋਰ ਦੇ ਉਤਪਾਦਨ, ਵਿਕਰੀ, ਸਟੋਰੇਜ, ਖਰੀਦ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ, ਕਿਉਂਕਿ ਇਸ ਨਾਲ ਕਈ ਤਰ੍ਹਾਂ ਦੇ ਹਾਦਸੇ ਵਾਪਰ ਜਾਂਦੇ ਹਨ।

## ਡਿਪਟੀ ਕਮਿਸ਼ਨਰ ਨੇ ਹੁਨਰ ਵਿਕਾਸ ਕੋਰਸ ਕਰਵਾ ਕੇ ਹੁਨਰਮੰਦ ਪੈਦਾ ਕਰਨ 'ਤੇ ਦਿੱਤਾ ਜ਼ੋਰ



**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਹੁਨਰ ਵਿਕਾਸ ਪ੍ਰੋਗਰਾਮ ਤਹਿਤ ਵਿਭਿੰਨ ਗਤੀਵਿਧੀਆਂ ਨਾਲ ਸਬੰਧਤ ਵੱਖ-ਵੱਖ ਭਾਗੀਦਾਰ ਵਿਭਾਗਾਂ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਨਵੇਂ ਹੁਨਰ ਵਿਕਾਸ ਕੋਰਸ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁਧੀ ਰਾਜ ਸਿੰਘ ਅਤੇ ਭਾਗੀਦਾਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਥਾਨਕ ਇੰਡਸਟਰੀ ਲੋੜ ਮੁਤਾਬਕ ਨਵੇਂ ਹੁਨਰ ਤਿਆਰ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਹ ਕੋਰਸ ਕਰਨ ਨਾਲ ਨੌਜਵਾਨਾਂ ਦੀ ਤਕਨੀਕੀ ਯੋਗਤਾ ਵਿੱਚ ਵਾਧਾ ਹੋਵੇਗਾ, ਜਿਸ ਨਾਲ ਉਨ੍ਹਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਹਾਸਲ ਹੋਣਗੇ।

ਕੋਰਸ ਮੁਕੰਮਲ ਕਰਨ ਵਾਲੇ ਸਿਖਿਆਰਥੀਆਂ ਦੀ ਪਲੇਸਮੈਂਟ ਦਾ ਜਾਇਜ਼ਾ ਲੈਂਦਿਆਂ ਡਾ. ਅਗਰਵਾਲ ਨੇ ਕਿਹਾ ਕਿ ਕੋਰਸ ਪੂਰਾ ਕਰਨ ਵਾਲੇ ਸਿਖਿਆਰਥੀਆਂ ਦੀ ਸੌ ਫੀਸਦੀ ਪਲੇਸਮੈਂਟ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਸਿਖਿਆਰਥੀਆਂ ਨੂੰ ਸਵੈ ਰੋਜ਼ਗਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨ ਦੇ ਨਾਲ-ਨਾਲ ਆਪਣਾ ਕਾਰੋਬਾਰ ਸ਼ੁਰੂ ਕਰਨ ਦੇ ਚਾਹਵਾਨਾਂ ਨੂੰ ਮਾਰਗਦਰਸ਼ਨ ਵੀ ਪ੍ਰਦਾਨ ਕੀਤਾ ਜਾਵੇ।

ਇਸ ਪ੍ਰੋਗਰਾਮ ਤਹਿਤ ਵੱਖ-ਵੱਖ ਟ੍ਰੇਨਿੰਗ ਪਾਰਟਨਰਾਂ ਦੇ ਸਹਿਯੋਗ ਨਾਲ ਬਿਧੀਪੁਰ, ਨਕੋਦਰ, ਨੂਰਮਹਿਲ, ਸੂਰਾਨੁੱਸੀ, ਲਾਡੋਵਾਲੀ ਰੋਡ ਜਲੰਧਰ,ਵਰਿਆਣਾ, ਜਲੰਧਰ ਛਾਉਣੀ ਅਤੇ ਭੋਗਪੁਰ ਵਿਖੇ ਟੂਰੀਜ਼ਮ ਤੇ ਹਾਸਪੀਟੈਲਿਟੀ, ਸਿਹਤ ਸੰਭਾਲ, ਇਲੈਕਟ੍ਰਾਨਿਕ ਤੇ ਹਾਰਡ ਵੇਅਰ ਅਤੇ ਲੋਜਿਸਟਿਕ ਨਾਲ ਸਬੰਧਤ ਕੋਰਸ ਕਰਵਾਏ ਜਾ ਰਹੇ ਹਨ ਅਤੇ ਮੌਜੂਦਾ ਸਮੇਂ 1050 ਸਿਖਿਆਰਥੀ ਵੱਖ-ਵੱਖ ਕੋਰਸਾਂ ਤਹਿਤ ਸਿਖ਼ਲਾਈ ਹਾਸਲ ਕਰ ਰਹੇ ਹਨ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ਦੀਆਂ ਕੰਪਨੀਆਂ ਆਈ.ਬੀ.ਐਮ. ਅਤੇ ਮਾਈਕਰੋਸਾਫਟ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ 20 ਤੋਂ 320 ਘੰਟਿਆਂ ਦੀ ਮਿਆਦ ਦੇ ਆਨਲਾਈਨ ਕੋਰਸ ਕਰਵਾਏ ਜਾ ਰਹੇ ਹਨ। ਇਹ ਸਾਰੇ ਕੋਰਸ ਤਕਨੀਕ, ਆਰਟੀਫਿਸ਼ਲ ਇੰਟੈਲੀਜੈਂਸ, ਸਾਈਬਰ ਸੁਰੱਖਿਆ, ਈ-ਕਾਮਰਸ, ਕੰਪਿਊਟਰ ਆਦਿ ਨਾਲ ਸਬੰਧਤ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਵਿਗਿਆਨ ਟੈਕਨਾਲੋਜੀ ਅਤੇ ਵਾਤਾਵਰਣ ਵਿਭਾਗ ਨੇ ਰਾਜ ਵਿੱਚ ਗ੍ਰਾਸਰੂਟ ਇਨੋਵੇਟਰਾਂ ਦੀਆਂ ਨਵੀਨਤਾਵਾਂ ਨੂੰ ਸਸ਼ਕਤ ਕਰਨ ਲਈ ਇਨੋਵੇਸ਼ਨ ਫਾਊਂਡੇਸ਼ਨ,ਵਿਗਿਆਨ ਤੇ ਤਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ ਇਕ ਮੋਹਰੀ ਪਹਿਲਕਦਮੀ ਕਰਦਿਆਂ ਗ੍ਰਿਪ (7♣9♦) ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗ੍ਰਿਪ 3.0 ਅਡੀਸ਼ਨ ਵਿਅਕਤੀਆਂ ਜਾ ਸਮਾਜ ਦੀਆਂ ਲੋੜਾਂ ਜਾਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਸੰਭਾਵਨਾ ਰੱਖਣ ਵਾਲੇ ਨਵੇਂ ਉਤਪਾਦਾਂ ਅਤੇ ਪ੍ਰਕਿਰਿਆਵਾਂ ਨਾਲ ਸਬੰਧਤ ਜ਼ਮੀਨੀ ਪੱਧਰ ਦੀਆਂ ਨਵੀਨਤਾਵਾਂ ਨੂੰ ਚੁਣਨ ਅਤੇ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨੋਵੇਟਰਾਂ (ਨਵੀਨਤਾਕਾਰੀ) ਕਿਸਾਨ, ਵਿਦਿਆਰਥੀ (ਸਕੂਲ/ਕਾਲਜ/ਆਈ.ਟੀ.ਆਈ./ਪੋਲੀਟੈਕਨਿਕ/ਡਿਪਲੋਮਾ ਧਾਰਕ), ਸਵੈ ਰੋਜ਼ਗਾਰ ਵਿਅਕਤੀ (ਕਾਰੀਗਰ, ਮਕੈਨਿਕ ਆਦਿ), ਘਰੇਲੂ ਮਹਿਲਾ, ਉਦਯੋਗ ਕਰਮਚਾਰੀ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚੋਂ ਕੋਈ ਵੀ ਹੋਰ ਵਿਅਕਤੀ ਅਰਜ਼ੀ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਚੁਣੇ ਗਏ ਇਨੋਵੇਟਰਾਂ ਨੂੰ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

## ਵਾਹਨ ਚਾਲਕਾਂ, ਟੈਕਸੀ ਡਰਾਈਵਰਾਂ ਨੂੰ ਰੋਡ ਸੇਫਟੀ ਨਿਯਮਾਂ ਬਾਰੇ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ

**ਫਾਜ਼ਿਲਕਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਸੜਕ ਸੁਰੱਖਿਆ ਮਹੀਨਾ ਮੁਹਿੰਮ ਤਹਿਤ ਰੀਜਨਲ ਟਰਾਂਪੋਰਟ ਅਫਸਰ ਗੁਰਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਟਰਾਂਸਪੋਰਟ ਵਿਭਾਗ ਅਤੇ ਟਰੈਫਿਕ ਪੁਲਿਸ ਵੱਲੋਂ ਵੱਡੇ ਤੇ ਛੋਟੇ ਵਾਹਨ ਚਾਲਕਾਂ, ਟੈਕਸੀ ਡਰਾਈਵਰਾਂ ਨੂੰ ਰੋਡ ਸੇਫਟੀ ਨਿਯਮਾਂ ਬਾਰੇ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ ਤਾਂ ਜੋ ਸਵਾਰੀਆਂ ਨੂੰ ਲਿਆਉਣ-ਛੱਡਣ ਸਮੇਂ ਟਰੈਫਿਕ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ ਅਤੇ ਲੋਕਾਂ ਦੀ ਜਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।




ਉਨ੍ਹਾਂ ਟੈਕਸੀ ਸਟੈਂਡ ਵਿਖੇ ਸੈਮਨਾਰ ਲਗਾਉਂਦਿਆਂ ਕਿਹਾ ਕਿ ਸੜਕ ਸੁਰੱਖਿਆ ਮਹੀਨਾ ਮਨਾਉਣ ਦਾ ਮੰਤਵ ਕਿ ਸਾਰੇ ਵਾਹਨ ਚਾਲਕਾਂ ਨੂੰ ਖ਼ੁਦ ਆਪਣੇ ਆਪ, ਆਪਣੇ ਪਰਿਵਾਰ ਅਤੇ ਹੋਰਨਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਲਾਪਰਵਾਹੀ ਨਾਲ ਵਾਹਨ ਚਲਾਉਣ ਕਰਕੇ ਹਰ ਰੋਜ਼ ਕੀਮਤੀ ਜਾਨਾਂ ਅਜਾਂਈ ਚਲੀਆਂ ਜਾਂਦੀਆਂ ਹਨ, ਇਸ ਲਈ ਸਾਨੂੰ ਨਿਰਧਾਰਤ ਸਪੀਡ ਨਿਯਮ ਦਾ ਪਾਲਣ ਕਰਨ ਸਮੇਤ ਸੜਕ 'ਤੇ ਚਲਦੇ ਹੋਏ ਟ੍ਰੈਫਿਕ ਨਿਯਮਾਂ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਕੀਮਤੀ ਜਾਨਾ ਅਜਾਈ ਨਾ ਜਾਣ, ਇਸ ਲਈ ਸਾਨੂੰ ਸੁਚੇਤ ਹੋਣ ਦੀ ਲੋੜ ਹੈ।

ਉਨ੍ਹਾਂ ਡਰਾਈਵਰਾਂ ਨੂੰ ਜਾਗਰੂਕ ਕਰਦਿਆਂ ਸੜਕ ਸੁਰੱਖਿਆ ਚਿੰਨ੍ਹਾਂ ਦੀ ਜਾਣਕਾਰੀ ਵੀ ਦਿੱਤੀ । ਉਨ੍ਹਾਂ ਕਿਹਾ ਕਿ ਸੜਕਾਂ *ਤੇ ਜਾਂਦੇ ਹੋਏ ਵਹੀਕਲ ਚਲਾਉਂਦੇ ਸਮੇਂ ਸੀਟ ਬੈਲਟ ਤੇ ਹੈਲਮੈਟ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਵਹੀਕਲ ਦੀ ਗਤੀ ਵੀ ਹੋਲੀ ਰੱਖਣੀ ਚਾਹੀਦੀ ਹੈ। ਲਾਲ ਬਤੀ ਨੂੰ ਕਰਾਸ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਕਿਹਾ ਕਿ ਛੋਟੀਆਂ-ਛੋਟੀਆਂ ਗਲਾਂ ਦਾ ਧਿਆਨ ਰੱਖ ਕੇ ਅਸੀਂ ਆਪਣੇ ਖੁਦ ਦੇ ਨਾਲ-ਨਾਲ ਸਾਹਮਣੇ ਵਾਲਿਆਂ ਦੀ ਵੀ ਜਾਨ ਬਚਾ ਸਕਦੇ ਹਾਂ ਤੇ ਸੜਕੀ ਦੁਰਘਟਨਾਵਾਂ ਨੂੰ ਰੋਕਣ ਵਿਚ ਕਾਮਯਾਬ ਹੋ ਸਕਦੇ ਹਾਂ। ਇਸ ਮੌਕੇ ਉਨਾਂ ਟਰੈਫਿਕ ਨਿਯਮਾਂ ਦੀ ਪਾਲਣ ਨਾ ਕਰਨ ਵਾਲਿਆਂ ਖਿਲਾਫ ਸਖਤੀ ਕਰਦਿਆਂ ਚਲਾਨ ਵੀ ਕੱਟੇ।

ਇਸ ਮੌਕੇ ਟਰੈਫਿਕ ਇੰਚਾਰਜ ਫਾਜ਼ਿਲਕਾ ਪਰਮਜੀਤ ਸਿੰਘ, ਸੰਜੇ ਸਰਮਾ ਆਰਟੀਓ ਦਫਤਰ ਅਤੇ ਪੁਲਿਸ ਵਿਭਾਗ ਤੋਂ ਏ.ਐਸ.ਆਈ. ਮਲਕੀਤ ਸਿੰਘ ਵੱਲੋਂ ਟੈਕਸੀ ਚਾਲਕਾਂ ਨੂੰ ਇਸ ਮੁਹਿੰਮ ਸਬੰਧੀ ਪ੍ਰੇਰਿਤ ਕੀਤਾ ਗਿਆ।

## ਲੋਹੜੀ ਦਾ ਤਿਉਹਾਰ ਪੰਜਾਬ ਦੇ ਸਭ ਤੋਂ ਪ੍ਰਸਿੱਧ ਤੇ ਖੁਸ਼ੀਆਂ ਭਰਪੂਰ ਤਿਉਹਾਰਾਂ ਵਿੱਚੋਂ ਇੱਕ ਹੈ : ਵਿਧਾਇਕ ਜਗਰੂਪ ਗਿੱਲ

**ਬਠਿੰਡਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਹੜੀ ਦਾ ਤਿਉਹਾਰ ਪੰਜਾਬ ਦੇ ਸਭ ਤੋਂ ਪ੍ਰਸਿੱਧ ਤੇ ਖੁਸ਼ੀਆਂ ਭਰਪੂਰ ਤਿਉਹਾਰਾਂ ਵਿੱਚੋਂ ਇੱਕ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ ਸ਼ਹਿਰੀ ਸ ਜਗਰੂਪ ਸਿੰਘ ਗਿੱਲ ਨੇ ਸਥਾਨਕ ਸ਼ਹੀਦ ਮੇਜਰ ਰਵੀ ਇੰਦਰ ਸਿੰਘ ਸੰਧੂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਾਲ ਰੋਡ ਬਠਿੰਡਾ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ,ਸਕੂਲ ਦੀਆਂ ਵਿਦਿਆਰਥਣਾਂ ਅਤੇ ਸਕੂਲ ਦੇ ਸਟਾਫ ਨਾਲ ਲੋਹੜੀ ਦਾ ਤਿਉਹਾਰ ਮਨਾਉਣ ਉਪਰੰਤ ਕੀਤਾ। ਇਸ ਮੌਕੇ ਸ ਗਿੱਲ ਨੇ ਸਾਰਿਆਂ ਨੂੰ ਲੋਹੜੀ ਦੀਆਂ ਮੁਬਾਰਕਾਂ ਵੀ ਦਿੱਤੀਆਂ।

ਇਸ ਮੌਕੇ ਵਿਧਾਇਕ ਸ੍ ਗਿੱਲ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਤਿਉਹਾਰ ਨੂੰ ਬੜੀ ਧੂਮ-ਧਾਮ ਨਾਲ ਮਨਾਉਂਦੇ ਹਨ। ਇਹ ਤਿਉਹਾਰ ਖੁਸ਼ਹਾਲੀ, ਸੁੱਖ ਅਤੇ ਆਉਣ ਵਾਲੇ ਚੰਗੇ ਦਿਨਾਂ ਦਾ ਪ੍ਰਤੀਕ ਹੈ। ਇਸ ਤਿਉਹਾਰ ਨਾਲ ਕਈ ਲੋਕ ਕਥਾਵਾਂ ਅਤੇ ਪਰੰਪਰਾਵਾਂ ਜੁੜੀਆਂ ਹਨ।

ਇਸ ਦੌਰਾਨ ਵਿਧਾਇਕ ਸ ਗਿੱਲ ਨੇ ਕਿਹਾ ਕਿ ਲੋਹੜੀ ਦੇ ਤਿਉਹਾਰ ਨੂੰ ਮਨਾਉਣ ਪਿੱਛੇ ਕਈ ਪ੍ਰਚਲਿਤ ਕਹਾਣੀਆਂ ਹਨ। ਇਸ ਤਿਉਹਾਰ ਨੂੰ ਦੂਲਾ ਭੱਟੀ ਨਾਲ ਜੋੜਿਆ ਜਾਂਦਾ ਹੈ। ਲੋਕ ਕਥਾ ਅਨੁਸਾਰ ਦੁੱਲਾ ਭੱਟੀ ਨਾਂ ਦਾ ਇੱਕ ਆਦਮੀ ਸੀ ਜਿਸ ਨੇ ਕਈ ਕੁੜੀਆਂ ਨੂੰ ਅਮੀਰ ਵਪਾਰੀਆਂ ਤੋਂ ਬਚਾਇਆ ਸੀ। ਉਸ ਸਮੇਂ ਕੁੜੀਆਂ ਨੂੰ ਅਮੀਰ ਘਰਾਣਿਆਂ ਨੂੰ ਵੇਚ ਦਿੱਤਾ ਜਾਂਦਾ ਸੀ।

ਉਹਨਾਂ ਅੱਗੇ ਦੱਸਿਆ ਕਿ ਦੁੱਲਾ ਭੱਟੀ ਨੇ ਇਸ ਵਿਰੁੱਧ ਆਵਾਜ਼ ਉਠਾਈ ਅਤੇ ਸਾਰੀਆਂ ਕੁੜੀਆਂ ਨੂੰ ਬਚਾ ਲਿਆ। ਉਹ ਗਰੀਬ ਕੁੜੀਆਂ ਦੇ ਵਿਆਹ ਵੀ ਕਰਵਾਉਂਦਾ ਸੀ। ਇਸ ਲਈ ਲੋਹੜੀ ਵਾਲੇ ਦਿਨ ਦੁੱਲਾ ਭੱਟੀ ਨੂੰ ਯਾਦ ਕੀਤਾ ਜਾਂਦਾ ਹੈ, ਇਸ ਲਈ ਲੋਹੜੀ ਵਾਲੇ ਦਿਨ ਦੁੱਲਾ ਭੱਟੀ ਦੇ ਗੀਤ ਗਾਉਣ ਦੀ ਪਰੰਪਰਾ ਹੈ।ਇਸ ਮੌਕੇ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰ੍ਰੀਜ਼ ਡਿਵੈਲਪਮੈਂਟ ਬੋਰਡ ਸ੍ਰੀ ਨੀਲ ਗਰਗ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ, ਸਕੂਲ ਦੇ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫ਼ਸਰ, ਸਕੂਲ ਦਾ ਸਟਾਫ, ਬਲਾਕ ਪ੍ਰਧਾਨ ਅਤੇ ਹੋਰ ਅਹੁਦੇਦਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ




**ਸ੍ਰੀ ਆਨੰਦਪੁਰ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਗਨੀ ਭੇਟ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਲੋਹੜੀ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਤਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਪ੍ਰਿੰ. ਗੁਰਿੰਦਰ ਕੌਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਦੇ ਹੋਏ ਰਲ ਮਿਲ ਕੇ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਲੋਹੜੀ ਉੱਤਰ ਭਾਰਤ, ਖਾਸ ਕਰਕੇ ਪੰਜਾਬ ਤੇ ਹਰਿਆਣੇ ਦਾ ਖੇਤੀਬਾੜੀ ਨਾਲ ਸੰਬੰਧਿਤ ਇੱਕ ਮਸ਼ਹੂਰ ਤਿਉਹਾਰ ਹੈ ਜੋ ਪੂਰੇ ਦੇਸ਼ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਖਾਸ ਤੌਰ ਤੇ ਧੀਆਂ ਦੀ ਲੋਹੜੀ ਮਨਾ ਕੇ, ਮਨਾਂ ਚੋਂ ਨਫਰਤ ਅਤੇ ਬੁਰਾਈਆਂ ਦੂਰ ਕਰਕੇ, ਲੋੜਵੰਦਾਂ ਦੀ ਮਦਦ ਕਰਕੇ, ਖੁਸ਼ੀਆਂ ਅਤੇ ਮਿਠਾਸ ਵੰਡ ਕੇ ਮਨਾਉਣਾ ਚਾਹੀਦਾ ਹੈ। ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ। ਸਕੂਲ ਵੱਲੋਂ ਵਿਦਿਆਰਥੀਆਂ ਲਈ ਮੂੰਗਫਲੀ, ਗੱਚਕ, ਰਿਓੜੀਆਂ ਤੇ ਖਾਣ ਪੀਣ ਦੇ ਹੋਰ ਸਮਾਨ ਦਾ ਪ੍ਰਬੰਧ ਬਾਖੂਬੀ ਕੀਤਾ ਗਿਆ ਸੀ।

ਇਸ ਮੌਕੇ ਨਿਸ਼ਾ ਗਰਗ, ਨਰਿੰਦਰ ਕੌਰ, ਦੀਪਾਂਜਲੀ ਸ਼ਰਮਾ, ਸ਼ਾਂਤੀ ਦੇਵੀ, ਕੰਵਲਜੀਤ ਕੌਰ, ਰਜਿੰਦਰ ਕੌਰ,ਸ਼ਾਂਤੀ ਦੇਵੀ, ਰਵੀਇੰਦਰ ਕੌਰ, ਸੰਦੀਪ ਕੌਰ, ਸਤਿੰਦਰ ਕੌਰ, ਮਮਤਾ ਦੇਵੀ, ਆਂਸ਼ੂ, ਜਸਪ੍ਰੀਤ ਕੌਰ, ਸਪਨਾ ਰਾਣੀ,ਬਲਦੀਪ ਕੌਰ, ਹਰਜੀਤ ਕੌਰ,ਅਮਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ, ਰਾਕੇਸ਼ ਬੇਦੀ ਆਦਿ ਹਾਜ਼ਰ ਸਨ।

## ਮਾਛੀਵਾੜਾ ਸਾਹਿਬ ਦੇ ਆਂਗਨਵੜੀ ਸੈਂਟਰ ਨੰਬਰ 122 ਵਿੱਚ ਧੀਆਂ ਦੀ ਲੋਹੜੀ ਮਨਾਈ




**ਮਾਛੀਵਾੜਾ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਵਿਖੇ ਆਂਗਣਵਾੜੀ ਸੈਂਟਰ ਨੰਬਰ 122 ਵਿੱਚ ਬਾਲ ਵਿਕਾਸ ਪ੍ਰੋਗਰਾਮ ਅਫਸਰ ਦੇ ਦਿਸ਼ਾ-ਨਿਰਦੇਸ਼ ਹੇਠ ਵਿੱਚ ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ, ਅਨੀਤਾ ਰਾਣਓ ਸੁਪਰਵਾਈਜ਼ਰ ਦੀ ਆਗਵਾਈ ਵਿੱਚ ਧੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਸੇਸ਼ ਤੌਰਤੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਅਤੇ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਪੁਹੰਚੇ। ਸੁਰਿੰਦਰ ਕੁਮਾਰ ਸ਼ਿੰਦੀ ਅਤੇ ਮੋਹਿਤ ਕੁਮਾਰ ਕੁੰਦਰਾ ਨੇ ਧੀਆਂ ਦੀ ਲੋਹੜੀ ਦਾ ਸ਼ੁਭ ਆਰੰਭ ਕੀਤਾ। ਆਂਗਣਵਾੜੀ ਕੁਲਵੰਤ ਕੌਰ ਨੀਲੋਂ ਨੇ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਨਵ ਜੰਮੀਆਂ ਧੀਆਂ ਦੀ ਲੋਹੜੀ ਮਨਾਉਂਦੇ ਆ ਰਹੇ ਹਾਂ।

ਹਰ ਸਾਲ ਇਕ ਸਾਲ ਦੀਆਂ ਧੀਆਂ ਦੀ ਲੋਹੜੀ ਮਨਾਈ ਜਾਂਦੀ ਹੈ। ਧੀਆਂ ਦਾ ਸਤਿਕਾਰ ਕਰੋ ਪੁੱਤਰਾਂ ਵਾਗੂੰ ਪਿਆਰ ਕਰੋ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਸਾਨੂੰ ਧੀਆਂ ਨੂੰ ਕੁਖ ਵਿੱਚ ਨਹੀਂ ਮਾਰਨਾ ਚਾਹੀਦਾ। ਉਹਨਾਂ ਨੂੰ ਉਚ ਸਿੱਖਿਆ ਦਿਵਾਕੇ ਪੈਰੀਂ ਖੜ੍ਹੇ ਕਰਨਾ ਚਾਹੀਦਾ ਹੈ। ਇਸ ਮੌਕੇ ਕੌਂਸਲਰ ਸੁਰਿੰਦਰ ਕੁਮਾਰ

ਸ਼ਿੰਦੀ ,ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਰਿਟਾਇਰਡ ਇੰਸਪੈਕਟਰ ਜਗਦੇਵ ਸਿੰਘ, ਸਮਾਜ ਸੇਵੀ ਪਰਮਜੀਤ ਸਿੰਘ ਨੀਲੋਂ ਨੇ 9 ਨਵ ਜੰਮਿਆ ਧੀਆਂ ਨੂੰ ਗਿਫਟ, ਮੂੰਗਫਲੀ, ਆਦਿ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਸਾਬਕਾ ਕੌਂਸਲਰ ਪਰਮਜੀਤ ਪੰਮੀ,ਸੁਖਦੀਪ ਸਿੰਘ ਸੋਨੀ ਸਰਪੰਚ, ਦੀਪਕ ਢੋਲੀ,ਕਰਮਜੀਤ ਢੋਲੀ,ਗੁਰਦੀਪ ਸਿੰਘ, ਕੌਂਸਲਰ ਨੀਰਜ ਕੁਮਾਰ,ਸੁਖਵਿੰਦਰ ਮਾਨ, ਆਂਗਣਵਾੜੀ ਵਰਕਰ ਪਰਮਜੀਤ ਕੌਰ, ਜਸਵੀਰ ਕੌਰ, ਮਨਜੀਤ ਕੌਰ, ਪਰਮਿੰਦਰ ਕੌਰ,ਰਣਜੀਤ ਕੌਰ ਰਾਣੀ, ਬਲਵੰਤ ਸਿੰਘ, ਸਵਰਨ ਸਿੰਘ ਸੰਨੀ,ਕਮਲਜੀਤ ਸਿੰਘ ਕਰਨਦੀਪ ਸਿੰਘ, ਕੁਲਵੀਰ ਸਿੰਘ, ਅੱਛਰ ਰਾਮ ਮਲਕੀਤ ਕੌਰ, ਹੈਲਪਰ,ਗੁਰਪ੍ਰੀਤ ਕੌਰ, ਨੀਲਮ ਰਾਣੀ,ਭਵਨਦੀਪ ਸਿੰਘ ਨੀਲੋਂ,ਗੁਰਦੇਵ ਸਿੰਘ, ਬਲਵਿੰਦਰ ਸਿੰਘ ,ਗੁਰਪ੍ਰੀਤ ਗੋਲਡੀ,ਮਲਕੀਤ ਕੌਰ, ਬਲਦੇਵ ਕੌਰ, ਸੀਮਾਂ ਰਾਣੀ ਆਦਿ ਹਾਜ਼ਰ ਸਨ।

# ਟਰੂਡੋ ਵੱਲੋਂ ਅਗਲੀਆਂ ਚੋਣਾਂ ਨਾ ਲੜਨ ਦਾ ਐਲਾਨ

**ਵੈਨਕੂਵਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਢੇ 9 ਸਾਲਾਂ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਲਿਬਰਲ ਪਾਰਟੀ ਆਗੂ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਕੈਨੇਡਾ ਦੀਆਂ ਆਗਾਮੀ ਸੰਸਦੀ ਚੋਣਾਂ ਮੌਕੇ ਚੋਣ ਮੈਦਾਨ ਵਿੱਚ ਨਹੀਂ ਕੁੱਦਣਗੇ। ਉਹ ਕਿਊਬੈਕ ਸੂਬੇ ਵਿਚਲੇ ਪੈਪਨਿਊ ਸੰਸਦੀ ਹਲਕੇ ਤੋਂ 2008 ਵਿੱਚ ਪਹਿਲੀ ਵਾਰ ਸੰਸਦ ਮੈਂਬਰ ਬਣੇ ਸਨ ਤੇ ਉਦੋਂ ਤੋਂ ਉਥੋਂ ਚੋਣ ਲੜਦੇ ਤੇ ਜਿੱਤਦੇ ਆ ਰਹੇ ਸਨ। ਟਰੂਡੋ ਨੇ ਇਹ ਗੱਲ ਅਮਰੀਕਾ ਦੇ ਮਨੋਨੀਤ



ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਗਲੇ ਹਫਤੇ ਅਹੁਦਾ ਸੰਭਾਲਣ ਤੋਂ ਬਾਅਦ ਕੈਨੇਡਾ ਤੋਂ ਅਮਰੀਕਾ ਵਿਚ ਦਰਾਮਦ ਹੁੰਦੀਆਂ ਵਸਤਾਂ 'ਤੇ 25 ਫੀਸਦ ਟੈਰਿਫ ਲਾਉਣ ਦੇ ਕੀਤੇ ਗਏ ਐਲਾਨ ਨਾਲ ਨਜਿੱਠਣ ਦੀਆਂ ਨੀਤੀਆਂ ਘੜਨ ਲਈ ਸੱਦੀ ਗਈ ਕੈਨੇਡੀਅਨ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਕਹੀ। ਟਰੂਡੋ ਨੇ ਕਿਹਾ ਬੇਸ਼ੱਕ ਉਨ੍ਹਾਂ ਕੋਲ ਆਪਣੇ ਭਵਿੱਖ ਬਾਰੇ ਇਮਾਨਦਾਰੀ ਨਾਲ ਸੋਚਣ ਲਈ ਬਹੁਤਾ ਸਮਾਂ ਨਹੀਂ ਬਚਿਆ, ਪਰ ਉਸ ਨੇ ਇਹ ਤੈਅ ਕਰ ਕੇ ਪਾਰਟੀ ਨੂੰ ਦੱਸ ਦਿੱਤਾ ਹੈ ਕਿ ਆਉਂਦੀਆਂ ਚੋਣਾਂ ਮੌਕੇ ਉਸ ਦੇ ਹਲਕੇ ਤੋਂ ਕਿਸੇ ਹੋਰ ਦੀ ਉਮੀਦਵਾਰੀ ਵਿਚਾਰੀ ਜਾਏ। ਹਾਕਮ ਲਿਬਰਲ ਪਾਰਟੀ ਦੇ ਨਵੇਂ ਆਗੂ ਦੀ 9 ਮਾਰਚ ਨੂੰ ਹੋਣ ਵਾਲੀ ਚੋਣ ਲਈ ਹੁਣ ਮੈਦਾਨ ਵਿਚ ਦੋ ਹੀ ਸੰਜੀਦਾ ਉਮੀਦਵਾਰ - ਸਾਬਕਾ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ - ਹੀ ਰਹਿ ਗਏ ਹਨ। ਮਾਰਕ ਕਾਰਨੀ ਦੀ ਉਮੀਦਵਾਰੀ ਦੀ ਪੁਸ਼ਟੀ ਕਰਦਿਆਂ ਕੈਲਗਰੀ ਤੋਂ ਲਿਬਰਲ ਐਮਪੀ ਜਾਰਜ ਚਾਹਲ ਨੇ ਕਿਹਾ ਹੈ ਕਿ ਮਾਰਕ ਕਾਰਨੀ ਵੀਰਵਾਰ ਨੂੰ ਆਪਣੀ ਚੋਣ ਮੁੰਹਿਮ ਦਾ ਅਗਾਜ਼ ਐਡਮਿੰਟਨ ਤੋਂ ਕਰਨਗੇ.

# ਫਿਲਮ 'ਐਮਰਜੈਂਸੀ' ਨੂੰ ਪੰਜਾਬ 'ਚ ਰਿਲੀਜ਼ ਕੀਤੇ ਜਾਣ ਦਾ ਹੋ ਸਕਦੈ ਵਿਰੋਧ

**ਅੰਮ੍ਰਿਤਸਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਸੰਸਦ ਮੈਂਬਰ ਅਤੇ ਫਿਲਮ ਅਦਾਕਾਰਾ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਨੂੰ ਪੰਜਾਬ ਵਿੱਚ ਰਿਲੀਜ਼ ਕੀਤੇ ਜਾਣ 'ਤੇ ਸਿੱਖ ਜਗਤ ਦੇ ਰੋਸ ਅਤੇ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਸਬੰਧ ਵਿੱਚ ਇੱਕ ਪੱਤਰ ਭੇਜ ਕੇ ਇਸ ਫਿਲਮ 'ਤੇ ਸੂਬੇ ਵਿੱਚ ਰੋਕ ਲਗਾਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਸਾਫ਼ ਕਿਹਾ ਕਿ ਜੇ ਫਿਲਮ ਪੰਜਾਬ ਵਿਚ ਜਾਰੀ ਹੁੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਦਾ ਕਰੜਾ ਵਿਰੋਧ ਕਰੇਗੀ। ਇਹ ਫਿਲਮ ਭਲਕੇ 17 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ।

ਮੁੱਖ ਮੰਤਰੀ ਨੂੰ ਇਸ ਸਬੰਧੀ ਭੇਜੇ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਕੰਗਨਾ ਰਣੌਤ ਵੱਲੋਂ ਬਣਾਈ ਗਈ ਫ਼ਿਲਮ 'ਐਮਰਜੈਂਸੀ' ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ ਸਿਨੇਮਾ ਘਰਾਂ ਵਿੱਚ ਭਲਕੇ 17 ਜਨਵਰੀ ਨੂੰ ਲੱਗਣ ਜਾ ਰਹੀ ਹੈ ਅਤੇ ਇਸ ਸਬੰਧੀ ਟਿਕਟਾਂ ਵੀ ਬੁੱਕ ਹੋਣੀਆਂ ਸ਼ੁਰੂ ਹੋ ਗਈਆਂ ਹਨ। ਇਸ ਫਿਲਮ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਰੋਸ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ 14 ਨਵੰਬਰ 2024 ਨੂੰ ਇਤਰਾਜ਼ ਦਰਜ ਕਰਵਾਇਆ ਗਿਆ ਸੀ।

ਇਸ ਸਬੰਧ ਵਿੱਚ ਅੰਤਰਿੰਗ ਕਮੇਟੀ ਵੱਲੋਂ ਪਾਸ ਕੀਤਾ ਗਿਆ ਮਤਾ ਵੀ ਭੇਜਿਆ ਗਿਆ ਸੀ। ਇਸ ਮਤੇ ਵਿਚ ਦੋਸ਼ ਲਾਇਆ ਗਿਆ ਹੈ ਕਿ ਇਹ ਫਿਲਮ ਸਿੱਖਾਂ ਨੂੰ ਬਦਨਾਮ ਕਰਨ ਦੇ ਮੰਤਵ ਨਾਲ ਨੀਤੀਗਤ ਢੰਗ ਨਾਲ ਬਣਾਈ ਗਈ ਹੈ। ਇਸ ਲਈ ਇਸ ਫਿਲਮ ਨੂੰ ਪੰਜਾਬ ਵਿੱਚ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਤੇ ਰਾਹੀਂ ਇਸ ਫਿਲਮ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।

# ਸਰਕਾਰ ਵੱਲੋਂ ਕੇਂਦਰੀ ਮੁਲਾਜ਼ਮਾਂ ਲਈ 8ਵੇਂ ਤਨਖ਼ਾਹ ਕਮਿਸ਼ਨ ਦੀ ਸਥਾਪਨਾ ਨੂੰ ਮਨਜ਼ੂਰੀ

**ਨਵੀਂ ਦਿੱਲੀ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਵੱਡੇ ਫੈਸਲੇ ਵਿੱਚ ਕੇਂਦਰ ਸਰਕਾਰ ਨੇ ਵੀਰਵਾਰ ਨੂੰ ਕੇਂਦਰੀ ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਰਾਂ ਦੇ ਭੱਤਿਆਂ ਵਿੱਚ ਸੋਧ ਕਰਨ ਲਈ 8ਵੇਂ ਤਨਖ਼ਾਹ ਕਮਿਸ਼ਨ ਦੀ ਸਥਾਪਨਾ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ 8ਵੇਂ ਤਨਖ਼ਾਹ ਕਮਿਸ਼ਨ ਦੀ ਸਥਾਪਨਾ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਿਆ ਹੈ।

ਗ਼ੌਰਤਲਬ ਹੈ ਕਿ 7ਵੇਂ ਤਨਖ਼ਾਹ ਕਮਿਸ਼ਨ ਦੀ ਮਿਆਦ 2026 ਵਿੱਚ ਖਤਮ ਹੋ ਜਾਵੇਗੀ। ਮੰਤਰੀ ਵੈਸ਼ਨਵ ਨੇ ਕਿਹਾ, ਪ੍ਰਧਾਨ ਮੰਤਰੀ ਨੇ ਕੇਂਦਰੀ ਸਰਕਾਰੀ ਕਰਮਚਾਰੀਆਂ ਲਈ 8ਵੇਂ ਕੇਂਦਰੀ ਤਨਖ਼ਾਹ ਕਮਿਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਚੇਅਰਮੈਨ ਅਤੇ ਦੋ ਮੈਂਬਰਾਂ ਦੀ ਨਿਯੁਕਤੀ ਜਲਦੀ ਹੀ ਕੀਤੀ ਜਾਵੇਗੀ।

ਇਸ ਵੇਲੇ 49 ਲੱਖ ਤੋਂ ਵੱਧ ਕੇਂਦਰੀ ਸਰਕਾਰੀ ਕਰਮਚਾਰੀ ਅਤੇ ਲਗਭਗ 65 ਲੱਖ ਪੈਨਸ਼ਨਰ ਹਨ। ਮੰਤਰੀ ਨੇ ਹੋਰ ਕਿਹਾ ਕਿ 2025 ਵਿੱਚ ਨਵੇਂ ਤਨਖ਼ਾਹ ਕਮਿਸ਼ਨ ਦੀ ਸਥਾਪਨਾ ਇਹ ਯਕੀਨੀ



ਬਣਾਏਗੀ ਕਿ ਸੱਤਵੇਂ ਤਨਖ਼ਾਹ ਪੈਨਲ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਇਸ ਦੀਆਂ ਸਿਫ਼ਾਰਸ਼ਾਂ ਪ੍ਰਾਪਤ ਹੋ ਜਾਣ।

ਵੈਸ਼ਨਵ ਨੇ ਕਿਹਾ ਕਿ ਇਸ ਸਬੰਧੀ ਕੇਂਦਰ ਅਤੇ ਰਾਜ ਸਰਕਾਰਾਂ ਅਤੇ ਹੋਰ ਸਬੰਧਤ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ।

ਗ਼ੌਰਤਲਬ ਹੈ ਕਿ 1947 ਤੋਂ ਸਰਕਾਰ ਨੇ ਸੱਤ ਤਨਖ਼ਾਹ ਕਮਿਸ਼ਨਾਂ ਦਾ ਗਠਨ ਕੀਤਾ ਹੈ। ਸਰਕਾਰੀ ਕਰਮਚਾਰੀਆਂ ਲਈ ਤਨਖ਼ਾਹ ਢਾਂਚੇ, ਲਾਭਾਂ ਅਤੇ ਭੱਤਿਆਂ ਦਾ ਫੈਸਲਾ ਕਰਨ ਵਿੱਚ ਤਨਖ਼ਾਹ ਕਮਿਸ਼ਨ ਦੀ ਮੁੱਖ ਭੂਮਿਕਾ ਹੈ।

ਜ਼ਿਆਦਾਤਰ ਸਰਕਾਰੀ ਮਾਲਕੀ ਵਾਲੀਆਂ ਸੰਸਥਾਵਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਦੀਆਂ ਹਨ। 7ਵਾਂ ਤਨਖ਼ਾਹ ਕਮਿਸ਼ਨ 2014 ਵਿੱਚ ਗਠਿਤ ਕੀਤਾ ਗਿਆ ਸੀ ਅਤੇ ਇਸ ਦੀਆਂ ਸਿਫ਼ਾਰਸ਼ਾਂ 1 ਜਨਵਰੀ, 2016 ਨੂੰ ਲਾਗੂ ਕੀਤੀਆਂ ਗਈਆਂ ਸਨ।

# ਪੋਪ ਫਰਾਂਸਿਸ ਨੂੰ ਡਿੱਗਣ ਕਾਰਨ ਬਾਂਹ 'ਤੇ ਸੱਟ ਲੱਗੀ

**ਰੋਮ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਰਵਾਰ ਨੂੰ ਡਿੱਗ ਪਏ ਅਤੇ ਇਸ ਕਾਰਨ ਉਨ੍ਹਾਂ ਦੀ ਬਾਂਹ 'ਤੇ ਹੱਥ ਵਿੱਚ ਸੱਟ ਲੱਗ ਗਈ ਹੈ। ਇਹ ਜਾਣਕਾਰੀ ਵੈਟੀਕਨ ਨੇ ਇਕ ਬਿਆਨ ਵਿਚ ਦਿੱਤੀ ਹੈ। ਗ਼ੌਰਤਲਬ ਹੈ ਕਿ ਪੋਪ ਦੇ ਜ਼ਾਹਰਾ ਤੌਰ 'ਤੇ ਡਿੱਗਣ ਦੀ ਇਹ ਕੁਝ ਹਫ਼ਤਿਆਂ ਵਿਚ ਹੀ ਦੂਜੀ ਘਟਨਾ ਵਾਪਰੀ ਹੈ। ਇਸ ਤੋਂ ਪਹਿਲਾਂ ਡਿੱਗਣ ਕਾਰਨ ਉਨ੍ਹਾਂ ਦੀ ਠੋਡੀ 'ਤੇ ਬੁਰੀ ਤਰ੍ਹਾਂ ਸੱਟ ਲੱਗ ਗਈ ਸੀ।ਵੈਟੀਕਨ ਦੇ ਬੁਲਾਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਅੱਜ ਦੀ ਡਿੱਗਣ ਦੀ ਘਟਨਾ ਕਾਰਨ ਪੋਪ ਫਰਾਂਸਿਸ ਦੀ ਬਾਂਹ ਨਹੀਂ ਟੁੱਟੀ ਪਰ ਤਾਂ ਵੀ ਉਨ੍ਹਾਂ ਦੀ ਬਾਹ ਨੂੰ ਚੌਕਸੀ ਵਜੋਂ ਇੱਕ ਸਲਿੰਗ ਲਗਾਈ ਗਈ ਹੈ।

# ਪੰਜਾਬ ਸਰਕਾਰ ਵੱਲੋਂ ਦਿਵਿਆਂਗਜਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਅਧਿਕਾਰੀ ਨਿਯੁਕਤ: ਡਾ. ਬਲਜੀਤ ਕੌਰ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਭਾਗ ਵੱਲੋਂ ਦਿਵਿਆਂਗਜਨਾਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।



ਇਸੇ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਰਾਈਟ ਆਫ ਪਰਸਨਜ਼ ਵਿਦ ਡਿਸਏਬਿਲਟੀ (ਆਰ.ਪੀ.ਡਬਲਿਊ.ਡੀ) ਐਕਟ, 2016 ਦੀ ਧਾਰਾ-23 ਦੇ ਅਧੀਨ ਦਿਵਿਆਂਗਜਨਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸ਼ਿਕਾਇਤ ਨਿਵਾਰਣ ਅਫਸਰ ਨਿਯੁਕਤ ਕੀਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਦੇ ਦਿਵਿਆਂਗਜਨਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਢੁਕਵਾਂ ਨਿਪਟਾਰਾ ਕਰਨ ਲਈ ਸਮੂਹ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਅਮਲਾ ਪੱਧਰ ਤੇ ਸ਼ਿਕਾਇਤ ਨਿਵਾਰਣ ਅਫਸਰ ਨਿਯੁਕਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਮੰਤਰੀ ਨੇ ਦੱਸਿਆ ਕਿ ਨਿਯੁਕਤ ਸ਼ਿਕਾਇਤ ਨਿਵਾਰਣ ਅਫਸਰ ਦਿਵਿਆਂਗਜਨਾਂ ਨੂੰ ਨੌਕਰੀ ਦੌਰਾਨ ਕਿਸੇ ਵੀ ਤਰ੍ਹਾਂ ਦੇ ਪੱਖ-ਪਾਤ, ਅੜਿਚਣ ਰਹਿਤ ਵਾਤਾਵਰਣ ਅਤੇ ਤਰੱਕੀ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਕਰਨਗੇ। ਉਹਨਾਂ ਦੱਸਿਆ ਕਿ ਸ਼ਿਕਾਇਤ ਪ੍ਰਾਪਤ ਹੋਣ ਤੋਂ ਦੋ ਹਫਤਿਆਂ ਦੇ ਅੰਦਰ-ਅੰਦਰ ਜਾਂਚ ਪੂਰੀ ਕਰਨੀ ਜ਼ਰੂਰੀ ਹੋਵੇਗੀ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਿਵਿਆਂਗਜਨਾਂ ਦੀਆਂ ਸ਼ਿਕਾਇਤਾਂ ਦਾ ਨਿਵਾਰਣ ਕਰਨ ਸਮੇਂ ਰਿਕਾਰਡ ਰੱਖਣ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦਿਵਿਆਂਗਜਨਾਂ ਦੀ ਭਲਾਈ ਲਈ ਵਚਨਬੱਧ ਹੈ।

ਡਾ. ਬਲਜੀਤ ਕੌਰ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਵੱਖ-ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਯੂਨੀਵਰਸਿਟੀਆਂ ਵੱਲੋਂ ਨਿਯੁਕਤ ਸ਼ਿਕਾਇਤ ਨਿਵਾਰਣ ਅਫਸਰਾਂ ਦੇ ਨਾਮ ਅਤੇ ਫੋਨ ਨੰਬਰ ਵਿਭਾਗ ਦੀ ਵੈਬਸਾਈਟ ਤੇ ਇੱਕ ਮਹੀਨੇ ਦੇ ਅੰਦਰ-ਅੰਦਰ ਉਪਲੱਬਧ ਕਰਵਾਉਣ ਲਈ ਕਿਹਾ।

# ਦਿੱਲੀ ਚੋਣਾਂ ਵਿੱਚ ਡੱਟੀ ਪ੍ਰਧਾਨ ਰੰਧਾਵਾ ਅਤੇ ਪੰਜਾਬ ਮਹਿਲਾ ਕਾਂਗਰਸ

## ਅਲਕਾ ਲਾਂਬਾ ਦੇ ਨਾਲ ਨਾਲ ਹੋਰਨਾਂ ਉਮੀਦਵਾਰਾਂ ਲਈ ਵੀ ਕਰ ਰਹੇ ਨੇ ਪ੍ਰਚਾਰ

**ਦਿੱਲੀ/ਲੁਧਿਆਣਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਾਰੀਆਂ ਪਾਰਟੀਆਂ ਲੋਹੜੀ ਤੋਂ ਬਾਦ ਪੱਬਾਂ ਭਾਰ ਹੋ ਕੇ ਪ੍ਰਚਾਰ ਕਰ ਰਹੀਆਂ ਹਨ ਪਰ ਇਥੇ ਜ਼ਿਕਰਯੋਗ ਹੈ ਕਿ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਅਤੇ ਉਨਾਂ ਦੀ ਟੀਮ ਪੰਜਾਬ ਮਹਿਲਾ ਕਾਂਗਰਸ ਪਿਛਲੇ ਇੱਕ ਹਫਤੇ ਤੋਂ ਕਾਲਕਾ ਜੀ ਵਿੱਚ ਅਲਕਾ ਲਾਂਬਾ ਜੀ ਦੇ ਹੱਕ ਵਿੱਚ ਚੋਣ ਕਮਾਂਡ ਸੰਭਾਲੀ ਬੈਠੇ ਹਨ। ਇੱਥੇ ਜ਼ਿਕਰਯੋਗ ਹੈ ਕਿ ਬੀਬੀ ਰੰਧਾਵਾ ਨੂੰ ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਕੇਸੀ ਵੇਣੂਗੋਪਾਲ ਜੀ ਵੱਲੋਂ ਕ੍ਰਿਸ਼ਨਾ ਨਗਰ ਵਿਧਾਨ ਸਭਾ ਵਿੱਚ ਅਬਜਰਵਰ ਨਿਯੁਕਤ ਕੀਤਾ ਗਿਆ ਹੈ ਪਰ ਜਦੋਂ ਤੋਂ ਅਲਕਾ ਲਾਂਬਾ ਜੀ ਨੂੰ ਕਾਲਕਾ ਜੀ ਤੋਂ ਟਿਕਟ ਮਿਲੀ ਹੈ ਰੰਧਾਵਾ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਾਰਰੂਮ ਵੱਲੋਂ ਕਾਲਕਾਜੀ ਵਿਚ ਅਲਕਾ ਲਾਂਬਾ ਦੇ ਹੱਕ ਅਤੇ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਦੇ ਵਿਰੋਧ ਵਿੱਚ ਚੋਣ ਪ੍ਰਚਾਰ ਕਰਨ ਨੂੰ ਵੀ ਕਿਹਾ ਗਿਆ ਹੈ।

ਹੁਣ ਪੰਜਾਬ ਮਹਿਲਾ ਕਾਂਗਰਸ ਦੀ



ਟੀਮ ਕਾਲਕਾ ਜੀ ਵਿਧਾਨ ਸਭਾ ਵਿੱਚ ਡੱਟ ਕੇ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਸਾਂਸਦ ਸੁਖਜਿੰਦਰ ਰੰਧਾਵਾ ਤੇ ਦਿੱਲੀ ਦੇ ਸੈਕਟਰੀ ਇੰਚਾਰਜ ਸੁਖਵਿੰਦਰ ਡੈਨੀ ਦੇ ਅਦੇਸ਼ ਅਨੁਸਾਰ ਉਹ ਦਿੱਲੀ ਕਾਂਗਰਸ ਦੇ ਪ੍ਰਧਾਨ ਦਵਿੰਦਰ ਯਾਦਵ ਜੀ ਦੇ ਵਿਧਾਨ ਸਭਾ ਹਲਕਾ ਬਾਦਲੀ ਵਿੱਚ ਵੀ ਪ੍ਰਚਾਰ ਕਰ ਰਹੇ ਹਨ।

ਇਸਦੇ ਨਾਲ ਨਾਲ ਐਲਓਪੀ ਪ੍ਰਤਾਪ ਸਿੰਘ ਬਾਜਵਾ ਜੀ ਦੇ ਆਦੇਸ਼ ਅਨੁਸਾਰ ਉਹ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦਿਕਸ਼ਿਤ ਦੇ ਹਲਕੇ ਵਿੱਚ ਜਾ ਕੇ ਆਪ ਸੁਪਰੀਮੋ ਕੇਜਰੀਵਾਲ ਦੇ ਖਿਲਾਫ ਵੀ ਪ੍ਰਚਾਰ ਕਰਨਗੇ।ਅੱਜ ਬੀਬੀ ਰੰਧਾਵਾ ਨੇ ਪਟਿਆਲਾ ਤੋਂ ਸਾਂਸਦ ਡਾਕਟਰ ਧਰਮਵੀਰ ਗਾਂਧੀ ਜੀ ਦੇ ਨਾਲ ਵੀ ਕਾਲਕਾ ਜੀ ਵਿੱਚ ਚੋਣ ਪ੍ਰਚਾਰ ਕੀਤਾ। ਬੀਬੀ ਰੰਧਾਵਾ ਨੇ ਇੱਕ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਰਾਹੁਲ ਗਾਂਧੀ ਜੀ ਵੱਲੋਂ ਕੱਢੀ ਗਈ ਭਾਰਤ ਜੋੜੋ ਯਾਤਰਾ ਤੋਂ ਬਾਅਦ ਦੇਸ਼ ਦੇ ਲੋਕ ਦਿੱਲੀ ਵਿੱਚ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਲਈ ਉਤਾਵਲੇ ਹਨ।

ਰੰਧਾਵਾ ਨੇ ਕਿਹਾ ਕਿ ਪੰਜਾਬ ਵਿੱਚ ਦਿੱਲੀ ਮਾਡਲ ਦੀਆਂ ਗੱਲਾਂ ਕਰਨ ਵਾਲੀ ਕੇਜਰੀਵਾਲ ਦੀ ਪਾਰਟੀ ਦਿੱਲੀ ਵਿੱਚ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ।

ਦਿੱਲੀ ਵਿੱਚ ਸੜਕਾਂ ਦੀ ਹਾਲਤ ਪਿੰਡਾਂ ਨਾਲੋਂ ਵੀ ਭੈੜੀ ਹੈ। ਨਾ ਤਾਂ ਦਿੱਲੀ ਵਿੱਚ ਕਿਤੇ ਸਿੱਖਿਆ ਮਾਡਲ ਨਜ਼ਰ ਆਉਂਦਾ ਹੈ ਨਾ ਹੀ ਸਿਹਤ ਮਾਡਲ। ਬੀਬੀ ਰੰਧਾਵਾ ਨੇ ਕਿਹਾ ਕਿ ਦਿੱਲੀ ਦੇ ਲੋਕ ਕਾਂਗਰਸ ਸਰਕਾਰ ਨੂੰ ਯਾਦ ਕਰ ਰਹੇ ਹਨ ਜਦੋਂ ਸ਼ੀਲਾ ਦੀਕਸ਼ਿਤ ਜੀ ਦੀ ਅਗਵਾਈ ਹੇਠ ਦਿੱਲੀ ਵਿੱਚ ਬੇਅਥਾਹ ਵਿਕਾਸ ਹੋਇਆ।

# 10000 ਰੁਪਏ ਰਿਸ਼ਵਤ ਦੀ ਮੰਗ ਕਰਨ ਵਾਲਾ ਨਿੱਜੀ ਸੁਰੱਖਿਆ ਗਾਰਡ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਸਿਵਲ ਹਸਪਤਾਲ ਜਲੰਧਰ ਵਿੱਚ ਤਾਇਨਾਤ ਇੱਕ ਨਿੱਜੀ ਸੁਰੱਖਿਆ ਗਾਰਡ ਨਰਿੰਦਰ ਕੁਮਾਰ ਵਾਸੀ ਪਿੰਡ ਚੱਕ ਸਾਧੂ ਵਾਲਾ (ਜ਼ਿਲ੍ਹਾ ਹੁਸ਼ਿਆਰਪੁਰ ) ਨੂੰ ਇੱਕ ਪੀਸੀਐਮਐਸ ਡਾਕਟਰ ਦੇ ਨਾਮ 'ਤੇ 10,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਕੇਸ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਮੱਲਾਂਵਾਲਾ ਖਾਸ ਦੇ ਵਸਨੀਕ ਲੋਕੇਸ਼ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ



ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਨੇ ਆਪਣੀ ਰਿਸ਼ਤੇਦਾਰ ਲਈ ਅਪੰਗਤਾ ਸਰਟੀਫਿਕੇਟ ਜਾਰੀ ਕਰਨ ਲਈ ਸਿਵਲ ਸਰਜਨ ਜਲੰਧਰ ਦੇ ਦਫ਼ਤਰ ਵਿੱਚ ਇੱਕ ਆਰਥੋਪੀਡਿਕਸ ਮਾਹਰ ਕੋਲ ਪਹੁੰਚ ਕੀਤੀ ਸੀ ਪਰ ਈ-ਟਰਾਈਸਾਈਕਲ ਖਰੀਦਣ ਲਈ ਉਹ ਲੋੜੀਂਦੀ ਅਪੰਗਤਾ ਫੀਸਦ ਪ੍ਰਾਪਤ ਨਹੀਂ ਸੀ ਕਰ ਸਕੀ। ਬਾਅਦ ਵਿੱਚ ਸਬੰਧਤ ਡਾਕਟਰ ਵੱਲੋਂ ਆਪਣੇ ਦਫ਼ਤਰ ਦੇ ਬਾਹਰ ਤਾਇਨਾਤ ਕੀਤੇ ਉਕਤ ਸੁਰੱਖਿਆ ਗਾਰਡ ਨੇ ਅਪੰਗਤਾ ਸਰਟੀਫਿਕੇਟ ਦੀ ਫ਼ੀਸਦ ਵਧਾਉਣ ਬਦਲੇ 10000 ਰੁਪਏ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਮੁਲਜ਼ਮ ਨਾਲ ਹੋਈ ਗੱਲਬਾਤ ਆਪਣੇ ਫ਼ੋਨ 'ਤੇ ਰਿਕਾਰਡ ਕਰ ਲਈ ਸੀ ਜਿਸਨੂੰ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਜਮ੍ਹਾਂ ਕਰਵਾ ਦਿੱਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਤਸਦੀਕ ਦੌਰਾਨ ਇਹ ਸਹੀ -ਵ-ਦਰੁਸਤ ਪਾਏ ਗਏ ਹਨ ਕਿਉਂਕਿ ਇਨ੍ਹਾਂ ਨੂੰ ਮੌਖਿਕ ਸਬੂਤਾਂ ਦੇ ਨਾਲ-ਨਾਲ ਗੱਲਬਾਤ ਦੀ ਰਿਕਾਰਡਿੰਗ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਤਸਦੀਕ ਰਿਪੋਰਟ ਦੇ ਆਧਾਰ 'ਤੇ, ਉਕਤ ਮੁਲਜ਼ਮ ਨਰਿੰਦਰ ਕੁਮਾਰ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਉਕਤ ਦੋਸ਼ੀ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਹੋਰ ਜਾਂਚ ਜਾਰੀ ਹੈ।

# ਯੂ.ਡੀ.ਆਈ.ਡੀ ਕਾਰਡ ਬਣਾਉਣ ਵਿੱਚ ਜ਼ਿਲ੍ਹਾ ਬਰਨਾਲਾ ਪੰਜਾਬ ਭਰ ਵਿੱਚੋਂ ਮੋਹਰੀ

## ਸੰਸਦ ਮੈਂਬਰ ਮੀਤ ਹੇਅਰ ਵਲੋਂ ਸਿਹਤ ਵਿਭਾਗ ਦੇ ਅਮਲੇ ਦਾ ਸਨਮਾਨ

**ਬਰਨਾਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਬਰਨਾਲਾ ਵਲੋਂ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ ਏ ਐਸ ਦੇ ਦਿਸ਼ਾ - ਨਿਰਦੇਸ਼ਾਂ ਤਹਿਤ ਦਿਵਿਆਂਗਜਨ ਨੂੰ ਸੇਵਾਵਾਂ ਦਿੰਦੇ ਹੋਏ ਨਵੰਬਰ ਤੇ ਦਸੰਬਰ 2024 ਦੌਰਾਨ 65 ਫੀਸਦੀ ਤੋਂ ਵੱਧ ਦਿਵਿਆਂਗਜਨ ਨੂੰ ਯੂ.ਡੀ.ਆਈ.ਡੀ ਕਾਰਡ ( ਯੂਨੀਕ ਡੀਸੇਬਿਲਟੀ ਆਡੇਂਟੀਫਿਕੇਸ਼ਨ ਕਾਰਡ) ਬਣਾਉਣ ਵਿੱਚ ਪੰਜਾਬ ਵਿੱਚੋਂ ਮੋਹਰੀ ਸਥਾਨ ਹਾਸਲ ਕੀਤਾ ਗਿਆ ਹੈ।



ਇਸ ਪ੍ਰਾਪਤੀ ਲਈ ਸੰਸਦ ਮੈਂਬਰ ਸੰਗਰੂਰ ਸ. ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸਿਹਤ ਵਿਭਾਗ ਦੀ ਸ਼ਲਾਘਾ ਕੀਤੀ ਗਈ ਅਤੇ ਇਹ ਸੇਵਾਵਾਂ ਨਿਭਾਉਣ ਵਾਲੇ ਕਸ਼ਮੀਰ ਸਿੰਘ ਸਟੈਨੋ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਸਿਵਲ ਸਰਜਨ ਬਰਨਾਲਾ ਡਾ. ਬਲਦੇਵ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਦਿਵਿਆਂਗ ਲੋਕਾਂ ਨੂੰ ਲਾਭ ਦੇਣ ਲਈ ਬਣਾਏ ਜਾਂਦੇ ਸਰਟੀਫਿਕੇਟ (ਯੂ. ਡੀ. ਆਈ. ਡੀ ) ਜਾਰੀ ਕਰਨ ਦਾ ਕੰਮ ਆਨਲਾਇਨ ਹੋ ਗਿਆ ਹੈ, ਇਸ ਲਈ ਇਹ ਸੇਵਾਵਾਂ ਲੈਣ ਲਈ ਆਉਣ ਵਾਲੇ ਦਿਵਿਆਂਗਜਨ ਦੀ ਤਕਲੀਫ ਸਮਝਦੇ ਹੋਏ ਉਨ੍ਹਾਂ ਨੂੰ ਉੱਤਮ ਸੇਵਾਵਾਂ ਦੇਣ ਲਈ ਹਰ ਸੰਭਵ ਯਤਨ ਕੀਤੇ ਜਾਂਦੇ ਹਨ।

ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਕਸ਼ਮੀਰ ਸਿੰਘ ਸਟੈਨੋ ਖੁਦ ਦਿਵਿਆਂਗ ਹੋਣ ਦੇ ਬਾਵਜੂਦ ਸਰਟੀਫਿਕੇਟ ਦੀਆਂ ਸੇਵਾਵਾਂ ਬੜੀ ਮਿਹਨਤ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਕਰਦੇ ਹਨ। ਇਸ ਬਦੌਲਤ ਸਿਹਤ ਵਿਭਾਗ ਬਰਨਾਲਾ ਨੇ ਕਾਰਡ ਬਣਾਉਣ ਦੀਆਂ ਸੇਵਾਵਾਂ ਵਿੱਚ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਡਾ. ਸੰਧੂ ਨੇ ਕਿਹਾ ਕਿ ਸਿਹਤ ਵਿਭਾਗ ਬਰਨਾਲਾ ਵਲੋਂ ਦਿਵਿਆਂਗ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਲਾਭ ਦੇਣ ਲਈ ਤੇਜ਼ੀ ਨਾਲ ਆਨਲਾਇਨ ਪੈਂਡਿਗ ਕੇਸਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

# ਸੈਫ਼ ਅਲੀ ਖ਼ਾਨ 'ਤੇ ਘਰ 'ਚ ਵੜ ਕੇ ਹਮਲਾ, ਚਾਕੂ ਲੱਗਣ ਕਾਰਨ ਹਸਪਤਾਲ ਜ਼ੇਰੇ ਇਲਾਜ

**ਮੁੰਬਈ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਡ ਅਦਾਕਾਰ ਸੈਫ਼ ਅਲੀ ਖ਼ਾਨ 'ਤੇ ਵੀਰਵਾਰ ਤੜਕੇ ਇਕ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਦੇ ਘਰ ਵਿਚ ਵੜ ਕੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਚਾਕੂ ਲੱਗਣ ਕਾਰਨ ਅਦਾਕਾਰ ਗੰਭੀਰ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਖ਼ਾਨ (54) ਨੂੰ ਇਲਾਜ ਲਈ ਲੀਲਾਵਤੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਇਹ ਘਟਨਾ ਉਨ੍ਹਾਂ ਦੇ ਬਾਂਦਰਾ ਸਥਿਤ ਘਰ 'ਚ ਤੜਕੇ ਕਰੀਬ 2.30 ਵਜੇ ਵਾਪਰੀ। ਲੀਲਾਵਤੀ ਹਸਪਤਾਲ ਦੇ ਸੀਓਓ ਡਾ. ਨੀਰਜ ਉਤਮਾਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਖ਼ਾਨ 'ਤੇ ਉਨ੍ਹਾਂ ਦੇ ਬਾਂਦਰਾ ਸਥਿਤ ਘਰ 'ਤੇ ਇੱਕ ਅਣਪਛਾਤੇ ਵਿਅਕਤੀ ਨੇ ਚਾਕੂ ਨਾਲ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਤੜਕੇ 3.30 ਵਜੇ ਹਸਪਤਾਲ ਲਿਆਂਦਾ ਗਿਆ।

ਡਾਕਟਰ ਉਤਮਾਨੀ ਨੇ ਕਿਹਾ, ਸੈਫ ਨੂੰ ਛੇ ਵਾਰ ਚਾਕੂ ਮਾਰਿਆ ਗਿਆ ਸੀ। ਉਸਦੇ ਦੋ ਡੂੰਘੇ ਜ਼ਖ਼ਮ ਹਨ, ਜਿਨ੍ਹਾਂ ਵਿੱਚੋਂ ਇੱਕ ਉਸਦੀ ਰੀੜ੍ਹ ਦੀ ਹੱਡੀ ਦੇ ਨੇੜੇ ਹੈ।



ਨਿਊਰੋਸਰਜਨ ਡਾ. ਨਿਤਿਨ ਡਾਂਗੇ, ਕਾਸਮੈਟਿਕ ਸਰਜਨ ਡਾ. ਲੀਨਾ ਜੈਨ ਅਤੇ ਐਨਸਥੀਜ਼ਿਆਲੋਜਿਸਟ ਡਾ. ਨਿਸ਼ਾ ਗਾਂਧੀ ਦੀ ਅਗਵਾਈ ਹੇਠ ਡਾਕਟਰਾਂ ਦੀ ਇੱਕ ਟੀਮ ਉਨ੍ਹਾਂ ਦਾ ਅਪਰੇਸ਼ਨ ਕਰ ਰਹੀ ਹੈ। ਸੈਫ਼ ਦੀ ਪਤਨੀ ਅਤੇ ਅਦਾਕਾਰਾ ਕਰੀਨਾ ਕਪੂਰ ਦੀ ਟੀਮ ਨੇ ਇੱਕ ਬਿਆਨ ਵਿੱਚ ਕਿਹਾ, ਕੱਲ੍ਹ ਰਾਤ ਸੈਫ ਅਲੀ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਕਰੀਨਾ ਕਪੂਰ ਖ਼ਾਨ ਦੇ ਘਰ ਚੋਰੀ ਦੀ ਕੋਸ਼ਿਸ਼ ਕੀਤੀ ਗਈ। ਸੈਫ਼ ਦੇ ਹੱਥ 'ਤੇ ਸੱਟ ਲੱਗੀ ਹੈ ਅਤੇ ਉਹ ਇਲਾਜ ਲਈ ਹਸਪਤਾਲ ਵਿੱਚ ਹੈ। ਪਰਿਵਾਰ ਦੇ ਬਾਕੀ ਮੈਂਬਰ ਠੀਕ ਹਨ।

ਬਿਆਨ ਵਿੱਚ ਕਿਹਾ ਗਿਆ ਹੈ, ਅਸੀਂ ਮੀਡੀਆ ਅਤੇ ਪ੍ਰਸ਼ੰਸਕਾਂ ਨੂੰ ਸਬਰ ਰੱਖਣ ਅਤੇ ਕਿਆਫ਼ੇ ਨਾ ਲਗਾਉਣ ਦੀ ਬੇਨਤੀ ਕਰਦੇ ਹਾਂ। ਪੁਲੀਸ ਪਹਿਲਾਂ ਹੀ ਆਪਣੀ ਜਾਂਚ ਕਰ ਰਹੀ ਹੈ। ਤੁਹਾਡੀਆਂ ਚਿੰਤਾਵਾਂ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ।

ਸੈਫ ਅਲੀ ਖ਼ਾਨ ਦੇ ਲੋਕ ਸੰਪਰਕ ਪ੍ਰਤੀਨਿਧੀ ਨੇ ਵੀ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦੇ ਘਰ 'ਤੇ 'ਚੋਰੀ ਦੀ ਕੋਸ਼ਿਸ਼' ਹੋਈ ਸੀ। ਬਿਆਨ ਮੁਤਾਬਕ, ਉਹ ਇਸ ਸਮੇਂ ਹਸਪਤਾਲ ਵਿੱਚ ਹਨ ਅਤੇ ਉਨ੍ਹਾਂ ਦੀ ਸਰਜਰੀ ਹੋ ਰਹੀ ਹੈ। ਉਨ੍ਹਾਂ ਕਿਹਾ, "ਅਸੀਂ ਮੀਡੀਆ ਅਤੇ ਪ੍ਰਸ਼ੰਸਕਾਂ ਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਸਬਰ ਰੱਖੋ। ਇਹ ਪੁਲੀਸ ਦਾ ਮਾਮਲਾ ਹੈ ਅਤੇ ਅਸੀਂ ਤੁਹਾਨੂੰ ਸਥਿਤੀ ਬਾਰੇ ਅਪਡੇਟ ਦਿੰਦੇ ਰਹਾਂਗੇ।"

ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਣਕਾਰੀ ਅਨੁਸਾਰ, ਇੱਕ ਅਣਜਾਣ ਵਿਅਕਤੀ ਸੈਫ ਅਲੀ ਖ਼ਾਨ ਦੇ ਘਰ ਵਿੱਚ ਦਾਖਲ ਹੋਇਆ ਅਤੇ ਦੋਵਾਂ ਵਿਚਕਾਰ ਝਗੜਾ ਹੋ ਗਿਆ। ਘਟਨਾ ਸਮੇਂ ਅਦਾਕਾਰ ਦੇ ਕੁਝ ਪਰਿਵਾਰਕ ਮੈਂਬਰ ਘਰ ਵਿੱਚ ਮੌਜੂਦ ਸਨ।

# ਮਰਨ ਵਰਤ 'ਤੇ ਬੈਠੇ ਇਕ ਕਿਸਾਨ ਨੂੰ ਪਿਆ ਮਿਰਗੀ ਦਾ ਦੌਰਾ

**ਪਾਤੜਾਂ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਮਰਨ ਵਰਤ 'ਤੇ ਬੈਠੇ 111 ਕਿਸਾਨਾਂ ਦੇ ਜਥੇ ਦਾ ਵੀਰਵਾਰ ਨੂੰ ਦੂਜਾ ਦਿਨ ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ 52ਵਾਂ ਦਿਨ ਜਾਰੀ ਹੈ। ਉਨ੍ਹਾਂ ਦੀ ਸਿਹਤ ਲਗਾਤਾਰ ਚਿੰਤਾਜਨਕ ਬਣੀ ਹੋਈ ਹੈ।

ਇਸ ਦੌਰਾਨ ਮਰਨ ਵਰਤ 'ਤੇ ਬੈਠੇ 111 ਕਿਸਾਨਾਂ ਵਿੱਚੋਂ ਪ੍ਰਿਤਪਾਲ ਸਿੰਘ ਨੂੰ ਅੱਜ ਮਿਰਗੀ ਦਾ ਦੌਰਾ ਪੈਣ ਕਰ ਕੇ ਬਾਰਡਰ 'ਤੇ ਹਫੜਾ-ਦਫੜੀ ਮੱਚ ਗਈ। ਕਿਸਾਨਾਂ ਦੀ ਦੇਖਭਾਲ ਕਰਦੀ ਡਾਕਟਰ ਸਵੈਮਾਨ ਦੀ ਟੀਮ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ।

ਡਾਕਟਰਾਂ ਵੱਲੋਂ ਕਿਸਾਨ ਦੇ ਹੱਥਾਂ ਪੈਰਾਂ ਦੀ ਮਾਲਸ਼ ਕਰਦਿਆਂ ਵਾਰ ਵਾਰ ਛਾਤੀ ਨੂੰ ਦੁਬਾਉਣ (ਭਾਵ ਸੀਪੀਆਰ ਦੇਣ) ਤੋਂ ਬਾਅਦ ਪ੍ਰਿਤਪਾਲ ਦੀ ਹਾਲਤ ਨਾਰਮਲ ਹੋਈ।

ਇਸੇ ਦੌਰਾਨ ਰਜਿੰਦਰਾ ਮੈਡੀਕਲ ਕਾਲਜ ਦੀ ਟੀਮ ਵੱਲੋਂ ਬਾਰਡਰ 'ਤੇ ਪਹੁੰਚ ਕੇ ਮਰਨ ਵਰਤ 'ਤੇ ਬੈਠੇ ਕਿਸਾਨ ਪ੍ਰਿਤਪਾਲ ਸਿੰਘ ਦੀ ਡਾਕਟਰੀ ਜਾਂਚ ਕੀਤੀ ਗਈ। ਡਾਕਟਰ ਸਵੈਮਾਨ ਦੀ ਡਾਕਟਰੀ ਟੀਮ ਵਿਚੋਂ ਡਾਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਬਜ਼ੁਰਗਾਂ ਜਾਂ ਨੌਜਵਾਨਾਂ ਦੀ ਕੋਈ ਦਵਾਈ ਚੱਲ ਰਹੀ ਹੁੰਦੀ ਹੈ, ਉਸ ਨੂੰ ਇਕਦਮ ਛੱਡ ਦੇਣ ਕਾਰਨ ਕਈ ਵਾਰ ਸਥਿਤੀ ਗੰਭੀਰ ਬਣ ਜਾਂਦੀ ਹੈ।

# ਪੁਲਿਸ ਨਾਲ ਮੁਕਾਬਲੇ 'ਚ ਇੱਕ ਗੈਂਗਸਟਰ ਹਲਾਕ, ਇੱਕ ਪੁਲਿਸ ਮੁਲਾਜ਼ਮ ਜ਼ਖ਼ਮੀ



**ਬਟਾਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਪੁਲੀਸ ਨਾਲ ਬੀਤੀ ਦੇਰ ਰਾਤ ਪਿੰਡ ਨੱਤ ਨੇੜੇ ਹੋਏ ਇੱਕ ਮੁਕਾਬਲੇ ਦੌਰਾਨ ਇੱਕ ਗੈਂਗਸਟਰ ਹਲਾਕ ਹੋ ਗਿਆ ਜਦਕਿ ਉਸ ਦਾ ਇੱਕ ਸਾਥੀ ਅਤੇ ਇੱਕ ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ। ਮ੍ਰਿਤਕ ਦੀ ਪਛਾਣ ਰਣਜੀਤ ਸਿੰਘ ਰਾਣਾ ਵਾਸੀ ਪਿੰਡ ਮਰੜੀ ਵਜੋਂ ਹੋਈ ਹੈ।

ਪੁਲੀਸ ਅਨੁਸਾਰ ਮ੍ਰਿਤਕ ਵਿਦੇਸ਼ ਤੋਂ ਗੈਂਗ ਚਲਾ ਰਹੇ ਗੈਂਗਸਟਰ ਪ੍ਰਭ ਦਾਸੂਵਾਲ ਅਤੇ ਡੋਨੀ ਬੱਲ ਲਈ ਕੰਮ ਕਰਦਾ ਆ ਰਿਹਾ ਸੀ ਤੇ ਉਸ ਖਿਲਾਫ ਕਈ ਥਾਣਿਆਂ ਵਿੱਚ ਕਤਲ ਅਤੇ ਹੋਰ ਸੰਗੀਨ ਅਪਰਾਧਾਂ ਕਰਕੇ ਕਈ ਮੁਕੱਦਮੇ ਦਰਜ ਹਨ।

ਦੇਰ ਰਾਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਰੰਗੜ ਨੰਗਲ ਦੀ ਪੁਲੀਸ ਵੱਲੋਂ ਲਾਏ ਗਏ ਇੱਕ ਨਾਕੇ ਦੌਰਾਨ ਜਦੋਂ ਪੁਲੀਸ ਨੇ ਇੱਕ ਮੋਟਰਸਾਈਕਲ 'ਤੇ ਸਵਾਰ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਪੁਲੀਸ 'ਤੇ ਗੋਲੀਆਂ ਚਲਾ ਕੇ ਭੱਜਣ ਦੀ ਕੋਸ਼ਿਸ਼ ਕੀਤੀ।

ਇਸ 'ਤੇ ਪੁਲੀਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿੱਚ ਇੱਕ ਗੈਂਗਸਟਰ ਰਣਜੀਤ ਸਿੰਘ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ, ਜਿਸ ਨੂੰ ਪੁਲੀਸ ਨੇ ਸਿਵਲ ਹਸਪਤਾਲ ਬਟਾਲਾ ਵਿੱਚ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਰਾਣਾ ਵਿਦੇਸ਼ 'ਚ ਰਹਿੰਦੇ ਅੱਤਵਾਦੀ ਪ੍ਰਭ ਦਾਸੂਵਾਲ ਅਤੇ ਗੈਂਗਸਟਰ ਡੋਨੀ ਬਲ ਦਾ ਸੱਜਾ ਹੱਥ ਦੱਸਿਆ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਲੰਘੇ ਦਿਨੀਂ ਕਸਬਾ ਹਰੀਕੇ 'ਚ ਹੋਏ ਆੜ੍ਹਤੀ ਰਾਮ ਗੋਪਾਲ ਦੇ ਕਤਲ ਦੇ ਮਾਮਲੇ ਵਿੱਚ ਲੋੜੀਂਦਾ ਸੀ ਅਤੇ ਇਸ ਤੋਂ ਇਲਾਵਾ 7 ਅਕਤੂਬਰ 2024 ਨੂੰ ਪਿੰਡ ਤਲਵੰਡੀ ਮੋਹਰ ਸਿੰਘ ਦੇ ਸਰਪੰਚ ਰਾਜਵਿੰਦਰ ਸਿੰਘ ਉਰਫ ਰਾਜ ਗਿੱਲ ਦੇ ਕਤਲ ਦੇ ਮੁਕੱਦਮੇ ਵਿੱਚ ਵੀ ਨਾਮਜ਼ਦ ਹੈ।

ਇਸ ਤੋਂ ਪਹਿਲਾਂ ਪੁਲੀਸ ਦੇ ਸਥਾਨਕ ਅਧਿਕਾਰੀਆਂ ਨੇ ਪੂਰੀ ਤਰ੍ਹਾਂ ਚੁੱਪ ਵੱਟੀ ਰੱਖੀ ਤੇ ਕੋਈ ਵੀ ਅਧਿਕਾਰੀ ਘਟਨਾ ਸਥਾਨ ਬਾਰੇ ਵੀ ਦੱਸਣ ਨੂੰ ਤਿਆਰ ਨਹੀਂ ਸੀ। ਦੇਰ ਰਾਤ ਕਰੀਬ 12 ਵਜੇ ਡੀਆਈਜੀ ਬਾਰਡਰ ਰੇਂਜ ਨੇ ਸਿਵਲ ਹਸਪਤਾਲ ਵਿੱਚ ਪਹੁੰਚ ਕੇ ਘਟਨਾ ਦੇ ਵੇਰਵੇ ਦਿੱਤੇ।

# ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਦਾ ਨਾਰਾਜ਼ ਆਗੂਆਂ ਵੱਲੋਂ ਵਿਰੋਧ; ਜਥੇਦਾਰ ਸ੍ਰੀ ਅਕਾਲ ਤਖ਼ਤ ਨਾਲ ਕੀਤੀ ਮੁਲਾਕਾਤ

**ਅੰਮ੍ਰਿਤਸਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਰਾਜ਼ ਅਕਾਲੀ ਆਗੂਆਂ ਨੇ ਵੀਰਵਾਰ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਨੂੰ ਕਾਰਜਸ਼ੀਲ ਕਰਨ ਦੀ ਮੰਗ ਕੀਤੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਵਾਲੇ ਨਾਰਾਜ਼ ਅਕਾਲੀ ਆਗੂਆਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ ਅਤੇ ਭਾਈ ਮਨਜੀਤ ਸਿੰਘ ਆਦਿ ਸ਼ਾਮਿਲ ਸਨ।

ਸਿੱਖ ਵਫ਼ਦ ਨੇ ਮੁਲਾਕਾਤ ਤੋਂ ਬਾਅਦ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਜਥੇਦਾਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਕੋਲ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖ਼ਿਲਾਫ



ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਨਾਰਾਜ਼ ਅਕਾਲੀ ਆਗੂ।

ਨਾਰਾਜ਼ਗੀ ਜ਼ਾਹਰ ਕੀਤੀ ਹੈ ਜੋ ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੀ ਹੈ। ਸ੍ਰੀ ਵਡਾਲਾ ਨੇ ਕਿਹਾ ਕਿ ਜਥੇਦਾਰ ਨੇ ਆਖਿਆ ਕਿ ਪਾਰਟੀ ਵਿੱਚ ਭਰਤੀ ਦੀ ਜ਼ਿੰਮੇਵਾਰੀ ਸ੍ਰੀ ਅਕਾਲ ਤਖਤ ਤੋਂ ਐਲਾਨੀ ਗਈ ਸੱਤ ਮੈਂਬਰੀ ਕਮੇਟੀ ਨੂੰ ਹੀ ਸੌਂਪੀ ਗਈ ਹੈ। ਇਹ ਸੱਤ ਮੈਂਬਰੀ ਕਮੇਟੀ ਹੀ ਭਰਤੀ ਦੀ ਨਿਗਰਾਨੀ ਕਰੇਗੀ।

ਉਨ੍ਹਾਂ ਦੱਸਿਆ ਕਿ ਜਥੇਦਾਰ ਦੇ ਆਦੇਸ਼ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ 'ਤੇ ਇੱਕ ਪੱਤਰ ਵੀ ਸੌਂਪਿਆ ਹੈ, ਜਿਸ ਵਿੱਚ ਉਨ੍ਹਾਂ ਦੀ ਅਗਵਾਈ ਵਾਲੀ ਕਮੇਟੀ ਦੀ ਮੀਟਿੰਗ ਬੁਲਾਉਣ ਦੀ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਸਬੰਧ ਵਿੱਚ ਮਿਲਣਗੇ।

ਦੱਸਣਯੋਗ ਹੈ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਜਦੋਂ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੂੰ ਤਨਖ਼ਾਹ ਲਾਈ ਗਈ ਸੀ ਤਾਂ ਉਦੋਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਦੀ ਨਿਗਰਾਨੀ ਵਾਸਤੇ ਇੱਕ ਸੱਤ ਮੈਂਬਰੀ ਕਮੇਟੀ ਵੀ ਬਣਾਈ ਗਈ ਸੀ। ਇਸ ਕਮੇਟੀ ਨੂੰ ਛੇ ਮਹੀਨੇ ਵਿੱਚ ਭਰਤੀ ਮੁਕੰਮਲ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨ ਦੇ ਆਦੇਸ਼ ਦਿੱਤੇ ਗਏ ਸਨ।

ਇਸ ਸੱਤ ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਕਨਵੀਨਰ ਬਣਾਇਆ ਗਿਆ ਸੀ, ਜਦੋਂ ਕਿ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਇਸ ਦੇ ਮੈਂਬਰ ਬਣਾਏ ਗਏ ਸਨ।

ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਾਲ ਹੀ ਵਿੱਚ ਕੀਤੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤੇ ਗਏ ਫ਼ੈਸਲੇ ਮੁਤਾਬਕ ਪਾਰਟੀ ਦੀ ਨਵੀਂ ਭਰਤੀ ਦੀ ਪ੍ਰਕਿਰਿਆ 20 ਜਨਵਰੀ ਤੋਂ ਸ਼ੁਰੂ ਕੀਤੀ ਜਾ ਰਹੀ ਹੈ।

# ਨੈਸ਼ਨਲ ਸਕੂਲ ਖੇਡਾਂ: ਡਿਪਟੀ ਕਮਿਸ਼ਨਰ ਵਲੋਂ ਸ਼ਾਨਦਾਰ ਪ੍ਰਦਰਸ਼ਨ ਵਾਲੇ ਖਿਡਾਰੀਆਂ ਦਾ ਸਨਮਾਨ

**ਬਰਨਾਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

68ਵੀਆਂ ਨੈਸ਼ਨਲ ਸਕੂਲ ਖੇਡਾਂ (ਨੈੱਟਬਾਲ) ਜੋ ਕਿ ਛੱਤੀਸਗੜ੍ਹ ਵਿਖੇ ਹੋਈਆਂ ਵਿੱਚ ਜ਼ਿਲ੍ਹਾ ਬਰਨਾਲਾ ਦੇ ਮੁੰਡੇ ਅਤੇ ਕੁੜੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਪੰਜਾਬ ਦੀ ਟੀਮ ਨੂੰ ਦੋ ਚਾਂਦੀ ਤੇ ਇੱਕ ਕਾਂਸੀ ਦਾ ਤਗਮਾ ਜਿਤਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਵਾਪਸ ਪਹੁੰਚਣ 'ਤੇ ਜੇਤੂ ਖਿਡਾਰੀਆਂ ਦਾ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਛੱਤੀਸਗੜ੍ਹ ਦੇ ਕੋਰਬਾ ਵਿੱਚ ਹੋਈਆਂ 68ਵੀਆਂ ਨੈਸ਼ਨਲ ਸਕੂਲ ਖੇਡਾਂ ਨੈਟਬਾਲ ਅੰਡਰ 19 ਸਾਲ (ਲੜਕੇ) ਵਿੱਚ ਪੰਜਾਬ ਦੀ ਟੀਮ ਨੇ ਚਾਂਦੀ, ਅੰਡਰ 14 (ਲੜਕੀਆਂ) ਦੇ ਵਰਗ ਵਿੱਚ ਵੀ ਪੰਜਾਬ ਦੀ ਟੀਮ ਨੇ ਚਾਂਦੀ ਅਤੇ ਅੰਡਰ 19 ਸਾਲ (ਲੜਕੀਆਂ) ਦੇ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ



ਦੇ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਬੇਅੰਤ ਕੌਰ, ਦਿਕਸ਼ਾ ਰਾਣੀ, ਖੁਸ਼ਪ੍ਰੀਤ ਕੌਰ, ਹੁਸਨਪ੍ਰੀਤ ਕੌਰ, ਪਰਮਵੀਰ ਕੌਰ, ਦਿਸ਼ਾਂਤ ਕੱਕੜੀਆ, ਅਰਸ਼ਪ੍ਰੀਤ ਸ਼ਰਮਾ, ਹਰਵਿੰਦਰ ਸਿੰਘ, ਸਿਵਪ੍ਰੀਤ ਸਿੰਘ, ਅਨਮੋਲਪ੍ਰੀਤ ਕੌਰ, ਕਮਲਦੀਪ ਕੌਰ, ਹਰਪ੍ਰੀਤ ਕੌਰ ਨੇ ਸਕੂਲ ਨੈਸ਼ਨਲ ਖੇਡਾਂ ਵਿੱਚ ਪੰਜਾਬ ਦੀਆਂ ਟੀਮਾਂ ਦੀ ਪ੍ਰਤੀਨਿਧਤਾ ਕਰਦਿਆਂ ਦੋ ਚਾਂਦੀ ਤੇ ਇੱਕ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ।

ਡੀਸੀ ਬਰਨਾਲਾ ਪੂਨਮਦੀਪ ਕੌਰ ਨੇ ਜੇਤੂ ਖਿਡਾਰੀਆਂ ਦਾ ਸਨਮਾਨ ਕਰਦਿਆਂ ਕਿਹਾ ਕਿ ਇਹਨਾਂ ਖਿਡਾਰੀਆਂ ਨੇ ਨੈਸ਼ਨਲ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਜ਼ਿਲ੍ਹਾ ਬਰਨਾਲਾ ਦੇ ਨਾਲ-ਨਾਲ ਸਮੁੱਚੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਉਮੀਦ ਕੀਤੀ ਕਿ ਇਹ ਖਿਡਾਰੀ ਭਵਿੱਖ ਵਿੱਚ ਆਪਣੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਦੇ ਰਹਿਣਗੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਰਨਾਲਾ ਮਲਕਾ ਰਾਣੀ ਨੇ ਵੀ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਰਨਾਲਾ ਮਲਕਾ ਰਾਣੀ, ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ, ਤੇਜਿੰਦਰ ਸਿੰਘ ਖੁੱਡੀ, ਸੁਖਰਾਜ ਕੌਰ, ਜਸਪਿੰਦਰ ਕੌਰ, ਮਨਜੀਤ ਸਿੰਘ, ਜਤਿੰਦਰਜੀਤ ਸਿੰਘ, ਬਲਜੀਤ ਸਿੰਘ ਅਕਲੀਆ ਸਮੇਤ ਸਮੂਹ ਜੇਤੂ ਖਿਡਾਰੀ ਮੌਜੂਦ ਸਨ।

# ਕਿਸਾਨੀ ਪਿਛੋਕੜ ਵਾਲੇ ਸੰਸਦ ਮੈਂਬਰਾਂ ਨੇ ਡੱਲੇਵਾਲ ਵਿਸਾਰਿਆ; ਸੰਸਦ 'ਚ 151 ਮੈਂਬਰ ਖੇਤੀ ਕਿੱਤੇ ਨਾਲ ਸਬੰਧਤ



**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

18ਵੀਂ ਲੋਕ ਸਭਾ ਲਈ ਚੁਣੇ 151 ਸੰਸਦ ਮੈਂਬਰ ਅਜਿਹੇ ਹਨ ਜਿਨ੍ਹਾਂ ਦਾ ਕਿੱਤਾ ਤਾਂ ਖੇਤੀਬਾੜੀ ਹੈ ਪਰ ਇਨ੍ਹਾਂ 'ਚੋਂ ਕਿਸੇ ਵੀ ਸੰਸਦ ਮੈਂਬਰ ਦੀ ਨਜ਼ਰ ਖਨੌਰੀ ਬਾਰਡਰ 'ਤੇ ਨਹੀਂ ਪਈ ਜਿੱਥੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠਾ ਹੈ। ਸ਼ੰਭੂ ਤੇ ਖਨੌਰੀ ਸਰਹੱਦ 'ਤੇ 14 ਫਰਵਰੀ 2024 ਤੋਂ ਕਿਸਾਨ ਅੰਦੋਲਨ ਚੱਲ ਰਿਹਾ ਹੈ।

ਮੌਜੂਦਾ ਲੋਕ ਸਭਾ ਲਈ ਚੁਣੇ ਅਤੇ ਖੇਤੀ ਕਿੱਤੇ ਨਾਲ ਤੁਅੱਲਕ ਰੱਖਦੇ ਸੰਸਦ ਮੈਂਬਰ ਸੱਚਮੁੱਚ ਕਿਸਾਨੀ ਦੀ ਤਰਜਮਾਨੀ ਕਰਦੇ ਹੁੰਦੇ ਤਾਂ ਉਨ੍ਹਾਂ ਕਿਸਾਨ ਆਗੂ ਡੱਲੇਵਾਲ ਦੇ ਅੰਗ-ਸੰਗ ਬੈਠੇ ਹੋਣਾ ਸੀ। ਭਾਰਤੀ ਸੰਸਦ ਵਿੱਚ ਜਿਸ ਕਿੱਤੇ ਨਾਲ ਸਬੰਧਤ ਸੰਸਦ ਮੈਂਬਰ ਹਨ, ਉਹ ਆਪੋ-ਆਪਣੇ ਭਾਈਚਾਰੇ ਦੀ ਆਵਾਜ਼ ਬੁਲੰਦ ਕਰਨ ਤੋਂ ਨਹੀਂ ਖੁੰਝਦੇ ਪਰ ਕਿਸਾਨੀ ਨਾਲ ਜੁੜੇ ਸੰਸਦ ਮੈਂਬਰ ਚੁੱਪ ਹਨ। ਇਨ੍ਹਾਂ ਸੰਸਦ ਮੈਂਬਰਾਂ ਦੀ ਚੁੱਪ ਦੇਖ ਕੇ ਲੱਗਦਾ ਹੈ ਕਿ ਕਿਸਾਨੀ ਦਾ ਕੋਈ ਦਰਦੀ ਨਹੀਂ ਹੈ। ਬਿਲਕੁਲ ਉਲਟਾ ਰੁਝਾਨ ਹੈ ਕਿ ਜਿਉਂ-ਜਿਉਂ ਲੋਕ ਸਭਾ 'ਚ ਖੇਤੀ ਕਿੱਤੇ ਨਾਲ ਜੁੜੇ ਸੰਸਦ ਮੈਂਬਰ ਵਧਦੇ ਗਏ, ਤਿਉਂ-ਤਿਉਂ ਕਿਸਾਨੀ ਤਕਲੀਫ਼ਾਂ ਵੀ ਸਿਖਰ ਲੈਂਦੀਆਂ ਰਹੀਆਂ। ਸਿਆਸਤ ਦੀ ਕੇਹੀ ਰੁੱਤ ਆਈ ਹੈ ਕਿ ਡੱਲੇਵਾਲ ਅੱਜ ਖਨੌਰੀ ਬਾਰਡਰ 'ਤੇ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ ਤੇ ਲੋਹੜੀ ਦਾ ਤਿਉਹਾਰ ਵੀ ਉਸ ਲਈ ਕੋਈ ਨਵਾਂ ਸੁਨੇਹਾ ਨਹੀਂ ਲਿਆਇਆ। ਅੱਜ ਤੱਕ ਟਾਵੇਂ ਸੰਸਦ ਮੈਂਬਰ ਹੀ ਖਨੌਰੀ ਬਾਰਡਰ 'ਤੇ ਪੁੱਜੇ ਹਨ।

ਸੰਸਦ ਮੈਂਬਰਾਂ ਦੇ ਇਤਿਹਾਸ ਤੇ ਪਿਛੋਕੜ ਵੱਲ ਦੇਖਦੇ ਹਾਂ ਤਾਂ ਆਜ਼ਾਦੀ ਮਗਰੋਂ ਪਹਿਲੀ ਤੇ ਦੂਜੀ ਲੋਕ ਸਭਾ ਚੋਣ ਵਿੱਚ ਕੋਈ ਵੀ ਕਿਸਾਨੀ ਕਿੱਤੇ ਨਾਲ ਸਬੰਧਤ ਨੇਤਾ ਚੋਣ ਨਹੀਂ ਜਿੱਤਿਆ ਸੀ। 1962 ਦੀ ਤੀਜੀ ਲੋਕ ਸਭਾ ਚੋਣ 'ਚ ਦੋ ਕਿਸਾਨੀ ਕਿੱਤੇ ਵਾਲੇ ਸੰਸਦ ਮੈਂਬਰ ਜਿੱਤੇ ਸਨ ਜਿਨ੍ਹਾਂ 'ਚੋਂ ਇੱਕ ਬੂਟਾ ਸਿੰਘ ਸੀ। ਕਿਸਾਨੀ ਪਿਛੋਕੜ ਵਾਲੇ ਬਣੇ ਸੰਸਦ ਮੈਂਬਰਾਂ ਦਾ ਅੰਕੜਾ ਦੇਖੀਏ ਤਾਂ ਚੌਥੀ ਲੋਕ ਸਭਾ 'ਚ 1967 ਵਿੱਚ ਪੰਜ ਸੰਸਦ ਮੈਂਬਰ, ਪੰਜਵੀਂ ਲੋਕ ਸਭਾ ਚੋਣ ਦੀ 1971 ਦੀ ਚੋਣ 'ਚ 9, ਛੇਵੀਂ ਲੋਕ ਸਭਾ ਚੋਣ 'ਚ 22, ਸੱਤਵੀਂ ਲੋਕ ਸਭਾ ਚੋਣ 'ਚ 1980 'ਚ 30, ਅੱਠਵੀਂ ਲੋਕ ਸਭਾ 'ਚ 39 ਅਤੇ ਨੌਵੀਂ ਲੋਕ ਸਭਾ ਚੋਣ 'ਚ 1989 ਵਿੱਚ 69 ਸੰਸਦ ਮੈਂਬਰ ਕਿਸਾਨੀ ਪਿਛੋਕੜ ਵਾਲੇ ਚੁਣੇ ਗਏ ਸਨ।

ਦਸਵੀਂ ਲੋਕ ਸਭਾ 'ਚ 95, ਗਿਆਰ੍ਹਵੀਂ ਲੋਕ ਸਭਾ 'ਚ 146, ਬਾਰ੍ਹਵੀਂ ਲੋਕ ਸਭਾ 'ਚ 183, ਤੇਰ੍ਹਵੀਂ 'ਚ 304 ਸੰਸਦ ਮੈਂਬਰ ਕਿਸਾਨੀ ਪਿਛੋਕੜ ਵਾਲੇ ਸਨ। ਤੇਰ੍ਹਵੀਂ ਲੋਕ ਸਭਾ (1999-2004) 'ਚ ਵਾਜਪਾਈ ਸਰਕਾਰ ਬਣੀ ਸੀ ਅਤੇ ਉਸ ਸਰਕਾਰ 'ਚ ਸਭ ਤੋਂ ਵੱਧ 304 ਸੰਸਦ ਮੈਂਬਰਾਂ ਦਾ ਪਿਛੋਕੜ ਖੇਤੀਬਾੜੀ ਸੀ। 14ਵੀਂ ਲੋਕ ਸਭਾ 'ਚ 286, 15ਵੀਂ ਲੋਕ ਸਭਾ 'ਚ 230, 16ਵੀਂ ਲੋਕ ਸਭਾ 'ਚ 233 ਅਤੇ 17ਵੀਂ ਲੋਕ ਸਭਾ 'ਚ 195 ਸੰਸਦ ਮੈਂਬਰ ਕਿਸਾਨੀ ਖ਼ਿੱਤੇ ਵਾਲੇ ਹਨ।

ਮੌਜੂਦਾ ਲੋਕ ਸਭਾ 'ਚ 151 ਸੰਸਦ ਮੈਂਬਰ ਖੇਤੀਬਾੜੀ ਪਿਛੋਕੜ ਵਾਲੇ ਹਨ ਜਿਨ੍ਹਾਂ 'ਚ ਭਾਜਪਾ ਦੇ 69 ਤੇ ਕਾਂਗਰਸ ਦੇ 21 ਐੱਮਪੀ ਹਨ। ਇਸ ਵੇਲੇ ਪੰਜਾਬ ਦੇ ਚਾਰ ਅਤੇ ਹਰਿਆਣਾ ਦੇ ਪੰਜ ਸੰਸਦ ਮੈਂਬਰ ਖੇਤੀ ਕਿੱਤੇ ਵਾਲੇ ਹਨ। ਮੌਜੂਦਾ ਸੰਸਦ ਵਿਚ ਚਾਰ ਅਜਿਹੇ ਸੰਸਦ ਮੈਂਬਰ ਵੀ ਕਿਸਾਨੀ ਕਿੱਤੇ ਵਾਲੇ ਹਨ ਜਿਹੜੇ ਕਿ ਸੱਤਵੀਂ ਵਾਰ ਐੱਮਪੀ ਚੁਣੇ ਗਏ ਹਨ ਅਤੇ ਇਨ੍ਹਾਂ ਵਿਚ ਰਾਧਾ ਮੋਹਨ ਸਿੰਘ ਵੀ ਸ਼ਾਮਲ ਹੈ। ਮੌਜੂਦਾ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਵੀ ਸੰਸਦ ਵਿਚ ਆਪਣਾ ਕਿੱਤਾ ਖੇਤੀ ਦਰਜ ਕਰਾਇਆ ਹੈ ਜੋ ਕਿ ਛੇਵੀਂ ਵਾਰ ਸੰਸਦ ਮੈਂਬਰ ਬਣੇ ਹਨ। ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਪੰਜਵੀਂ ਵਾਰ ਐੱਮਪੀ ਬਣੇ ਹਨ ਜਿਨ੍ਹਾਂ ਦਾ ਕਿੱਤਾ ਖੇਤੀ ਹੈ।

**ਸੰਸਦ ਮੈਂਬਰ ਕਾਰਪੋਰੇਟਾਂ ਦੇ ਨੁਮਾਇੰਦੇ ਬਣੇ: ਦੀਪ ਸਿੰਘ ਵਾਲਾ**

ਕਿਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਆਖਦੇ ਹਨ ਕਿ ਖੇਤੀ ਨਾਲ ਜੁੜੇ ਸੰਸਦ ਮੈਂਬਰ ਤਾਂ ਹੁਣ ਕਾਰਪੋਰੇਟਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਤਾਹੀਓਂ ਹੁਣ ਕਿਸਾਨ ਵਿਰੋਧੀ ਨੀਤੀਆਂ ਤੇ ਕਾਨੂੰਨ ਆ ਰਹੇ ਹਨ। ਉਨ੍ਹਾਂ ਦਾ ਖੇਤੀਬਾੜੀ ਵਾਲਾ ਪਿਛੋਕੜ ਤਾਂ ਹੁਣ ਸਿਰਫ਼ ਵਿਖਾਵੇ ਦਾ ਰਹਿ ਗਿਆ ਹੈ।

# ਹਰਿਆਣਾ ਤੇ ਪੰਜਾਬ ਵਿੱਚ 17 ਜਨਵਰੀ ਨੂੰ ਮੁੜ ਬਦਲੇਗਾ ਮੌਸਮ ਦਾ ਮਿਜ਼ਾਜ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ ਸਣੇ ਉੱਤਰ ਭਾਰਤ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਤੇ ਸੀਤ ਲਹਿਰਾਂ ਕਰਕੇ ਕੜਾਕੇ ਦੀ ਠੰਢ ਤੋਂ ਬਾਅਦ ਅੱਜ ਪੰਜਾਬ, ਹਰਿਆਣਾ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਸੂਰਜ ਖਿੜ ਕੇ ਨਿਕਲਿਆ। ਸੂਰਜ ਦੇ ਖਿੜਣ ਕਰਕੇ ਤਾਪਮਾਨ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ, ਜਿਸ ਕਰਕੇ ਦਿਨ ਸਮੇਂ ਲੋਕਾਂ ਨੇ ਕੜਾਕੇ ਦੀ ਠੰਢ ਤੋਂ ਆਰਜ਼ੀ ਤੌਰ 'ਤੇ ਰਾਹਤ ਮਹਿਸੂਸ ਕੀਤੀ ਹੈ। ਅੱਜ ਪੰਜਾਬ ਦਾ ਅੰਮ੍ਰਿਤਸਰ ਤੇ ਪਠਾਨਕੋਟ ਸ਼ਹਿਰ ਸਭ ਤੋਂ ਠੰਢੇ ਰਹੇ ਹਨ, ਜਿੱਥੇ ਘੱਟ ਤੋਂ ਘੱਟ ਤਾਪਮਾਨ 4.7 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਉੱਧਰ ਮੌਸਮ ਵਿਭਾਗ ਨੇ 17 ਜਨਵਰੀ ਨੂੰ ਮੁੜ ਤੋਂ ਮੌਸਮ ਦਾ ਮਿਜ਼ਾਜ ਬਦਲਣ ਦਾ ਖਦਸ਼ਾ ਜਤਾਇਆ ਹੈ। ਮੌਸਮ ਵਿਗਿਆਨੀਆਂ ਨੇ 15 ਨੂੰ ਪੰਜਾਬ ਵਿੱਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਗਿਆਨੀਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮੀਂਹ ਪੈਣ ਤੋਂ ਬਾਅਦ ਪੰਜਾਬ ਦੇ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਜਾਵੇਗੀ। ਪੰਜਾਬ ਵਿੱਚ ਕਈ ਦਿਨਾਂ ਤੋਂ ਸੰਘਣੀਆਂ ਧੁੰਦਾ ਤੇ ਸੀਤ ਲਹਿਰਾਂ ਤੋਂ ਬਾਅਦ ਅੱਜ ਨਿਕਲੀ ਧੁੱਪ ਦਾ ਵੱਡੀ ਗਿਣਤੀ ਵਿੱਚ ਲੋਕ ਆਨੰਦ ਮਾਣਦੇ ਦਿਖਾਈ ਦਿੱਤੇ ਹਨ। ਧੁੱਪ ਨਿਕਲਣ ਕਰਕੇ ਬੱਚੇ ਤੇ ਬਜ਼ੁਰਗਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਤੋਂ ਵੀ ਮਾਮੂਲੀ ਰਾਹਤ ਮਿਲੀ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਹਾਲੇ ਠੰਢ ਖਤਮ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ 17 ਜਨਵਰੀ ਨੂੰ ਪੰਜਾਬ ਵਿੱਚ ਮੁੜ ਤੋਂ ਮੀਂਹ ਪੈ ਸਕਦਾ ਹੈ, ਮੀਂਹ ਪੈਣ ਕਰਕੇ ਤਾਪਮਾਨ ਵਿੱਚ ਮਾਮੂਲੀ ਗਿਰਾਵਟ ਦਰਜ ਕੀਤੀ ਜਾ ਸਕਦੀ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਘੱਟ ਤੋਂ ਘੱਟ ਤਾਪਮਾਨ 8.3 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਇਸੇ ਤਰ੍ਹਾਂ ਲੁਧਿਆਣਾ ਵਿੱਚ 8.8 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 7.6 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 6.8 ਡਿਗਰੀ ਸੈਲਸੀਅਸ, ਨਵਾਂ ਸ਼ਹਿਰ ਵਿੱਚ 9.5 ਡਿਗਰੀ ਸੈਲਸੀਅਸ, ਬਰਨਾਲਾ ਵਿੱਚ 8.6 ਡਿਗਰੀ ਸੈਲਸੀਅਸ, ਫਰੀਦਕੋਟ ਵਿੱਚ 5.3 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਹੈ।

# ਬਦਲਾਅ ਵਾਲੇ ਰਾਜ 'ਚ ਤਨਖਾਹਾਂ ਨੂੰ ਤਰਸੇ ਪ੍ਰੀ-ਪ੍ਰਾਇਮਰੀ ਅਧਿਆਪਕ

**ਸਮਾਣਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਾਂ ਸਾਲ 'ਚ ਕੱਚੇ ਅਧਿਆਪਕਾਂ ਤੋਂ ਪੱਕੇ ਹੋਏ ਐਸੋਸੀਏਟ ਪ੍ਰੀ-ਪ੍ਰਾਇਮਰੀ ਅਧਿਆਪਕਾਂ ਲਈ ਬਦਲਾਅ ਵਾਲੀ ਸਰਕਾਰ ਭਾਰੀ ਨਾਮੋਸ਼ੀ ਅਤੇ ਤਕਲੀਫ਼ਾਂ ਹੀ ਦੇ ਰਹੀ ਹੈ ਜਿਸ ਤਹਿਤ ਜਿਲ੍ਹੇ ਦੇ ਬਲਾਕ ਭੁਨਰਹੇੜੀ 1, ਭੁਨਰਹੇੜੀ 2, ਪਟਿਆਲਾ 2, ਪਟਿਆਲਾ 3, ਭਾਦਸੋਂ 1, ਰਾਜਪੁਰਾ 2 ਦੀ ਦਸੰਬਰ 2024 ਦੀ ਤਨਖਾਹ ਅਜੇ ਤੱਕ ਨਹੀਂ ਆਈ। ਲੋਹੜੀ ਅਤੇ ਮਾਘੀ ਵਰਗੇ ਪਾਵਨ ਪਵਿੱਤਰ ਤਿਉਹਾਰ ਵੀ ਅਧਿਆਪਕ ਖਾਲੀ ਹੱਥ ਮਨਾਉਣ ਨੂੰ ਮਜ਼ਬੂਰ ਹਨ, ਜਥੇਬੰਦੀ ਦੇ ਸੂਬਾਈ ਆਗੂ ਅਤੇ ਜਿਲ੍ਹਾ ਪ੍ਰਧਾਨ ਕਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਬਹੁਤ ਘੱਟ ਤਨਖਾਹ ਹੋਣ ਦੇ ਬਾਵਜੂਦ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਜਾ ਰਹੀ, ਸਰਕਾਰ ਜਾਂ ਪ੍ਰਸਾਸ਼ਨ ਪੱਧਰ ਤੇ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀਂ। ਰੁੱਕੀ ਤਨਖਾਹ ਕੱਦੋਂ ਤੱਕ ਆਵੇਗੀ ਇਹ ਵੀ ਕੋਈ ਨਹੀਂ ਦੱਸ ਰਿਹਾ ਹੈ, ਸਰਕਾਰ ਕੁਝ ਵੀ ਸੁਣ ਨਹੀਂ ਰਹੀ ਪ੍ਰੀ-ਪ੍ਰਾਇਮਰੀ ਅਧਿਆਪਕ ਰੱਬ ਆਸਰੇ ਛੱਡ ਦਿੱਤੇ ਹਨ ਜਿਸ ਤੇ ਇਹਨਾਂ ਅਧਿਆਪਕਾਂ 'ਚ ਭਾਰੀ ਰੋਸ ਹੈ। ਆਗੂ ਨੇ ਦੱਸਿਆ ਕਿ 'ਸਿੱਖਿਆ ਕ੍ਰਾਂਤੀ' ਦੀ ਫੂਕ ਸਰਕਾਰ ਖੁਦ ਹੀ ਕੱਢ ਰਹੀ ਹੈ। ਉਹਨਾਂ ਤੁਰੰਤ ਤਨਖਾਹ



ਜਾਰੀ ਕਰਨ, ਰਹਿੰਦੇ ਅਧਿਆਪਕਾਂ ਨੂੰ ਰੈਗੂਲਰ ਕਰਕੇ ਤਨਖਾਹ 6 ਹਜ਼ਾਰ ਤੋਂ ਵਧਾਉਣ, ਗ੍ਰੇਡ ਪੇ ਲਾਗੂ ਕਰਕੇ ਸਾਰੇ ਭੱਤੇ ਦੇਣ, ਪੁਰਾਣੀ ਪੈਨਸ਼ਨ ਲਾਗੂ ਕਰਨ, ਰਿਟਾਇਰ ਹੋ ਚੁੱਕੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੂੰ ਮੁਲਾਜ਼ਮ ਦੇ ਸਾਰੇ ਲਾਭ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਉਹਨਾਂ ਨਾਲ ਬਲਵੰਤ ਧਨੇਠਾ, ਅਮਨਦੀਪ ਅਜਨੌਂਦਾ, ਕਪੂਰ ਰਾਜਪੁਰਾ, ਹੀਨਾ ਮੰਤਰੋ, ਬਲਜਿੰਦਰ ਬਿੱਲੂ, ਹਰਦੀਪ ਕੁਲਾਰਾ, ਬਲਜੀਤ ਸਮਾਣਾਂ ਕੁਲਵਿੰਦਰ ਭੁਨਰਹੇੜੀ,ਬਲਕਾਰ ਭਾਦਸੋ, ਰੇਨੂੰ ਪਟਿਆਲਾ, ਹਰਦੀਪ ਕੌਰ ਪਟਿਆਲਾ, ਗੁਰਜੀਤ ਕੌਰ ਰਾਜਪੁਰਾ, ਅਕਵੀਨ ਕੌਰ, ਤਲਵੰਡੀ, ਸੁਖੀ ਨਾਭਾ, ਰਾਜਵਿੰਦਰ ਭੁਨਰਹੇੜੀ, ਬਲਜਿੰਦਰ ਨਾਭਾ, ਸੀਮਾ, ਵੀਰਪਾਲ ਕੌਰ, ਨਵਜੋਤ ਕੌਰ , ਸ਼ਸ਼ੀ ਰਾਜਪੁਰਾ ਸੱਤਪਾਲ ਭੁਨਰਹੇੜੀ ਆਦਿ ਹਾਜ਼ਰ ਸਨ।

# ਅਮਨ ਅਰੋੜਾ ਨੇ ਸੁਨਾਮ ਸ਼ਹਿਰ ਵਿੱਚ ਸਫਾਈ ਵਿਵਸਥਾ ਨੂੰ ਹੋਰ ਸੁਚਾਰੂ ਕਰਨ ਲਈ 8 ਈ-ਰਿਕਸ਼ਾ ਅਤੇ 3 ਟਾਟਾ ਏਸ ਨਗਰ ਕੌਂਸਲ ਨੂੰ ਸੌਂਪੇ

**ਸੁਨਾਮ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸੁਨਾਮ ਸ਼ਹਿਰ ਵਿਖੇ ਸਫਾਈ ਵਿਵਸਥਾ ਵਿੱਚ ਹੋਰ ਸੁਧਾਰ ਨੂੰ ਯਕੀਨੀ ਬਣਾਉਣ ਲਈ ਲਗਭਗ 42 ਲੱਖ ਰੁਪਏ ਦੀ ਲਾਗਤ ਵਾਲੇ 8 ਈ-ਰਿਕਸ਼ਾ ਅਤੇ 3 ਟਾਟਾ ਏਸ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸੌਂਪੇ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਵੱਡੀ ਗਿਣਤੀ ਵਿੱਚ ਸਾਫ ਸਫਾਈ ਨਾਲ ਸਬੰਧਤ ਸਾਜੋ ਸਮਾਨ ਅਤੇ ਆਧੁਨਿਕ ਵਾਹਨ ਨਗਰ ਕੌਂਸਲ ਨੂੰ ਬੁਨਿਆਦੀ ਢਾਂਚੇ ਵਜੋਂ ਉਪਲਬਧ



ਕਰਵਾਏ ਜਾ ਚੁੱਕੇ ਹਨ ਅਤੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਹੈ ਕਿ ਨਾਗਰਿਕ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਨੂੰ ਯਕੀਨੀ ਬਣਾਉਣ ਦੀ ਮੁਹਿੰਮ ਵਿੱਚ ਸਹਿਯੋਗ ਦੇਣ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਇਹਨਾਂ ਨਵੇਂ ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦਿਆਂ ਕਿਹਾ ਕਿ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਤਰ ਕਰਨ ਲਈ ਲਗਾਏ ਗਏ ਇਹ ਵਾਹਨ ਆਪਣੇ ਮਕਸਦ ਵਿੱਚ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਲੋਕ ਆਪਣੇ ਘਰਾਂ ਵਿੱਚੋਂ ਹੀ ਗਿੱਲਾ ਅਤੇ ਸੁੱਕਾ ਕੂੜਾ ਕਰਕਟ ਵੱਖ-ਵੱਖ ਕਰਕੇ ਦੇਣ ਤਾਂ ਜੋ ਕੂੜੇ ਤੋਂ ਖਾਦ ਅਤੇ ਹੋਰ ਢੰਗਾਂ ਰਾਹੀਂ ਯੋਗ ਪ੍ਰਬੰਧਨ ਕਰਵਾਇਆ ਜਾ ਸਕੇ।

ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਵੱਲੋਂ ਸੁਨਾਮ ਹਲਕੇ ਨੂੰ ਵਿਕਾਸ ਕਾਰਜਾਂ ਲਈ ਸਮੇਂ ਸਿਰ ਗਰਾਂਟਾਂ ਜਾਰੀ ਕਰਵਾਈਆਂ ਜਾ ਰਹੀਆਂ ਹਨ।

ਸ਼੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਨਾਮ, ਚੀਮਾ, ਲੌਂਗੋਵਾਲ ਦੇ ਹਰ ਇੱਕ ਹਿੱਸੇ ਵਿੱਚ ਵੱਸਦੇ ਲੋਕਾਂ ਦੀਆਂ ਜਰੂਰਤਾਂ ਅਤੇ ਪ੍ਰਮੁੱਖ ਲੋੜਾਂ ਤੋਂ ਉਹ ਚੰਗੀ ਤਰ੍ਹਾਂ ਵਾਕਿਫ਼ ਹਨ ਅਤੇ ਯੋਜਨਾਬੱਧ ਢੰਗ ਨਾਲ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਚਮਕੌਰ ਹਾਂਡਾ ਐਮ.ਸੀ, ਗੁਰਦੇਵ ਸਿੰਘ ਨਿੱਕਾ ਐਮ.ਸੀ, ਜਤਿੰਦਰ ਜੈਨ, ਨਿਰਮਲਾ ਦੇਵੀ, ਰਵੀ ਗੋਇਲ, ਮਨਪ੍ਰੀਤ ਬਾਂਸਲ, ਨਰਿੰਦਰ ਠੇਕੇਦਾਰ, ਹਰਵਿੰਦਰ ਸਿੰਘ ਨਾਮਧਾਰੀ, ਸਾਹਿਬ ਸਿੰਘ ਤੇ ਸੰਦੀਪ ਜਿੰਦਲ ਬਲਾਕ ਪ੍ਰਧਾਨ, ਰਿਸ਼ਵ ਸ਼ਰਮਾ, ਯਾਦਵਿੰਦਰ ਰਾਜਾ ਪ੍ਰਧਾਨ ਟਰੱਕ ਯੂਨੀਅਨ, ਲਾਭ ਸਿੰਘ ਨੀਲੋਵਾਲ, ਰਿੰਪੀ ਥਿੰਦ, ਰਾਮ ਕੁਮਾਰ, ਸੁਭਾਸ਼ ਤਨੇਜਾ ਵੀ ਹਾਜ਼ਰ ਸਨ।

# 66 ਕੂਕਾ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸ਼ਰਧਾਂਜਲੀ ਸਮਾਗਮ ਦੇ ਅਗੇਤੇ ਪ੍ਰਬੰਧਾਂ ਦਾ ਏ.ਡੀ.ਸੀ ਨੇ ਲਿਆ ਜਾਇਜ਼ਾ



**ਮਲੇਰਕੋਟਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ 66 ਕੂਕਾ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸ਼ਹੀਦੀ ਸਮਾਗਮ ਦਾ ਆਯੋਜਨ ਮਿਤੀ 17 ਜਨਵਰੀ,2025 ਨੂੰ ਸਥਾਨਕ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਸਮਾਰਕ ਵਾਲੇ ਸਥਾਨ ਦਾ ਦੌਰਾ ਕੀਤਾ ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 66ਸਿੱਖ ਕੂਕਾ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਇਸ ਰਾਜ ਪੱਧਰੀ ਸਮਾਗਮ ਸ਼ਰਧਾਂਲੀ ਸਮਾਰੋਹ ਮੌਕੇ ਸ਼ਰਧਾਂਲੀ ਭੇਟ ਕਰਨ ਲਈ ਮਾਲ ਤੇ ਮੁੜ ਵਸੇਬਾ ਤੇ ਆਫਤ ਪ੍ਰਬੰਧਨ,ਜਲ ਸਪਲਾਈ ਤੇ ਸੈਨੀਟੇਸ਼ਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਪੰਜਾਬ ਸ੍ਰੀ ਹਰਦੀਪ ਸਿੰਘ ਮੁੰਡੀਆਂ ਸਮੇਤ ਵਿਧਾਇਕ ਅਤੇ ਹੋਰ ਪ੍ਰਮੁੱਖ ਸਖ਼ਸੀਅਤਾਂ ਪਹੁੰਚ ਰਹੀਆਂ ਹਨ ।

ਉਨ੍ਹਾਂ ਹੋਰ ਦੱਸਿਆ ਕਿ ਇਸ ਸੰਬੰਧੀ ਨਾਮਧਾਰੀ ਟਰੱਸਟ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਧਾਲੂਆਂ ਦੀ ਸਹੂਲਤ ਲਈ ਪੁਖੱਤਾ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਦੱਸਿਆ ਕਿ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਦੇ ਪਹੁੰਚਣ ਅਤੇ ਨਤਮਸਤਕ ਹੋਣ ਦੀ ਉਮੀਦ ਹੈ।

ਉਨ੍ਹਾਂ ਤਿਆਰੀਆਂ ਸੰਬੰਧੀ ਜਾਣਕਾਰੀ ਹਾਸ਼ਲ ਕਰਦਿਆ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆ ਅਤੇ ਕਿਹਾ ਕਿ ਸਮੁੱਚੇ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਉਣ ਨੂੰ ਯਕੀਨੀ ਬਣਾਇਆ ਜਾਵੇ। ਕਾਰਜ ਸਾਧਕ ਅਫ਼ਸਰ ਮਾਲੇਰਕੋਟਲਾ ਨੂੰ ਸਮਾਰਕ ਵਾਲੇ ਸਥਾਨ ਅਤੇ ਇਸ ਦੇ ਆਲੇ ਦੁਆਲੇ ਦੀ ਸਫਾਈ ਨੂੰ ਸਕੀਨੀ ਬਣਾਉਣ ਲਈ ਆਦੇਸ਼ ਦਿੱਤੇ । ਉਨ੍ਹਾਂ ਸਮਾਰਕ ਦੇ ਪ੍ਰਬੰਧਕਾਂ ਨੂੰ ਸਰਧਾਲੂਆਂ ਦੀ ਸੁਰੱਖਿਆ ਅਤੇ ਨਿਰਵਿਘਨ ਆਵਾਜਾਈ ਦੇ ਪੁਖੱਤਾ ਪ੍ਰਬੰਧ ਦਾ ਭਰੋਸਾ ਵੀ ਦਿੱਤਾ ।

ਉਨ੍ਹਾਂ ਸ਼ਮੂਲੀਅਤ ਕਰਨ ਵਾਲੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਨੂੰ ਸਹਿਯੋਗ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਰਪੇਸ਼ ਨਾ ਆਵੇ। ਇਸ ਮੌਕੇ ਕਾਰਜ ਸਾਧਕ ਅਫ਼ਸਰ ਅਪਰਅਪਾਰ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਦੀਪਕ ਕਪੂਰ, ਸ੍ਰੀ ਗੁਰਸੇਵਕ ਸਿੰਘ ਨਾਮਧਾਰੀ, ਸੈਨੇਟਰੀ ਇੰਸਪੈਕਟਰ ਗੁਰਇੰਦਰ ਸਿੰਘ, ਸੈਨੇਟਰੀ ਸੁਪਰਵਾਇਜ਼ਰ ਪਰਮਜੀਤ ਸਿੰਘ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਡੀਸੀ ਨੇ ਤਿੰਨ ਨਸ਼ਾ ਤਸਕਰ ਫੜ ਕੇ ਪੁਲੀਸ ਹਵਾਲੇ ਕੀਤੇ

**ਸ੍ਰੀ ਮੁਕਤਸਰ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਤੌਰ 'ਤੇ ਪੁਲੀਸ ਨਸ਼ਾ ਤਸਕਰਾਂ ਨੂੰ ਫੜਦੀ ਹੈ ਪਰ ਇਸ ਵਾਰ ਮੁਕਤਸਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ ਨੇ ਖੁਦ ਤਿੰਨ ਨਸ਼ਾ ਤਸਕਰ ਫੜ ਕੇ ਪੁਲੀਸ ਦੇ ਹਵਾਲੇ ਕੀਤੇ। ਇਸ ਬਾਰੇ ਉਨ੍ਹਾਂ ਨੂੰ ਕਿਸੇ ਨੇ ਫੋਨ ਰਾਹੀਂ ਸੂਚਨਾ ਦਿੱਤੀ ਸੀ। ਸੂਚਨਾ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਖੁਦ ਆਪਣੇ ਦਫਤਰੋਂ ਉਠ ਕੇ ਗੁਰੂ ਗੋਬਿੰਦ ਸਿੰਘ ਪਾਰਕ ਕੋਟਕਪੂਰਾ ਰੋਡ ਵਿਖੇ ਗਏ ਅਤੇ ਉਥੇ ਬੈਠੇ ਤਿੰਨਾਂ ਤਸਕਰਾਂ ਨੂੰ ਕਾਬੂ ਕੀਤਾ। ਇਸ ਮਗਰੋਂ ਥਾਣਾ ਸਿਟੀ ਪੁਲੀਸ ਸੱਦੀ ਅਤੇ ਇਹ ਤਸਕਰ ਉਨ੍ਹਾਂ ਹਵਾਲੇ ਕਰਕੇ ਕੇਸ ਦਰਜ ਕਰਨ ਦੀ ਹਦਾਇਤ ਕੀਤੀ। ਇਸ ਸਾਰੀ ਘਟਨਾ ਦੀ ਉਨ੍ਹਾਂ ਬਕਾਇਦਾ ਵੀਡੀਓ ਵੀ ਬਣਾਈ ਹੈ।

# 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਐੱਸ.ਐੱਮ.ਐੱਸ. ਕਾਲਜ ਦੀਨਾਨਗਰ ਵਿਖੇ ਹੋਵੇਗਾ ਜ਼ਿਲ੍ਹਾ ਪੱਧਰੀ ਸਮਾਗਮ

**ਗੁਰਦਾਸਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤਹਿਤ 25 ਜਨਵਰੀ 2025 ਨੂੰ 15ਵਾਂ ਰਾਸ਼ਟਰੀ ਵੋਟਰ ਦਿਵਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਐੱਸ.ਐੱਮ.ਐੱਸ. ਕਾਲਜ, ਦੀਨਾਨਗਰ ਵਿਖੇ ਹੋਵੇਗਾ ਜਦਕਿ ਇਸਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਬੂਥਾਂ ਉੱਪਰ ਵੀ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਵੇਗਾ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਦੱਸਣ ਦੇ ਨਾਲ ਨਵੇਂ ਬਣੇ ਵੋਟਰਾਂ ਨੂੰ ਐਪਿਕ ਕਿੱਟ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੋਕਤੰਤਰ ਪ੍ਰਣਾਲੀ ਵਿੱਚ ਨਾਗਰਿਕਾਂ/ਵੋਟਰਾਂ ਦੀ ਭਾਗਦਾਰੀ ਨੂੰ ਵਧਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਅਤੇ ਬੂਥ ਪੱਧਰੀ ਸਮਾਗਮਾਂ ਵਿੱਚ ਵੋਟਰ ਪ੍ਰਣ ਵੀ ਚੁਕਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਵੀ ਰਾਸ਼ਟਰੀ ਵੋਟਰ ਦਿਵਸ ਮੌਕੇ 25 ਜਨਵਰੀ 2025 ਨੂੰ ਸਵੇਰੇ 11:00 ਵਜੇ ਵੋਟ ਪ੍ਰਣ ਲਿਆ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਬੈਸਟ ਈ.ਆਰ.ਓ, ਬੈਸਟ ਨੋਡਲ ਅਫ਼ਸਰ (ਸਵੀਪ) ਅਤੇ ਬੈਸਟ ਬੀ.ਐੱਲ.ਓ. ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

# ਪੰਜਾਬ ਸਰਕਾਰ ਨੇ ਅਸਲਾ ਲਾਇਸੰਸਧਾਰਕਾਂ ਲਈ ਪੋਰਟਲ ਉੱਪਰ ਅਪਲਾਈ ਕਰਨ ਦੀ ਤਰੀਕ 31 ਜਨਵਰੀ ਕੀਤੀ

**ਗੁਰਦਾਸਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਵਿੱਚ ਅਸਲਾ ਲਾਇਸੰਸ ਸਬੰਧੀ ਸਰਵਿਸਾਂ ਈ-ਸੇਵਾ ਪੋਰਟਲ ਰਾਹੀਂ ਸੇਵਾ ਕੇਂਦਰ ਰਾਹੀਂ ਦਿੱਤੀਆਂ ਜਾਂਦੀਆਂ ਹਨ। ਈ-ਗਵਰਨਸ ਸੋਸਾਇਟੀ ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਮੋਹਾਲੀ ਵੱਲੋਂ ਜਾਰੀ ਪੱਤਰ ਅਨੁਸਾਰ ਜਿਨ੍ਹਾਂ ਲਾਇਸੰਸਧਾਰਕ ਨੇ ਸਤੰਬਰ 2019 ਤੋਂ ਬਾਅਦ ਆਪਣੇ ਅਸਲਾ ਲਾਇਸੰਸ ਸਬੰਧੀ ਈ-ਸੇਵਾ ਪੋਰਟਲ ਵਿੱਚ ਕੋਈ ਸਰਵਿਸ ਅਪਲਾਈ ਨਹੀਂ ਕੀਤੀ ਹੈ, ਉਹਨਾਂ ਵਿਅਕਤੀਆਂ ਨੂੰ 31 ਜਨਵਰੀ 2025 ਤੋਂ ਬਾਅਦ ਅਸਲਾ ਲਾਇਸੰਸ ਸਬੰਧੀ ਈ-ਸੇਵਾ ਵਿੱਚ ਕੋਈ ਸਰਵਿਸ ਨਹੀਂ ਦਿੱਤੀ ਜਾਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਨੇ ਜਿਲ੍ਹਾ ਗੁਰਦਾਸਪੁਰ ਦੇ ਵਾਸੀ ਜੋ ਅਸਲਾ ਧਾਰਕ ਹਨ, ਨੂੰ ਹਦਾਇਤ



ਕੀਤੀ ਹੈ ਕਿ ਜਿਹਨਾਂ ਅਸਲਾ ਲਾਇਸੰਸਧਾਰਕਾਂ ਵੱਲੋਂ ਸੇਵਾ ਕੇਂਦਰ ਵਿੱਚ ਚਲਦੇ ਈ-ਸੇਵਾ ਪੋਰਟਲ ਵਿੱਚ ਸਤੰਬਰ 2019 ਤੋਂ ਬਾਅਦ ਕੋਈ ਸਰਵਿਸ ਅਪਲਾਈ ਨਹੀਂ ਕੀਤੀ ਗਈ ਹੈ ਉਹ ਤੁਰੰਤ ਆਪਣੇ ਅਸਲਾ ਲਾਇਸੰਸ ਰੀਨਿਊ ਕਰਨ ਅਤੇ ਹੋਰ ਕੋਈ ਸਰਵਿਸ ਲਈ ਮਿਤੀ 31 ਜਨਵਰੀ 2025 ਤੋਂ ਪਹਿਲਾਂ-ਪਹਿਲਾਂ ਹਰ ਹਾਲਤ ਵਿੱਚ ਅਪਲਾਈ ਕਰਨ ਲਈ ਨਜਦਿਕੀ ਸੇਵਾ ਕੇਂਦਰ ਪਾਸ ਲੋੜੀਦੇ ਦਸਤਾਵੇਜ ਜਮ੍ਹਾ ਕਰਵਾਉਣ।

ਉਨ੍ਹਾਂ ਦੱਸਿਆ ਕਿ ਪਹਿਲਾਂ ਅਪਲਾਈ ਕਰਨ ਦੀ ਮਿਤੀ 31 ਦਸੰਬਰ 2024 ਦੀ ਸੀ ਜੋ ਹੁਣ ਪੰਜਾਬ ਸਰਕਾਰ ਵੱਲੋਂ ਇਹਨਾਂ ਲਾਇਸੰਸਾਂ ਨੂੰ ਅਪਲਾਈ ਕਰਨ ਲਈ ਸਮਾਂ ਸੀਮਾ ਮਿਤੀ 31/01/2025 ਨਿਰਧਾਰਿਤ ਕੀਤੀ ਗਈ ਹੈ। ਇਸ ਲਈ ਜਿਹਨਾਂ ਲਾਇਸੰਸਧਾਰਕਾਂ ਵੱਲੋਂ 2019 ਤੋਂ ਬਾਅਦ ਈ-ਸੇਵਾ ਰਾਹੀਂ ਕੋਈ ਸਰਵਿਸ ਨਹੀਂ ਲਈ ਗਈ। ਉਹ ਤੁਰੰਤ ਸੇਵਾ ਕੇਂਦਰ ਰਾਹੀਂ ਆਪਣਾ ਲਾਇਸੰਸ ਰੀਨਿਊ ਕਰਵਾਉਣ। ਇਸ ਲਈ ਸਬੰਧੀ ਅਸਲਾ ਧਾਰਕਾਂ ਦੀ ਲਿਸਟ ਵੈਬ ਸਾਈਟ https://gurdaspur.nic.in/ 'ਤੇ ਅੱਪਲੋਡ ਕਰ ਦਿੱਤੀ ਗਈ ਹੈ

# ਬਾਰ ਐਸੋਸੀਏਸ਼ਨ ਸਮਾਣਾ ਨੇ ਸ਼ਰਧਾ ਭਾਵਨਾ ਨਾਲ ਮਨਾਇਆ ਲੋਹੜੀ ਦਾ ਤਿਉਹਾਰ

**ਸਮਾਣਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਬਾਰ ਐਸੋਸੀਏਸ਼ਨ ਸਮਾਣਾ ਨੇ ਲੋਹੜੀ ਦਾ ਤਿਉਹਾਰ ਸਰਧਾ ਭਾਵ ਨਾਲ ਮਨਾਇਆ ਜਿਸ ਵਿੱਚ ਸਿਵਲ ਜੱਜ ਜੂਨੀਅਰ ਡਿਵੀਜ਼ਨ ਸਮਾਣਾ ਮੈਡਮ ਏਕਤਾ ਸੇਡਾ, ਸਿਵਲ ਜੱਜ ਜੂਨੀਅਰ ਡਿਵੀਜ਼ਨ ਮੈਡਮ ਆਸ਼ੀਆ ਜਿੰਦਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸਟੇਜ ਸੈਕਟਰੀ ਦੀ ਸੇਵਾ ਬਾਰ ਐਸੋਸੀਏਸ਼ਨ ਦੇ ਸੈਕਟਰੀ ਹਰਮਨਦੀਪ ਸਿੰਘ ਸਿੱਧੂ ਨੇ ਬਾਖੂਬੀ ਨਾਲ ਨਿਭਾਈ । ਇਸ ਮੌਕੇ ਜੱਜ ਸਹਿਬਾਨ ਮੈਡਮ ਏਕਤਾ ਸੇਡਾ ਅਤੇ ਮੈਡਮ ਆਸੀਆ ਜਿੰਦਲ ਨੇ ਸਾਰੇ ਬਾਰ ਮੈਂਬਰਾਂ ਨੂੰ ਲੋਹੜੀ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਕਸਮੀਰ ਸਿੰਘ ਵਿਰਕ, ਕੁਲਵੰਤ ਸਿੰਘ ਢਿੱਲੋ, ਸਿਵ ਚਰਨ ਵਰਤੀਆ, ਰਾਜ ਕੁਮਾਰ ਭਾਨ ,ਪ੍ਰਿਥਪਾਲ ਸਿੰਘ ਰਵੇਲ, ਗੁਰਚਰਨ ਸਿੰਘ ਅੌਲਖ ,ਗੌਰਵ ਕੋਹਲੀ ਤੇ ਮਿਸ ਸ਼ਿੰਪਾ ਸਰਕਾਰੀ ਵਕੀਲ ਆਦਿ ਨੇ ਵੀ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਇਹਨਾਂ ਵਿੱਚੋਂ ਕਈ ਵਕੀਲ ਸਾਹਿਬਾਨਾਂ ਨੇ ਗੀਤਾਂ ਅਤੇ ਕਵਿਤਾਵਾਂ ਰਾਹੀਂ ਬਾਰ ਐਸੋਸੀਏਸ਼ਨ ਦੇ ਵਕੀਲ ਸਾਹਿਬਾਨਾ ਦਾ ਮਨੋਰੰਜਨ ਵੀ ਕੀਤਾ। ਬਾਰ ਐਸੋਸੀਏਸ਼ਨ



ਸਮਾਣਾ ਤੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਵੱਲੋਂ ਜੱਜ ਸਾਹਿਬਾਨਾਂ ਦਾ ਲੋਹੜੀ ਦੇ ਫੰਕਸ਼ਨ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਅਤੇ ਬਾਰ ਮੈਂਬਰਾਂ ਨੂੰ ਲੋਹੜੀ ਦੇ ਤਿਉਹਾਰ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆ ਉਹਨਾਂ ਕਿਹਾ ਕਿ ਉਹ ਹਰੇਕ ਬਾਰ ਮੈਂਬਰ ਨਾਲ ਦੁੱਖ ਸੁੱਖ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਅਤੇ ਅੱਗੇ ਵੀ ਖੜੇ ਰਹਿਣਗੇ।

ਇਸ ਮੌਕੇ ਬਾਰ ਅਐਸੋਸੀਏਸਨ ਸਮਾਣਾ ਦੇ ਸਵਿੱਪਰ ਕਮ ਚੌਂਕੀਦਾਰ ਲਾਭ ਸਿੰਘ ਨੂੰ ਵਧੀਆ ਸੇਵਾਵਾਂ ਦੇਣ ਬਦਲੇ ਸਨਮਾਨਿਤ ਵੀ ਕੀਤਾ। ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਰਿਸ਼ੀ ਚੋਪੜਾ, ਸੈਕਟਰੀ ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ , ਕੈਸ਼ੀਅਰ ਐਡਵੋਕੇਟ ਸੰਦੀਪ ਜਿੰਦਲ, ਲਾਈਬ੍ਰੇਰੀਅਨ ਐਡਵੋਕੇਟ ਨਿਰਲੇਪ ਕੌਰ, ਐਗਜੈਕਟਿਵ ਮੈਂਬਰ ਐਡਵੋਕੇਟ ਗੁਰਜੀਤ ਕੌਰ ਬੱਲ, ਐਡਵੋਕੇਟ ਰਾਜਵਿੰਦਰ ਗੋਇਲ , ਐਡਵੋਕੇਟ ਅਰਮਾਨ ਸਿੰਘ ਤੋਂ ਇਲਾਵਾ ਸੀਨੀਅਰ ਐਡਵੋਕੇਟਸ ਕੁਲਵੰਤ ਸਿੰਘ ਢਿੱਲੋਂ, ਦਵਿੰਦਰ ਸਿੰਘ ਢਿੱਲੋ, ,ਨਵਦੀਪ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ, ਵਿਕਾਸ ਸ਼ਰਮਾ, ਇੰਦਰਜੀਤ ਸਿੰਘ ਸਲੂਜਾ, ਕੁਲਵਿੰਦਰ ਸਿੰਘ ਗਲੌਲੀ, ਰਵਿੰਦਰ ਕੁਮਾਰ ਸਹੋਤਾ, ਲਵਲੀ ਗਰਗ,, ਮੈਡਮ ਅੰਜੂ, ਮੈਡਮ ਮਨਪ੍ਰੀਤ ਕੌਰ, ਮੈਡਮ ਪੂਜਾ ਸਿੰਗਲਾ, ਮੈਡਮ ਪ੍ਰਿਆ, ਅਨਰੂਪ ਗਰਗ, ਅਜੇ ਗੁਪਤਾ, ਬਘੇਲ ਸਿੰਘ, ਵਿਕਰਮ ਭਟਨਾਗਰ, ਖੁਆਬ ਸੋਨੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ।

# ਗਣਤੰਤਰ ਦਿਵਸ ਸਮਾਗਮ ਦੌਰਾਨ ਅਧਿਕਾਰੀ ਸਮਰਪਣ ਭਾਵਨਾਂ ਨਾਲ ਨਿਭਾਉਣ ਆਪਣਾ ਫਰਜ਼: ਤਹਿਸੀਲਦਾਰ

**ਸ੍ਰੀ ਆਨੰਦਪੁਰ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

26 ਜਨਵਰੀ ਦਾ ਦਿਨ ਸਮੂਹ ਭਾਰਤੀਆਂ ਲਈ ਗੌਰਵ ਦਾ ਪ੍ਰਤੀਕ ਹੈ ਕਿਉਂਕਿ 26 ਜਨਵਰੀ, 1950 ਨੂੰ ਆਜ਼ਾਦ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਸੀ। ਅਨੇਕਤਾ ਵਿੱਚ ਏਕਤਾ ਦੇ ਪ੍ਰਤੀਕ ਸਾਡੇ ਸੰਵਿਧਾਨ ਵਿੱਚ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਹੱਕ ਦਿੱਤੇ ਗਏ ਹਨ। ਇਸ ਲਈ ਸਮੂਹ ਅਧਿਕਾਰੀ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਗਣਤੰਤਰ ਦਿਵਸ ਸਮਾਗਮ ਦੌਰਾਨ ਸਮਰਪਣ ਭਾਵਨਾਂ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰਨ ਤਾਂ ਜੋ ਇਸ ਪਵਿੱਤਰ ਦਿਹਾੜੇ ਨੂੰ ਦੇਸ਼ ਭਗਤੀ ਦੀ ਭਾਵਨਾਂ ਨਾਲ ਮਨਾਇਆ ਜਾ ਸਕੇ।

ਇਹ ਜਾਣਕਾਰੀ ਸੰਦੀਪ ਕੁਮਾਰ ਤਹਿਸੀਲਦਾਰ ਨੇ ਅੱਜ ਇੱਥੇ ਦਿੱਤੀ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸੁਤੰਤਰਤਾ ਸੰਗਰਾਮੀਆਂ ਤੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਉਪ ਮੰਡਲ ਪੱਧਰ ਦੇ ਗਣਤੰਤਰ ਦਿਵਸ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 17 ਜਨਵਰੀ ਨੂੰ ਸਵੇਰੇ 10 ਵਜੇ ਸੱਭਿਆਚਾਰਕ ਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਦੀ ਚੋਣ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ। ਸਮਾਰੋਹ ਦੀਆਂ ਤਿਆਰੀਆਂ ਅਤੇ ਰਿਹਸਲ 22,23 ਜਨਵਰੀ ਨੂੰ ਅਤੇ ਫੁੱਲ ਡਰੈਸ ਰਿਹਸਲ 24 ਜਨਵਰੀ ਨੂੰ ਹੋਵੇਗੀ।

# ਮੋਹਾਲੀ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਵੱਲੋਂ 'ਸਾਈਬਰ ਸਮਾਰਟ ਕਿਵੇਂ ਬਣੀਏ' ਪ੍ਰਤੀ ਸੈਮੀਨਾਰ ਕਰਵਾਇਆ

**ਮੁਹਾਲੀ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਸੀਨੀਅਰ ਸਿਟੀਜ਼ਨਜ਼ ਐਸੋਸੀਏਸ਼ਨ (ਐਮਐਸਸੀਏ) ਨੇ ਖਾਲਸਾ ਕਾਲਜ (ਅਮ੍ਰਿਤਸਰ) ਆਫ਼ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼ ਫੇਜ਼-3ਏ, ਮੋਹਾਲੀ ਵਿਖੇ ਸਾਈਬਰ ਸਮਾਰਟ ਕਿਵੇਂ ਬਣੀਏ ਵਿਸ਼ੇ 'ਤੇ ਪੀ.ਐਚ. ਵੈਸ਼ਨਵ ਯਾਦਗਾਰੀ ਸੈਮੀਨਾਰ ਦਾ ਆਯੋਜਨ ਕੀਤਾ। ਇਹ ਸੈਮੀਨਾਰ ਚੇਅਰਮੈਨ ਸਵਰਗੀ ਸ਼੍ਰੀ ਪੀ ਐਚ ਵੈਸ਼ਨਵ ਸਾਬਕਾ ਮੁੱਖ ਸਕੱਤਰ ਪੰਜਾਬ ਨੂੰ ਸ਼ਰਧਾਂਜਲੀ ਦੇਣ ਲਈ ਆਯੋਜਿਤ ਕੀਤਾ ਗਿਆ ਸੀ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਸਕੱਤਰ ਪਬਲਿਕ ਰਿਲੇਸ਼ਨ ਹਰਿੰਦਰ ਪਾਲ ਸਿੰਘ ਹੈਰੀ ਨੇ ਦੱਸਿਆ ਕਿ ਸ੍ਰ ਹਰਵਿੰਦਰ ਸਿੰਘ ਬੈਨੀਪਾਲ, ਮੈਨੇਜਿੰਗ ਡਾਇਰੈਕਟਰ, ਟੈਕਨੋਮੈਕ ਇੰਡੀਆ ਅਤੇ ਓਐਕਸਓ ਇੰਡੀਆ



ਪ੍ਰਾਈਵੇਟ ਲਿਮਟਿਡ ਵੱਲੋਂ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਭਾਸ਼ਣ ਸ੍ਰ ਗੁਰਚਰਨ ਸਿੰਘ, ਸਾਈਬਰ ਸੁਰੱਖਿਆ ਫੈਕਲਟੀ, ਸੈਂਟਰਲ ਡਿਟੈਕਟਿਵ ਟ੍ਰੇਨਿੰਗ ਇੰਸਟੀਚਿਊਟ, ਚੰਡੀਗੜ੍ਹ ਦੁਆਰਾ ਦਿੱਤਾ ਗਿਆ।

ਸ੍ਰ ਗੁਰਚਰਨ ਸਿੰਘ ਨੇ ਸਾਈਬਰ ਅਪਰਾਧੀਆਂ ਦੁਆਰਾ ਵਰਤੇ ਜਾ ਰਹੇ ਵੱਖ-ਵੱਖ ਤਰੀਕਿਆਂ ਅਤੇ ਅਸੀਂ ਸਾਰੇ ਥੋੜ੍ਹਾ ਸਾਵਧਾਨ ਰਹਿ ਕੇ ਆਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਾਂ ਬਾਰੇ ਦੱਸਿਆ। ਉਹਨਾ ਨੇ ਆਪਣੇ ਫੋਨਾਂ ਨੂੰ ਹੈਕ ਹੋਣ ਤੋਂ ਬਚਾਉਣ ਦੇ ਵੱਖ-ਵੱਖ ਤਰੀਕੇ ਦੱਸੇ। ਉਹਨਾ ਨੇ ਧੋਖਾਧੜੀ ਦੀ ਸਥਿਤੀ ਵਿੱਚ ਰਿਪੋਰਟ ਕਰਨ ਦਾ ਤਰੀਕਾ ਵੀ ਦੱਸਿਆ। ਸੈਮੀਨਾਰ ਨੂੰ ਸਾਰੇ ਭਾਗੀਦਾਰਾਂ ਦੁਆਰਾ ਬਹੁਤ ਪਸੰਦ ਕੀਤਾ ਗਿਆ। ਪ੍ਰਧਾਨ ਬ੍ਰਿਗੇਡੀਅਰ ਜੇ ਐਸ ਜਗਦੇਵ ਨੇ ਸਾਰੇ ਭਾਗੀਦਾਰਾਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਸਾਡੀ ਕੋਸ਼ਿਸ਼ ਹੈ ਕਿ ਸਾਡੇ ਮੈਂਬਰਾਂ ਨੂੰ ਆਉਣ ਵਾਲੇ ਖ਼ਤਰਿਆਂ ਬਾਰੇ ਚੰਗੀ ਤਰ੍ਹਾਂ ਜਾਣੂ ਰੱਖਿਆ ਜਾਵੇ ਜਿਨ੍ਹਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨ ਦੀ ਸੰਭਾਵਨਾ ਹੈ। ਸੈਮੀਨਾਰ ਵਿੱਚ ਲਗਭਗ 200 ਮੈਂਬਰਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਇਸ ਸੈਮੀਨਾਰ ਵਿਚ ਬਹੁਤ ਲਾਭ ਹੋਇਆ। ਬਹੁਤ ਹੀ ਵਧੀਆ ਢੰਗ ਨਾਲ ਸਟੇਜ ਦਾ ਸੰਚਾਲਨ ਸ੍ਰ ਹਰਜਿੰਦਰ ਸਿੰਘ, ਸਕੱਤਰ ਈਵੈਂਟਸ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਸ਼੍ਰੀ ਪੀ ਐਚ ਵੈਸ਼ਨਵ ਦੇ ਯੋਗਦਾਨ ਅਤੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਸ੍ਰ ਐਸ ਐਸ ਬੇਦੀ, ਸਕੱਤਰ ਜਨਰਲ, ਨੇ ਐਸੋਸੀਏਸ਼ਨ ਦੀਆਂ ਮੁੱਖ ਗਤੀਵਿਧੀਆਂ ਪੇਸ਼ ਕੀਤੀਆਂ। ਧੰਨਵਾਦ ਦਾ ਮਤਾ ਮੀਤ ਪ੍ਰਧਾਨ ਜਰਨੈਲ ਸਿੰਘ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਚੀਫ ਕਨਵੀਨਰ ਰਵਜੋਤ ਸਿੰਘ, ਜੇ ਐਸ ਰਾਵਲ ਵਿੱਤ ਸਕੱਤਰ, ਆਰ ਪੀ ਸਿੰਘ ਵਿੰਗ ਸਕੱਤਰ ਪ੍ਰੋਜੈਕਟਸ, ਜੇ ਐਸ ਠੁਕਰਾਲ, ਸ਼੍ਰੀਮਤੀ ਅਵਤਾਰ ਕੌਰ, ਜੀ ਐਸ ਬਿੰਦਰਾ, ਗੁਰਦੀਪ ਸਿੰਘ, ਅਮਰ ਪਾਲ ਸਿੰਘ, ਭੁਪਿੰਦਰ ਸਿੰਘ ਬੱਲ, ਜੀ ਐਸ ਛਾਬੜਾ, ਮਨਮੀਤ ਕੌਰ ਛਾਬੜਾ ਅਤੇ ਸ਼੍ਰੀਮਤੀ ਨਰਿੰਦਰ ਕੌਰ ਵਲੋਂ ਇਸ ਪ੍ਰੋਗਰਾਮ ਨੂੰ ਸਫਲ ਕਰਨ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ। ਡਾ ਜੇ ਐਸ ਰਾਮਗੜ੍ਹੀਆ ਅਤੇ ਉਨ੍ਹਾਂ ਦੀ ਟੀਮ ਵੱਲੋਂ ਚਾਹ-ਪਾਣੀ ਅਤੇ ਦੁਪਿਹਰ ਦੇ ਖਾਣੇ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਿਸ ਦਾ ਆਏ ਹੋਏ ਸਾਰੇ ਮਹਿਮਾਨਾਂ ਅਤੇ ਮੈਂਬਰਾਂ ਵੱਲੋਂ ਭਰਭੂਰ ਅਨੰਦ ਮਾਣਿਆ ਗਿਆ.

# 25 ਜਨਵਰੀ ਨੂੰ ਮਨਾਇਆ ਜਾਵੇਗਾ ਕੌਮੀ ਵੋਟਰ ਦਿਵਸ; 'ਵੋਟ ਜੈਸਾ ਕੁੱਝ ਨਹੀਂ, ਵੋਟ ਜ਼ਰੂਰ ਡਾਲੇਂਗੇ ਹਮ', ਰਹੇਗਾ ਥੀਮ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ 25 ਜਨਵਰੀ ਨੂੰ ਕੌਮੀ ਵੋਟਰ ਦਿਵਸ ਮਨਾਇਆ ਜਾਵੇਗਾ। ਇਸ ਦੇ ਦੌਰਾਨ ਸਾਰੇ ਸਕੂਲਾਂ ਅਤੇ ਵਿਦਿਅਕ ਸੰਸਥਾਨਾਂ ਵਿਚ "ਵੋਟ ਜੈਸਾ ਕੁੱਝ ਨਹੀਂ, ਵੋਟ ਜਰੂਰ ਡਾਲੇਂਗੇ ਹਮ"ਦੀ ਥੀਮ ਦੇ ਨਾਲ ਵਾਦ-ਵਿਵਾਦ, ਚਰਚਾ ਅਤੇ ਡਰਾਇੰਗ, ਸਕਿਟ, ਗੀਤ, ਪੇਂਇੰਗ, ਲੇਖ ਆਦਿ ਸਮੇਤ ਵਰਗੇ ਮੁਕਾਬਲੇ ਦਾ ਸੰਚਾਲਨ ਕਰਵਾਇਆ ਜਾਵੇਗਾ।

ਇਸ ਸਬੰਧ ਵਿਚ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਵੱਲੋਂ ਸਾਰੇ ਵਿਭਾਗਾਂ ਦੇ ਪ੍ਰਸਾਸ਼ਨਿਕ ਸਕੱਤਰਾਂ, ਵਿਭਾਗ ਦੇ ਪ੍ਰਮੁੱਖਾਂ, ਬੋਰਡਾਂ, ਨਿਗਮਾ, ਨਿਜੀ ਖੇਤਰ ਦੇ ਇੰਟਰਪ੍ਰਾਈਸਿਸ ਦੇ ਪ੍ਰਬੰਧ ਨਿਦੇਸ਼ਕਾਂ, ਡਿਪਟੀ ਕਮਿਸ਼ਨਰਾਂ ਅਤੇ ਸਾਰੀ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਅਤੇ ਰਜਿਸਟਰਾਰ ਨੂੰ ਇਕ ਪੱਤਰ ਲਿਖਿਆ ਗਿਆ ਹੈ।

ਪੱਤਰ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਆਪਣੇ ਸਥਾਪਨਾ ਦਿਵਸ ਨੂੰ ਕੌਮੀ ਵੋਟਰ ਐਲਾਨ ਕੀਤਾ ਗਿਆ ਹੈ। ਇਹ ਦਿਨ ਹਰ ਸਾਲ 25 ਜਨਵਰੀ ਨੂੰ ਚੋਣ ਕੇਂਦਰ ਦੇ ਪੱਧਰ ਤੋਂ ਲੈ ਕੇ ਬਲਾਕ, ਵਿਧਾਨਸਭਾ ਖੇਤਰ, ਜਿਲ੍ਹਾ ਅਤੇ ਸੂਬਾ ਪੱਧਰ ਤੱਕ ਪੂਰੇ ਦੇਸ਼ ਵਿਚ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਹਰੇਕ ਯੋਗ ਨਾਗਰਿਕ ਨੂੰ ਵੋਟਰ ਲਿਸਟ ਵਿਚ ਵੋਟਰ ਵਜੋ ਸ਼ਾਮਿਲ ਕਰਵਾਉਣ ਲਈ ਜਨ-ਸਾਧਾਰਣ ਦੇ ਵਿਚ ਜਾਗਰੁਕਤਾ ਫੈਲਾਉਣਾ ਹੈ। ਨਾਲ ਹੀ, ਇਸ ਦਾ ਉਦੇਸ਼ ਵਿਭਾਗ ਵੱਲੋਂ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਏਜੰਸੀਆਂ ਦੇ ਸਹਿਯੋਗ ਨਾਲ ਸਕੂਲੀ ਅਤੇ ਕਾਲਜ ਵਿਦਿਆਰਥੀਆਂ ਵੱਲੋਂ ਬਲਾਕ, ਜਿਲ੍ਹਾ ਅਤੇ ਸੂਬਾ ਪੱਧਰ 'ਤੇ ਰੰਗੋਲੀ ਬਨਾਉਣ, ਲੇਖ ਲੇਖਨ, ਭਾਸ਼ਨ ਮੁਕਾਬਲੇ, ਰੈਲੀਆਂ, ਪਰੇਡ ਟੁੱਕੜੀਆਂ, ਨੁੱਕੜ ਨਾਟਕ, ਆਦਿ ਵਰਗੀ ਵੱਖ-ਵੱਖ ਗਤੀਵਿਧੀਆਂ ਦਾ ਪ੍ਰਬੰਧ ਕਰ ਕੇ ਚੋਣਾਵੀ ਭਾਗੀਦਾਰੀ ਨੂੰ ਪ੍ਰੋਤਸਾਹਨ ਦੇਣਾ ਵੀ ਹੈ। ਪੱਤਰ ਵਿਚ ਪ੍ਰਸਾਸ਼ਨਿਕ ਸਕੱਤਰਾਂ ਅਤੇ ਵਿਭਾਗ ਦੇ ਪ੍ਰਮੁੱਖਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਸੁਬੋਰਡੀਨੇਟ ਕਰਮਚਾਰੀਆਂ ਨੂੰ ਕੌਮੀ ਵੋਟਰ ਦਿਵਸ 'ਤੇ ਸੁੰਹ ਵੀ ਦਿਵਾਉਣ।

ਪੱਤਰ ਅਨੁਸਾਰ ਕੌਮੀ ਵੋਟਰ ਦਿਵਸ ਦਾ ਲੋਗੋ ਚੋਣ ਦੇ ਮਹਤੱਵ ਨੂੰ ਦਰਸ਼ਾਉਂਦਾ ਹੈ, ਇਸ ਲਈ ਇਸ ਦੀ ਵਰਤੋ ਅਧਿਕਾਰਕ ਸਟੇਸ਼ਨਰੀ, ਮਾਲ, ਵੈਬਸਾਇਟਾਂ ਆਦਿ 'ਤੇ ਵੀ ਕੀਤਾ ੧ਾਣਾ ਚਾਹੀਦਾ ਹੈ।

ਉਨ੍ਹਾਂ ਨੇ ਦਸਿਆ ਕਿ ਗਤੀਵਿਧੀਆਂ ਦੀ ਤਸਵੀਰਾਂ ਹੈਸ਼ਟੈਗ #NV42025 ਦੀ ਵਰਤੋ ਕਰ ਕੇ ਆਪਣੇ ਸਬੰਧਿਤ ਸੋਸ਼ਲ ਮੀਡੀਆ ਹੈਂਡਲ ਜਾਂ ਵੈਬਸਾਇਟ , ਜਿੱਥੇ ਵੀ ਸੰਭਵ ਹੋਵੇ, 'ਤੇ ਅਪਲੋਡ ਕੀਤੀ ਜਾ ਸਕਦੀ ਹੈ। ਇਸ ਸਬੰਧ ਵਿਚ ਈਮੇਲ (hry_elect@ yahoo.com)) ਰਾਹੀਂ ਦਫਤਰ ਰਿਕਾਰਡ ਲਈ ਤਸਵੀਰਾਂ ਦੇ ਨਾਲ ਐਕਸ਼ਨ ਟੇਕਨ ਰਿਪੋਰਟ ਵੀ ਭੇਜੀ ਜਾਵੇ।

ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੌਮੀ ਵੋਟਰ ਦਿਵਸ ਸਮਾਰੋਹ ਦੇ ਹਿੱਸੇ ਵਜੋ ਜਾਂ ਇਸ ਦੇ ਦੌਰਾਨ ਸਾਰੇ ਸਕੂਲਾਂ ਅਤੇ ਵਿਦਿਅਕ ਸੰਸਥਾਨਾ ਵਿਚ ਵੋਟ ਜੈਸਾ ਕੁੱਝ ਨਹੀਂ, ਵੋਟ ਜਰੂਰ ਡਾਲੇਂਗੇ ਹਮ ਦੀ ਥੀਮ ਦੇ ਨਾਲ ਵਾਦ-ਵਿਵਾਦ, ਚਰਚਾ ਅਤੇ ਡਰਾਇੰਗ, ਸਕਿਟ, ਗੀਤ, ਪੇਂਟਿੰਗ, ਲੇਖ ਆਦਿ ਵਰਗੇ ਮੁਕਾਬਲੇ ਦਾ ਸੰਚਾਲਨ ਕਰਵਾਇਆ ਜਾਵੇਗਾ।

# ਨਿੱਕੀ ਦੁਨੀਆ



**ਜਦੋਂ ਛੁੱਟੀਆਂ ਹੋਣੀਆਂ ਤਾਂ ਨਾਨਕੇ ਪਿੰਡ ਰਹਿਣ ਜਾਣਾ ਤੇ ਨਾਲੇ ਕਹਿਣਾ 'ਨਾਨਕੇ ਪਿੰਡ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ', ਅੱਜ ਵੀ ਉਹ ਦਿਨ ਯਾਦ ਆਉਂਦੇ ਹਨ। ਅੱਜ ਤਾਂ ਬੱਚਿਆਂ ਨੂੰ ਛੁੱਟੀਆਂ ਦਾ ਚਾਅ ਘੱਟ ਤੇ ਹੋਮਵਰਕ ਦਾ ਫ਼ਿਕਰ ਜ਼ਿਆਦਾ ਹੁੰਦਾ ਹੈ...**

• ਰਨੀ ਸੋਢੀ

## ਸਾਨੂੰ ਦੇ ਕੇ ਚੋਰ ਭੁਲਾਈਆਂ ਬਚਪਨ ਤੁਰ ਗਿਆ...



ਕਈ ਵਾਰ ਟੀ. ਵੀ. ਉੱਤੇ ਅਜਿਹੇ ਗਾਣੇ ਦੇਖਣ-ਸੁਣਨ ਨੂੰ ਮਿਲਦੇ ਨੇ ਕਿ ਦਿਲ ਵਾਰ-ਵਾਰ ਉਹੀ ਸੁਣਨ ਨੂੰ ਕਰਦ ਹੈ। ਜਦੋਂ ਮੈਂ 'ਸਾਨੂੰ ਦੇ ਕੇ ਚੋਰ ਭੁਲਾਈਆਂ, ਬਚਪਨ ਤੁਰ ਗਿਆ' ਗੀਤ ਸੁਣਿਆ ਤਾਂ ਮੈਨੂੰ ਵੀ ਆਪਣੇ ਬਚਪਨ ਦੇ ਦਿਨ ਯਾਦ ਆ ਗਏ। ਪਰ ਅੱਜ ਦੇ ਤਕਨੀਕੀ ਯੁੱਗ ਨੇ ਬਚਪਨ ਦੀ ਮਸਤੀ ਘੱਟ ਕਰ ਦਿੱਤੀ ਹੈ। ਅੱਜ ਭਾਵੇਂ ਕੰਪਿਊਟਰ ਦੇ ਯੁੱਗ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ ਪਰ ਅਸੀ ਬਚਪਨ ਦੀਆ ਖੇਡਾਂ, ਕੀਤੀ ਮੌਜ-ਮਸਤੀ, ਆਪਣੇ ਚੇਤਿਆਂ 'ਚ ਸਮੋਈ ਬੈਠੇ ਹਾਂ।

ਬਚਪਨ ਦੇਖਣ ਨੂੰ ਤਾਂ ਭਾਵੇਂ ਛੋਟਾ ਜਿਹਾ ਲੱਗਦਾ, ਪਰ ਇਸ ਨੂੰ ਜ਼ਿੰਦਗੀ ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ। ਬਚਪਨ ਦੀ ਨਾਦਾਨੀ, ਬੇਪ੍ਰਵਾਹੀ, ਕੀਤੀ ਮੌਜ-ਮਸਤੀ ਤਾਂ ਸਾਰੀ ਜ਼ਿੰਦਗੀ ਹੀ ਨਹੀ ਭੁਲਾਈ ਜਾ ਸਕਦੀ। ਉਦੋਂ ਸਾਰੇ ਯਾਰ-ਬੇਲੀ ਇਕੱਠੇ ਹੋ ਕੇ ਲੁਕਣ-ਮੀਟੀ, ਗੁੱਲੀ-ਡੰਡਾ, ਬਾਂਦਰ ਕੀਲ੍ਹਾ, ਬੰਟੇ, ਪਿੱਠੂ-ਕਾਰੇ ਵਰਗੀਆਂ ਖੇਡਾਂ ਖੇਡਦੇ ਸਨ। ਜੋ ਆਨੰਦ ਉਦੋਂ ਸਾਇਕਲ-ਸਕੂਟਰ ਦੇ ਟਾਇਰ ਹੱਥਾਂ ਨਾਲ ਚਲਾ ਕੇ, ਇਕ-ਦੂਜੇ ਨਾਲ ਰੇਸਾਂ ਲਾ ਕੇ ਆਉਂਦਾ ਸੀ, ਸ਼ਾਇਦ ਉਹ ਆਨੰਦ ਅੱਜ ਮਹਿੰਗੀਆਂ ਕਾਰਾਂ ਚਲਾ ਕੇ ਵੀ ਨਹੀ ਆਉਂਦਾ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਬਚਪਨ ਦੀ ਇਕ ਖੇਡ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠ ਚੁੱਕ ਲੈ, ਦੂਜੀ ਤਿਆਰ' ਤਾਂ ਜ਼ਿੰਦਗੀ ਦੀ ਇਕ ਅਸਲ ਸੱਚਾਈ ਹੈ। ਧੁੱਪ-ਛਾਂ ਦੀ ਪ੍ਰਵਾਹ ਨਾ ਕਰਨੀ, ਸਕੂਲੋਂ ਆਉਂਦਿਆਂ ਹੀ ਬਸਤਾ ਘਰ ਸੁੱਟਣਾ ਤੇ ਘਰਦਿਆਂ ਨੂੰ ਝਕਾਨੀ ਦੇ ਕੇ ਘਰੋਂ ਫੁਰਰ ਹੋ ਜਾਣਾ। ਗਲੀ ਦੇ ਸਾਰੇ ਮੁੰਡੇ-ਕੁੜੀਆਂ ਨੇ ਇਕੱਠਿਆਂ ਖੇਡਣਾ ਪਰ ਅੱਜ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਚੁੱਕਿਆ ਹੈ। ਅੱਜ ਤਾਂ ਕੁੜੀਆਂ ਨੂੰ ਘਰੋਂ ਬਾਹਰ ਤੱਕ ਨਿਕਲਣ ਨਹੀ ਦਿੱਤਾ ਜਾਂਦਾ। ਛੁੱਟੀ ਵਾਲੇ ਦਿਨ ਤਾਂ ਘਰੋਂ ਸਵੇਰੇ ਹੀ ਨਿਕਲ ਜਾਣਾ ਤਾਂ ਜਦੋਂ ਫਿਰ ਡਰਦਿਆਂ-ਡਰਦਿਆਂ ਦੇਰ ਨਾਲ ਘਰ ਵੜਨਾ ਤਾਂ ਘਰੋਂ 'ਸੇਵਾ' ਹੋਣੀ। ਕਈ ਵਾਰ ਤਾਂ ਘਰਦਿਆਂ ਬਾਹਰੋਂ ਲੱਭ ਕੇ ਲਿਆਉਣਾ। ਜਦੋਂ ਸਕੂਲੋਂ ਗਰਮੀਆਂ ਦੀਆਂ ਛੁੱਟੀਆਂ ਹੋਣੀਆਂ ਤਾਂ ਨਾਨਕੇ ਪਿੰਡ ਰਹਿਣ ਜਾਣਾ ਤੇ ਨਾਲੇ ਕਹਿਣਾ 'ਨਾਨਕੇ ਪਿੰਡ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ', ਅੱਜ ਵੀ ਉਹ ਦਿਨ ਯਾਦ ਆਉਂਦੇ। ਅੱਜ ਤਾਂ ਬੱਚਿਆਂ ਨੂੰ ਛੁੱਟੀਆਂ ਦਾ ਚਾਅ ਘੱਟ ਤੇ ਕੰਮ ਦਾ ਫ਼ਿਕਰ ਜ਼ਿਆਦਾ ਹੁੰਦਾ ਹੈ। ਮੈਨੂੰ ਯਾਦ ਹੈ ਜਦੋਂ ਅਸੀ ਪਿੰਡ ਦੇ ਸਕੂਲ ਵਿੱਚ ਪੜ੍ਹਦੇ ਸੀ ਤੇ ਸਕੂਲ ਦੇ ਅਧਿਆਪਕ ਵੀ ਪਿੰਡ ਦੇ ਹੀ ਹੁੰਦੇ ਸਨ। ਜਦੋਂ ਕਿਤੇ ਖੇਡਦਿਆਂ-ਖੇਡਦਿਆਂ ਉਨ੍ਹਾਂ ਨੂੰ ਦੇਖ ਲੈਣਾ ਤਾਂ ਉਨ੍ਹਾਂ ਨੂੰ ਦੇਖ ਲੁਕ ਜਾਣਾ। ਇਕ ਵਾਰ ਸਕੂਲ ਟੀਚਰ ਨੇ ਬੰਟੇ ਖੇਡਦਿਆਂ ਦੇਖ ਲਿਆ ਤੇ ਦੂਜੇ ਦਿਨ ਸਵੇਰੇ ਕਲਾਸ ਵਿੱਚ ਪੁੱਛਣ ਲੱਗੀ ਕਿ ਬੰਟੇ ਕੀਹਨੂੰ-ਕੀਹਨੂੰ ਖੇਡਣੇ ਆਉਂਦੇ। ਅਸੀ ਚਾਰ-ਪੰਜ ਮਿੱਤਰ ਚਾਈਂ-ਚਾਈਂ ਉਠ ਖੜ੍ਹੇ ਹੋਏ ਤਾਂ ਮੈਡਮ ਨੇ ਕਿਹਾ ਫਿਰ ਦੇਖਦੇ ਕੀਹਦੇ ਕੋਲ ਬੰਟੇ ਜ਼ਿਆਦਾ ਨੇ, ਕੱਲ੍ਹ ਲੈ ਕੇ ਆਇਓ। ਅਸੀ ਸਾਰਿਆਂ ਨੇ ਬੰਟੇ ਬੋਤਲਾਂ ਵਿੱਚ ਪਾ-ਪਾ ਰੱਖੇ ਹੋਏ ਸੀ। ਸਾਰੇ ਦੋ-ਦੋ, ਤਿੰਨ-ਤਿੰਨ ਬੋਤਲਾਂ ਲੈ ਆਏ। **ਅਸੀ** ਤਾਂ ਚਾਅ-ਚਾਅ ਨਾਲ ਮੈਡਮ ਨੂੰ ਦਿਖਾਏ ਕਿ ਮੇਰੇ ਕੋਲ ਜ਼ਿਆਦਾ, ਮੇਰੇ ਕੋਲ ਜ਼ਿਆਦਾ। ਮੈਡਮ ਨੇ ਫਿਰ ਕਲਾਸ ਵਿੱਚ ਖੜ੍ਹੇ ਕਰ ਲਿਆ ਕਿ ਇਹ ਹੁੰਦੀ ਏ ਘਰ ਜਾ ਕੇ ਪੜ੍ਹਾਈ। ਉਤੋਂ ਪੇਪਰਾਂ ਦੇ ਦਿਨ ਹੋਣ ਕਰਕੇ ਫਿਰ 'ਸੇਵਾ'। ਸ਼ਾਇਦ ਸਕੂਲ ਅਧਿਆਪਕਾਂ ਤੋਂ ਖਾਧੀ ਕੁੱਟ ਨੇ ਹੀ ਅੱਜ ਕਿਸੇ ਮੁਕਾਮ 'ਤੇ ਪਹੁੰਚਾ ਦਿੱਤਾ ਹੈ।

ਜਦੋਂ ਹੁਣ ਇਹ ਗੱਲਾਂ ਕਦੇ-ਕਦੇ ਉਹੀ ਯਾਰ-ਬੇਲੀ ਇਕੱਠੇ ਹੋ ਕੇ ਕਰਦੇ ਹਾਂ ਤਾਂ ਲੱਗਦਾ ਹੈ ਝੂਠ ਹੀ ਬੋਲ ਰਹੇ ਹਾਂ। ਕਦੇ-ਕਦੇ ਗੱਲਾਂ ਕਰਦਿਆਂ-ਕਰਦਿਆਂ ਹਾਸਾ ਵੀ ਆਉਂਦਾ ਕਿ ਅਸੀ ਇਨੀਆਂ ਸ਼ਰਾਰਤਾਂ ਕਰਦੇ ਹੁੰਦੇ ਸੀ। ਅੱਜ ਦੀ ਜ਼ਿੰਦਗੀ ਤਾਂ ਸਿਰਫ਼ ਰੁਝੇਵਿਆਂ ਭਰੀ ਹੈ। ਪਰ ਬਚਪਨ ਵਿੱਚ ਕੀਤੀਆਂ ਉਹ ਸ਼ਰਾਰਤਾਂ ਤੇ ਖੇਡੀਆਂ ਖੇਡਾਂ ਸਾਰੀ ਜ਼ਿੰਦਗੀ ਸਾਡੇ ਚੇਤਿਆਂ ਵਿੱਚ ਵਸੀਆਂ ਰਹਿਣਗੀਆਂ। ਬਚਪਨ ਦੇ ਉਹ ਦਿਨ, ਕੀਤੀ ਮੌਜ-ਮਸਤੀ, ਬੇਪ੍ਰਵਾਹੀ ਜਦੋਂ ਵੀ ਯਾਦ ਆਉਂਦੀ ਹਨ ਤਾਂ ਮੁੜ ਬੱਚੇ ਬਣਨ ਨੂੰ ਦਿਲ ਲੋਚਦਾ ਹੈ। ਪਰ ਅਜਿਹਾ ਹੋ ਨਹੀ ਸਕਦਾ। •

-98789-19248





### ਟੌਫ਼ੀ


ਸੁਣ ਲਉ ਬੱਚਿਓ ਗੱਲ ਸੱਚੀ,
ਟੌਫ਼ੀ, ਚਾਕਲੇਟ ਨਾ ਅੱਛੀ।
ਚੂਸਣ ਤੇ ਇਹ ਲੱਗੇ ਪਿਆਰੀ,
ਖਾ ਜਾਂਦੇ ਤੁਸੀਂ ਇਹ ਸਾਰੀ।
ਦੰਦਾਂ ਨੂੰ ਇਹ ਕਰੇ ਖ਼ਰਾਬ,
ਕੀੜੇ ਲਾਉਂਦੀ ਜੋ ਬੇਹਿਸਾਬ।
ਤੁਸੀਂ ਦੰਦਾਂ ਦੀ ਕਰੋ ਸੰਭਾਲ,
ਲੱਗਦੇ ਸੋਹਣੇ ਇਨ੍ਹਾਂ ਦੇ ਨਾਲ।
ਜਸਦੀਪ ਸਰ ਰੋਜ਼ ਨੇ ਕਹਿੰਦੇ,
ਦੰਦ ਸਾਫ਼ ਜੋ ਕਰਦੇ ਰਹਿੰਦੇ।
ਬਦਬੂ ਨਾ ਆਵੇ ਉਨ੍ਹਾਂ ਕੋਲੋਂ,
ਤੰਦਰੁਸਤ ਉਹ ਹਮੇਸ਼ਾਂ ਰਹਿੰਦੇ।
ਚੰਗੀਆਂ ਚੀਜ਼ਾਂ ਤੁਸੀਂ ਖਾਓ,
ਬੱਚਿਓ ਆਪਣੀ ਸਿਹਤ ਬਣਾਓ।

• ਜਸਦੀਪ ਸਿੰਘ ਖ਼ਾਲਸਾ
-94630-57786

### ਰੇਤ ਦੇ ਘਰ

ਆਓ ਬੱਚਿਓ! ਰਲ-ਮਿਲ ਖੇਡੀਏ,
ਰੇਤਾ ਆਪਾਂ ਚੁੱਕ ਲਿਆਈਏ।
ਪੈਰਾਂ ਉੱਤੇ ਰੇਤਾ ਪਾ ਕੇ
ਰੇਤ ਦੇ ਸੋਹਣੇ ਘਰ ਬਣਾਈਏ।
ਜਿਸ ਦਾ ਘਰ ਹੋਊ ਸਭ ਤੋਂ ਸੁਹਣਾ,
ਉਸ ਦੇ ਲਈ ਤਾੜੀ ਵਜਵਾਈਏ।
ਫਿਰ ਘਰਾਂ ਦੀ ਗਿਣਤੀ ਕਰਕੇ,
ਨਵੇਂ ਪਿੰਡ ਦਾ ਰੂਪ ਸਜਾਈਏ।
ਪਿੰਡ ਦੇ ਅੰਦਰ ਕੱਚੀਆਂ ਸੜਕਾਂ,
ਸੜਕਾਂ ਕੰਢੇ, ਰੁੱਖ ਲਗਾਈਏ।
ਹਰਾ ਭਰਾ ਪਿੰਡ ਸੋਹਣਾ ਲੱਗੇ,
ਵਾਤਾਵਰਣ ਦਾ ਸਬਕ ਸਿਖਾਈਏ।
ਖੇਡ ਖੇਡਦੇ ਵਿੱਚ ਹੀ ਆਪਾਂ,
ਨਕਸ਼ਾ ਪੰਜਾਬ ਉੱਤੇ ਦਿਖਲਾਈਏ।
'ਸਵੱਛ ਭਾਰਤ' ਦਾ ਪਿੰਡ ਇਹ ਸੋਹਣਾ,
'ਗੋਸਲ' ਪਿੰਡ ਦਾ ਨਾਮ ਰੱਖਾਈਏ।
ਹਰ ਬੱਚੇ ਨੇ ਧਿਆਨ ਏ ਰੱਖਣਾ,
ਆਪਸ ਵਿੱਚ ਲੜ, ਘਰ ਨਾ ਢਾਹੀਏ।

• ਬਹਾਦਰ ਸਿੰਘ ਗੋਸਲ
-98764-52223



### ਪਿਤਾ

ਪਿਤਾ ਨੂੰ ਨਾ ਦੇਵੀ ਤੂੰ ਵਿਸਾਰ ਸੋਹਣਿਆ।
ਦਿੱਤਾ ਤੈਨੂੰ ਰੱਜਵਾਂ ਪਿਆਰ ਸੋਹਣਿਆ।
ਜੰਮਿਆਂ ਤੂੰ ਖ਼ੂਬ ਖ਼ੁਸ਼ੀਆਂ ਮਨਾਈਆਂ ਸੀ।
ਸਾਰਿਆਂ ਨੇ ਆ ਕੇ ਦਿੱਤੀਆਂ ਵਧਾਈਆਂ ਸੀ।
ਬਣਿਆ ਤੂੰ ਘਰ ਦਾ ਸ਼ਿੰਗਾਰ ਸੋਹਣਿਆ।
ਪਿਤਾ ਨੂੰ ਨਾ ਦੇਵੀ ਤੂੰ ਵਿਸਾਰ ਸੋਹਣਿਆ।
ਤੇਰੇ ਨਾਲ ਵਸੇ ਸੰਸਾਰ ਸੋਹਣਿਆ।
ਪਿਤਾ ਨੂੰ ਨਾ ਦੇਵੀ ਤੂੰ ਵਿਸਾਰ ਸੋਹਣਿਆ,
ਵੱਡੇ ਹੋ ਕੇ ਬਾਪ ਦਾ ਸਹਾਰਾ ਬਣਨਾ,
ਪਿਤਾ ਨੂੰ ਨਾ ਦੇਵੀ ਤੂੰ ਵਿਸਾਰ ਸੋਹਣਿਆ,
'ਡਾਲਵੀ' ਦੇ ਵਾਂਗ ਤੂੰ ਵੀ ਨਾਮ ਚਮਕਾਵਣਾ,
ਪੜ੍ਹ ਲਿਖ ਵੱਡਾ ਰੁੱਤਬਾ ਤੂੰ ਪਾਵਣਾ,
ਬਾਪ ਦਾ ਤੂੰ ਸੀਨਾ ਦੇਵੀ ਠਾਰ ਸੋਹਣਿਆ,
ਪਿਤਾ ਨੂੰ ਨਾ ਦੇਵੀ ਤੂੰ ਵਿਸਾਰ ਸੋਹਣਿਆ,

• ਬਹਾਦਰ ਡਾਲਵੀ
-94172-35502

## ਸਮੁੰਦਰੀ ਜੀਵ

ਕੀ ਤੁਸੀਂ ਜਾਣਦੇ ਹੋ ਕਿ ਇਸ ਵੱਡਅਕਾਰੀ ਸ਼ਾਰਕ ਦਾ ਮੂੰਹ ਉਸ ਦੇ ਸਰੀਰ ਦੇ ਹੇਠਲੇ ਹਿੱਸੇ ਵਿਚ ਹੁੰਦਾ ਹੈ? ਇਸ ਦਾ ਨਾਂ ਗਾਬਲਿਨ ਸ਼ਾਰਕ ਹੈ ਤੇ ਆਪਣੇ ਇਕ ਹਮਲੇ ਨਾਲ ਇਹ ਕਿਸੇ ਦਾ ਵੀ ਕੰਮ ਖ਼ਤਮ ਕਰਨ ਦੀ ਸਮਰਥਾ ਰੱਖਦਾ ਹੈ।

**ਦੁਨੀਆ 'ਚ ਅਜੀਬੋ ਗ਼ਰੀਬ ਜਿਹਾ ਦਿਖਾਈ ਦੇਣ ਵਾਲਾ ਇਹ ਜੀਵ ਵਾਟਰ ਬੀਅਰ ਹੈ। ਇਹ ਧਰਤੀ 'ਤੇ ਰਹਿਣ ਵਾਲੇ ਚੋਣਵੇਂ ਸ਼ਕਤੀਸ਼ਾਲੀ ਜੀਵਾਂ ਵਿਚੋਂ ਇਕ ਮੰਨਿਆ ਜਾਂਦਾ ਹੈ....**

ਲਗਭਗ ਇਕ ਮੀਟਰ ਲੰਬਾ ਬਾਬਿਟ ਲੋੜ ਪੈਣ 'ਤੇ 3 ਮੀਟਰ ਤੱਕ ਦਾ ਆਰਾਮ ਨਾਲ ਹੋ ਜਾਂਦਾ ਹੈ। ਆਪਣੇ ਲੰਬੇ ਸਰੀਰ ਦੀ ਮਦਦ ਨਾਲ ਹੀ ਇਹ ਆਪਣੇ ਭੋਜਨ ਤਕ ਪਹੁੰਚਦਾ ਹੈ।

ਚਮਕੀਲੇ ਲਾਲ ਬੁੱਲ੍ਹਾਂ ਵਾਲੀ ਇਸ ਮੱਛੀ ਦਾ ਨਾਂ ਹੈ ਬੈਟ ਫਿਸ਼। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਮੁੰਦਰ ਤਲ 'ਤੇ ਰੇਂਗ ਸਕਦੀ ਹੈ। ਕੋਈ ਵੀ ਮੱਛੀ ਤੈਰਨ ਤੋਂ ਇਲਾਵਾ ਰੇਂਗਣ ਦੀ ਕਾਬਲੀਅਤ ਨਹੀਂ ਰਖਦੀ।

ਆਪਣੇ ਭਿਆਨਕ ਮੂੰਹ ਤੇ ਖੇਤਰ ਲਈ ਲੜਨ ਵਾਲੀ ਇਹ ਮੱਛੀ ਦਾ ਨਾਂ ਹੈ ਫ੍ਰਿਜਹੇਡ। ਇਹ ਦੱਖਣੀ ਕੈਲੀਫੋਰਨੀਆਂ ਤੇ ਮੈਕਸੀਕੋ ਵਿਚ ਪਾਈ ਜਾਂਦੀ ਹੈ।

ਕਾਫ਼ੀ ਖ਼ੂਬਸੂਰਤ ਜਿਹੀ ਦਿਸਣ ਵਾਲੀ ਇਹ ਮੱਛੀ ਬਹੁਤ ਹੀ ਹਮਲਾਵਰ ਸੁਭਾਅ ਦੀ ਹੁੰਦੀ ਹੈ। ਇਸ ਦਾ ਨਾਂ ਓਸ਼ੀਅਨ ਸਨਫਿਸ਼ ਹੈ। ਇਹ ਸਿਰਫ਼ ਜੈਲੀਫਿਸ਼ ਨੂੰ ਹੀ ਖਾ ਸਕਦੀ ਹੈ।

ਮੋਲਾ ਮੋਲਾ ਨੂੰ ਇਸ ਦੁਨੀਆਂ ਦਾ ਸਭ ਤੋਂ ਭਾਰੀ ਹੱਡੀਆਂ ਵਾਲੇ ਜੀਵ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇਕ ਹਜ਼ਾਰ ਕਿਲੋ ਤਕ ਦੀ ਹੁੰਦੀ ਹੈ।

ਸਭ ਤੋਂ ਆਖ਼ਰ ਵਿਚ ਹੈ ਸਪੂਕ ਫਿਸ਼। ਇਸ ਦਾ ਪੂਰਾ ਸਰੀਰ ਪਾਰਦਰਸ਼ੀ ਹੁੰਦਾ ਹੈ ਤੇ ਅੱਖਾਂ ਬਹੁਤ ਹੀ ਵੱਡੀਆਂ ਸ਼ੀਸ਼ੇ ਵਰਗੀਆਂ। •



ਅਜੂਬੇ



## ਦੁਨੀਆ ਦਾ ਅਨੋਖਾ ਬੀਜ ਬੈਂਕ

ਦੁਨੀਆ ਦੇ ਕਈ ਦੇਸ਼ਾਂ 'ਚ ਅਜਿਹੇ ਬੀਜ ਬੈਂਕ ਹਨ ਜੋ ਬੀਜਾਂ ਨੂੰ ਸੰਭਾਲ ਕੇ ਰੱਖਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿ ਕਦੇ ਵੀ ਬਿਪਤਾ ਹੋਣ 'ਤੇ ਇਨ੍ਹਾਂ ਨੂੰ ਵਰਤਿਆ ਜਾ ਸਕੇ। ਵਿਗਿਆਨੀਆਂ ਨੇ ਨਾਰਥ ਪੋਲ ਜੋ ਦੁਨੀਆ ਦਾ ਬੇਹੱਦ ਠੰਢਾ ਇਲਾਕਾ ਹੈ ਉਥੇ ਇਕ ਬੀਜ ਬੈਂਕ ਬਣਾਇਆ ਹੈ। ਇਹ ਬੀਜ ਬੈਂਕ ਦੂਸਰੇ ਬੈਂਕਾਂ ਵਰਗਾ ਹੀ ਹੈ ਪਰ ਏਨਾ ਵੱਡਾ ਕਿ ਸ਼ਾਇਦ ਤੁਸੀ ਸੋਚ ਵੀ ਨਹੀ ਸਕਦੇ। ਇਹ ਅਜਿਹੀ ਥਾਂ ਹੈ ਜਿਥੇ ਮੁਸੀਬਤ ਦੇ ਦਿਨਾਂ ਦੀ ਬਿਪਤਾ ਆਸਾਨੀ ਨਾਲ ਨਹੀ ਆਵੇਗੀ। ਇਸ ਨੂੰ ਕਈ ਦੇਸ਼ਾਂ ਨੇ ਆਪਸੀ ਸਮਝੌਤੇ ਤਹਿਤ 'ਨੋ ਵਾਰ ਜ਼ੋਨ' ਵਿਚ ਬਦਲ ਦਿੱਤਾ। ਇਹ ਸੀਟ ਵਾਲਟ ਬਰਫ਼ ਦੀਆਂ ਚੱਟਾਨਾਂ ਨੂੰ ਕੱਟ ਕੇ ਬਹੁਤ ਗਹਿਰਾਈ ਵਿਚ ਬਣਾਇਆ ਗਿਆ ਹੈ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਬੀਜ ਰੱਖੇ ਗਏ ਹਨ। ਦੁਨੀਆ ਦਾ ਕੋਈ ਰੁੱਖ-ਬੂਟਾ ਅਜਿਹਾ ਨਹੀ ਜੋ ਇੱਥੇ ਨਾ ਹੋਵੇ। ਅੱਜ ਅਸੀ ਇਹ ਕਹਿ ਸਕਦੇ ਹਾਂ ਕਿ ਭਾਵੇਂ ਪ੍ਰਿਥਵੀ 'ਤੇ ਡਾਇਨਾਸੋਰ ਵਰਗੇ ਜੀਵ ਲੁਪਤ ਹੋ ਗਏ ਹੋਣ ਪਰ ਅੱਜ ਪ੍ਰਿਥਵੀ 'ਤੇ ਜੀਵਨ ਬਚਾਉਣ ਦੀ ਇਹ ਕੋਸ਼ਿਸ਼ ਦੇਖ ਕੇ ਲਗਦਾ ਹੈ ਕਿ ਸ਼ਾਇਦ ਇਸ ਹਰੀ-ਭਰੀ ਧਰਤੀ 'ਤੇ ਹਰਿਆਲੀ ਹਮੇਸ਼ਾ ਕਾਇਮ ਰਹੇਗੀ। •

**ਕੀ ਤੁਸੀਂ ਕਦੇ ਪੈਂਗੋਲਿਨ ਦਾ ਨਾਂ ਸੁਣਿਆ ਹੈ? ਅੱਜ ਅਸੀਂ ਤੁਹਾਨੂੰ ਇਸ ਜੀਵ ਬਾਰੇ ਦੱਸਦੇ ਹਾਂ, ਜੋ ਬਹੁਤ ਹੀ ਘੱਟ ਖਾਂਦਾ ਹੈ ਤੇ ਸ਼ਿਕਾਰ ਵੀ ਰਾਤ ਸਮੇਂ ਕਰਦਾ ਹੈ। ਇਹ ਜੀਵ ਭੂਟਾਨ, ਉੱਤਰੀ ਭਾਰਤ, ਉੱਤਰ-ਪੂਰਬ ਬੰਗਲਾ ਦੇਸ਼, ਮਿਆਂਮਾਰ, ਥਾਈਲੈਂਡ, ਦੱਖਣੀ ਚੀਨ ਤੇ ਤਾਈਵਾਨ 'ਚ ਮਿਲਦਾ ਹੈ...**

## ਡਾਇਨਾਸੋਰ ਦਾ ਅੱਧਾ ਪਰਿਵਾਰ ਪੈਂਗੋਲਿਨ



ਪੈਂਗੋਲਿਨ ਨੂੰ ਡਾਇਨਾਸੋਰ ਦੇ ਪਰਿਵਾਰ ਦਾ ਮੈਂਬਰ ਮੰਨਿਆ ਜਾਂਦਾ ਹੈ। ਕਿਉਂਕਿ ਉਸ ਦੀਆਂ ਹੱਡੀਆਂ ਦੀ ਬਣਾਵਟ ਡਾਇਨਾਸੋਰ ਨਾਲ ਮਿਲਦੀ ਹੈ। ਆਪਣੇ ਦੇਸ਼ 'ਚ ਦੋ ਤਰ੍ਹਾਂ ਦੇ ਪੈਂਗੋਲਿਨ ਮਿਲਦੇ ਹਨ, ਭਾਰਤੀ ਤੇ ਚੀਨੀ। ਚੀਨੀ ਪੈਂਗੋਲਿਨ ਪੂਰਬੀ ਦੇਸ਼ਾਂ 'ਚ ਮਿਲਦੇ ਹਨ। ਦੁਨੀਆਂ ਭਰ 'ਚ ਪੈਂਗੋਲਿਨ ਦੀਆਂ ਸੱਤ ਪ੍ਰਜਾਤੀਆਂ ਮਿਲਦੀਆਂ ਹਨ। ਇਹ ਆਕਾਰ 'ਚ ਬਹੁਤ ਛੋਟੇ ਹੁੰਦੇ ਹਨ। ਇਨ੍ਹਾਂ ਦਾ ਪਿਛਲਾ ਪੈਰ ਅਗਲੇ ਪੈਰ ਦੀ ਤੁਲਨਾ 'ਚ ਵੱਡਾ ਤੇ ਮੋਟਾ ਹੁੰਦਾ ਹੈ। ਇਸ ਦੇ ਦੰਦ ਨਹੀ ਹੁੰਦੇ। ਇਹ ਜੀਭ ਨਾਲ ਹੀ ਸ਼ਿਕਾਰ ਕਰਦੇ ਹਨ। ਇਸ ਦੀ ਜੀਭ ਕਰੀਬ 25 ਸੈਂਟੀਮੀਟਰ ਤੱਕ ਹੁੰਦੀ ਹੈ ਤੇ ਉਹ ਆਸਾਨੀ ਨਾਲ ਆਪਣੇ ਸ਼ਿਕਾਰ ਨੂੰ ਆਪਣੀ ਜੀਭ ਨਾਲ ਚਿਪਕਾ ਲੈਂਦੇ ਹਨ।

**ਪੈਂਗੋਲਿਨ ਦਾ ਸੁਰੱਖਿਆ ਕਵਚ-** ਪੈਂਗੋਲਿਨ ਦਾ ਸਰੀਰ ਹੀ ਹੁੰਦਾ ਹੈ ਤੇ ਇਸ ਦੇ ਸਰੀਰ 'ਤੇ ਹੋਰ ਕਈ ਕਵਚ ਹੁੰਦੇ ਹਨ। ਇਹ ਕਵਚ ਸੁਰੱਖਿਆ ਕਵਚ ਵਾਂਗ ਕੰਮ ਕਰਦੇ ਹਨ। ਇਸ ਦੇ ਚਿਹਰੇ, ਗਲੇ ਤੇ ਪੈਰਾਂ ਦੇ ਹਿੱਸਿਆਂ 'ਤੇ ਕਵਚ ਨਹੀ ਹੁੰਦੇ। ਪੈਂਗੋਲਿਨ ਦਾ ਰੰਗ ਭੂਰੇ ਤੋਂ ਲੈ ਕੇ ਸਫ਼ੈਦ, ਤੇ ਕਾਲੇਪਨ 'ਚ ਹੁੰਦਾ ਹੈ। ਇਹ ਦਰੱਖਤਾਂ 'ਤੇ ਚੜ੍ਹਨ 'ਚ ਮਾਹਿਰ ਹੁੰਦੇ ਹਨ। ਪੈਂਗੋਲਿਨ ਰਾਤ ਨੂੰ ਭੋਜਨ ਕਰਦੇ ਹਨ। ਇਹ ਦਰੱਖ਼ਤ ਤੇ ਚੜ੍ਹਨ 'ਚ ਵੀ ਮਾਹਿਰ ਹੁੰਦੇ ਹਨ। ਪੈਂਗੋਲਿਨ ਦਾ ਮੁੱਖ ਭੋਜਨ ਕੀੜੀਆਂ ਦੇ ਆਂਡੇ ਹੁੰਦੇ ਹਨ। ਇਹ ਦੀਵਾਰਾਂ ਅਤੇ ਦਰੱਖਤਾਂ 'ਤੇ ਚੜ੍ਹ ਕੇ ਕੀੜੀਆਂ ਅਤੇ ਛੋਟੇ ਜੀਵਾਂ ਦੇ ਆਂਡਿਆਂ ਨੂੰ ਆਪਣੀ ਜੀਭ ਨਾਲ ਖਾਂਦੇ ਹਨ। ਜ਼ਰੂਰਤ ਪੈਣ 'ਤੇ ਇਹ ਕੀੜੀਆਂ ਨੂੰ ਵੀ ਨਿਗਲ ਜਾਂਦੇ ਹਨ।



**ਡਰਪੋਕ ਹੁੰਦੇ ਹਨ-** ਪੈਂਗੋਲਿਨ-ਪੈਂਗੋਲਿਨ ਡਰਪੋਕ ਹੁੰਦੇ ਹਨ ਤੇ ਕਿਸੇ ਨੂੰ ਨੁਕਸਾਨ ਨਹੀ ਪਹੁੰਚਾਉਂਦੇ। ਦਿਨ ਸਮੇਂ ਇਹ ਆਪਣੀਆਂ ਗੁਫ਼ਾਵਾਂ 'ਚ ਲੁਕ ਜਾਂਦੇ ਹਨ ਤੇ ਇਨ੍ਹਾਂ ਨੂੰ ਮਿੱਟੀ ਨਾਲ ਢੱਕ ਦਿੰਦੇ ਹਨ। ਇਨ੍ਹਾਂ ਦੀਆਂ ਗੁਫ਼ਾਵਾਂ, ਚੱਟਾਨੀ ਸਥਾਨਾਂ 'ਤੇ ਡੇਢ ਤੋਂ ਪੌਣੇ ਦੋ ਮੀਟਰ ਤੱਕ ਲੰਬੀਆਂ ਹੁੰਦੀਆਂ ਹਨ। ਭੁਰਭੁਰੀ ਮਿੱਟੀ ਵਾਲੇ ਸਥਾਨਾਂ 'ਤੇ ਇਹ ਛੇ ਮੀਟਰ ਤੱਕ ਲੰਬੇ ਹੁੰਦੇ ਹਨ ਤੇ ਪੂਰੇ ਸਰੀਰ ਨੂੰ ਚੱਕਰ ਵਾਂਗ ਮੋੜ ਲੈਂਦੇ ਹਨ ਤਾਂ ਕਿ ਸਰੀਰ ਦੇ ਸੰਵੇਦਨਸ਼ੀਲ ਹਿੱਸੇ ਸੁਰੱਖਿਅਤ ਰਹਿਣ। ਪੈਂਗੋਲਿਨ ਆਪਣੀ ਰੱਖਿਆ ਲਈ ਬਾਲ ਦੇ ਆਕਾਰ 'ਚ ਰਹਿੰਦੇ ਹਨ। ਇਸ ਦੀਆਂ ਮਾਸਪੇਸ਼ੀਆਂ ਇੰਨੀਆਂ ਮਜ਼ਬੂਤ ਹੁੰਦੀਆਂ ਹਨ ਕਿ ਲਿਪਟੇ ਹੋਏ ਪੈਂਗੋਲਿਨ ਨੂੰ ਸਿੱਧਾ ਕਰਨਾ ਬਹੁਤ ਔਖਾ ਹੁੰਦਾ ਹੈ।


ਇਸ ਤਰ੍ਹਾਂ ਧਰਤੀ ਦਾ ਇਹ ਜੀਵ ਬਹੁਤ ਡਰਪੋਕ ਪਰ ਸਰੀਰਕ ਪੱਖੋਂ ਮਜ਼ਬੂਤ ਤੇ ਹਨੇਰੇ ਨੂੰ ਪੰਸਦ ਕਰਨ ਵਾਲਾ ਜੀਵ ਹੁੰਦਾ ਹੈ। ਇਸ ਦੀ ਸੁਰੱਖਿਆ ਇਸ ਦੇ ਸਰੀਰ ਤੇ ਬਣੇ ਛੋਟੇ ਪੱਤਿਆਂ ਵਰਗੇ ਕਵਜ ਕਰਦੇ ਹਨ। •

# ਤੁਹਾਡਾ ਬੱਚਾ ਰਾਈਟ ਬ੍ਰੇਨ ਹੈ ਜਾਂ ਲੈਫਟ ਬ੍ਰੇਨ ?



ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਤੁਹਾਡਾ ਬੱਚਾ ਖੱਬੇ ਹੱਥ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਦੀ ਪਰ ਕੀ ਤੁਸੀਂ ਇਹ ਜਾਣਦੇ ਹੋ ਕਿ ਤੁਹਾਡਾ ਬੱਚਾ ਆਪਣੇ ਦਿਮਾਗ ਦੇ ਖੱਬੇ ਪਾਸੇ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਪਾਸੇ ਦੀ। ਜੇਕਰ ਤੁਸੀਂ ਇਸ ਦਾ ਪਤਾ ਲਗਾ ਲਓ ਤਾਂ ਇਸ ਨਾਲ ਨਾ ਸਿਰਫ ਤੁਹਾਨੂੰ ਉਸ ਦੇ ਭਵਿੱਖ ਦਾ ਅੰਦਾਜ਼ਾ ਲਗਾਉਣ 'ਚ ਮਦਦ ਮਿਲੇਗੀ, ਸਗੋਂ ਤੁਸੀਂ ਉਸ ਦੇ ਕੈਰੀਅਰ ਨੂੰ ਵੀ ਸਹੀ ਦਿਸ਼ਾ ਦੇ ਸਕੋਗੇ।

ਕੀ ਤੁਸੀਂ ਕਦੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਤੁਹਾਡਾ ਬੱਚਾ ਗਣਿਤ 'ਚ ਘੱਟ ਅੰਕ ਕਿਉਂ ਲਿਆਉਂਦਾ ਹੈ ਜਾਂ ਤੁਸੀਂ ਉਸ ਨੂੰ ਬਸ ਝਿੜਕਦੇ ਰਹਿੰਦੇ ਹੋ ਕਿ ਉਹ ਹੋਰ ਮਿਹਨਤ ਕਰੇ ਤਾਂ ਕਿ ਬੇਹਤਰ ਅੰਕ ਲਿਆ ਸਕੇ। ਇਸੇ ਤਰ੍ਹਾਂ ਕੀ ਤੁਸੀਂ ਕਦੇ ਸੋਚਿਆ ਹੈ ਕਿ ਉਹ ਚਿੱਤਰਕਲਾ ਵੱਲ ਇੰਨੀ ਦਿਲਚਸਪੀ ਕਿਉਂ ਰੱਖਦਾ ਹੈ। ਹੋ ਸਕਦੈ ਕਿ ਇਹ ਮਿਸਾਲ ਤੁਹਾਨੂੰ ਦਰਸ਼ੀਲ ਸਫਾਰੀ ਦੀ ਯਾਦ ਦਿਵਾ ਦੇਵੇ, ਜਿਸ ਨੇ ਫਿਲਮ 'ਤਾਰੇ ਜ਼ਮੀਂ ਪਰ' 'ਚ ਮੁੱਖ ਕਿਰਦਾਰ ਨਿਭਾਇਆ ਸੀ। ਪਰ ਇਸ ਉਦਾਹਰਣ ਦਾ ਅਰਥ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਵੀ ਡਾਇਸਲੈਕਸੀਆ ਦਾ ਸ਼ਿਕਾਰ ਹੈ। ਅਸਲ 'ਚ ਇਹ ਸਭ ਬ੍ਰੇਨ ਗੇਮ ਹੈ ਭਾਵ ਉਸ ਦਾ ਸੱਜਾ ਦਿਮਾਗ ਖੱਬੇ ਦਿਮਾਗ 'ਤੇ ਹਾਵੀ ਹੈ।




ਬਾਇਓਲੋਜੀ ਮੁਤਾਬਿਕ ਮਨੁੱਖੀ ਦਿਮਾਗ ਵਿਚਕਾਰੋਂ ਦੋ ਹਿੱਸਿਆਂ 'ਚ ਵੰਡਿਆ ਹੁੰਦਾ ਹੈ, ਜਿਸ ਨੂੰ ਆਮ ਭਾਸ਼ਾ 'ਚ ਸੱਜਾ ਤੇ ਖੱਬਾ ਦਿਮਾਗ ਕਹਿੰਦੇ ਹਨ। ਮਾਹਿਰਾਂ ਦਾ ਕਹਿਣੈ ਕਿ ਇਹ ਦੋਵੇਂ ਵੱਖ-ਵੱਖ ਦਿਮਾਗ ਵੱਖੋ-ਵੱਖਰੀ ਸੋਚ ਦੇ ਸਰੋਤ ਹਨ। ਕੋਈ ਵਿਅਕਤੀ ਕਿਵੇਂ ਸੋਚਦਾ ਹੈ ਜਾਂ ਕਿਵੇਂ ਸਲੂਕ ਕਰਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦਿਮਾਗ ਦਾ ਕਿਹੜਾ ਹਿੱਸਾ ਵਧੇਰੇ ਹਾਵੀ ਹੈ।

ਸਿਰਫ ਇਹੀ ਨਹੀਂ ਕੋਈ ਬੱਚਾ ਵੱਡਾ ਹੋ ਕੇ ਕਿਸ ਕੈਰੀਅਰ ਨੂੰ ਚੁਣੇਗਾ, ਇਹ ਕਾਫੀ ਹੱਦ ਤੱਕ ਇਨ੍ਹਾਂ ਹੀ ਦੋ ਹਿੱਸਿਆ 'ਤੇ ਨਿਰਭਰ ਕਰਦਾ ਹੈ। ਜੇਕਰ ਤੁਹਾਡਾ ਬੱਚਾ ਖੱਬੇ ਦਿਮਾਗ ਦੀ ਵਰਤੋਂ ਵਰਦਾ ਹੈ ਤਾਂ ਜ਼ਿਆਦਾ ਸੰਭਾਵਨਾ ਇਹ ਹੈ ਕਿ ਉਹ ਡਾਕਟਰ, ਵਿਗਿਆਨਕ, ਅਕਾਊਂਟੈਂਟ, ਵਕੀਲ ਜਾਂ ਇੰਜੀਨੀਅਰ ਬਣੇ ਅਤੇ ਜੇਕਰ ਉਹ ਸੱਜਾ ਦਿਮਾਗ ਵਰਤਦਾ ਹੈ ਤਾਂ ਰਚਨਾਤਮਕ ਖੇਤਰ 'ਚ ਉਸ ਦੇ ਸਫਲ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਖੱਬੇ ਹਿੱਸੇ 'ਚ ਮੁਖ ਤੌਰ 'ਤੇ ਵਿਸ਼ਲੇਸ਼ਣਾਤਮਕ ਸ਼ਕਤੀਆਂ ਹੁੰਦੀਆਂ ਹਨ, ਜਿਵੇਂ ਬੋਲਣਾ, ਗਣਨਾ ਕਰਨਾ, ਬੌਧਿਕ ਵਿਸ਼ਲੇਸ਼ਣ, ਪੜ੍ਹਨਾ-ਲਿਖਣਾ, ਨਾਮਕਰਨ, ਤਰਤੀਬ, ਮੁਲਾਂਕਣ ਅਤੇ ਤਰਕ। ਸੱਜਾ ਹਿੱਸਾ ਕਲਾਤਮਕ ਅਤੇ ਰਚਨਾਤਮਕ ਨਿਪੁੰਨਤਾ ਲਈ ਜ਼ਿੰਮੇਵਾਰ ਹੁੰਦਾ ਹੈ, ਜਿਵੇਂ ਸੰਗੀਤ, ਤਸਵੀਰਾਂ ਅਤੇ ਰੰਗਾਂ ਨੂੰ ਪਛਾਨਣਾ, ਸਮਝ, ਸਥਾਨਕ ਸਮਰਥਾਵਾਂ, ਅੰਤਰਗਿਆਨ ਅਤੇ ਭਾਵਨਾਵਾਂ ?"

**ਇਹ ਕਿਵੇਂ ਪਤਾ ਲਗਾਈਏ ਕਿ ਬੱਚਾ ਰਾਈਟ ਬ੍ਰੇਨ ਹੈ ਜਾਂ ਲੈਫਟ ਬ੍ਰੇਨ ?**

ਖੋਜਾਂ ਦੱਸਦੀਆਂ ਹਨ ਕਿ ਸਰੀਰ ਦੇ ਸੱਜੇ ਹਿੱਸੇ ਨੂੰ ਦਿਮਾਗ ਦਾ ਖੱਬਾ ਹਿੱਸਾ ਕੰਟਰੋਲ ਕਰਦਾ ਹੈ ਅਤੇ ਸਰੀਰ ਦੇ ਖੱਬੇ ਹਿੱਸੇ ਨੂੰ ਦਿਮਾਗ ਦਾ ਸੱਜਾ ਹਿੱਸਾ ਕੰਟਰੋਲ ਕਰਦਾ ਹੈ। ਇਸ ਹਿਸਾਬ ਨਾਲ ਜੇਕਰ ਕੋਈ ਵਿਅਕਤੀ ਸੱਜੇ ਹੱਥ ਨਾਲ ਕੰਮ ਕਰਦਾ ਹੈ ਤਾਂ ਉਹ ਖੱਬੇ ਦਿਮਾਗ ਵਾਲ ਹੈ ਅਤੇ ਜੇਕਰ ਉਹ ਖੱਬੇ ਹੱਥ ਨਾਲ ਕੰਮ ਕਰਦਾ ਹੈ ਤਾਂ ਉਹ ਸੱਜੇ ਦਿਮਾਗ ਵਾਲਾ ਹੈ ਪਰ ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਹਰ ਨਿਯਮ ਦੇ ਕੁਝ ਬਦਲ ਹੁੰਦੇ ਹਨ ਤਾਂ ਇਸ ਦੇ ਵੀ ਹਨ। ਇਸ ਦਾ ਮਤਲਬ ਇਹ ਹੈ ਕਿ ਖੱਬੇ ਜਾਂ ਸੱਜੇ ਹੱਥ ਨਾਲ ਕੰਮ ਕਰਨਾ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਉਹ ਵਿਅਕਤੀ ਸੱਜੇ ਦਿਮਾਗ ਵਾਲਾ ਜਾਂ ਖੱਬੇ ਦਿਮਾਗ ਵਾਲਾ ਹੀ ਹੋਵੇਗਾ। ਇਹ ਦੇਖਿਆ ਗਿਆ ਹੈ ਕਿ ਖੱਬੇ ਦਿਮਾਗ ਦੀ ਵਰਤੋਂ ਕਰਨ ਵਾਲੇ ਲੋਕ ਤਰਕਸ਼ੀਲ ਅਤੇ ਵਿਸ਼ਲੇਸ਼ਣਾਤਮਕ ਹੋਣ ਦੇ ਨਾਲ ਹੀ ਜ਼ਿੰਦਗੀ 'ਚ ਪ੍ਰੈਕਟੀਕਲ ਵੀ ਹੁੰਦੇ ਹਨ। ਉਹ ਨਿਯਮਾਂ-ਕਾਇਦਿਆਂ ਮੁਤਾਬਿਕ ਚੱਲਣਾ ਪਸੰਦ ਕਰਦੇ ਹਨ ਅਤੇ ਹਰ ਕੰਮ ਕ੍ਰਮਬੱਧ ਤਰੀਕੇ ਨਾਲ ਬਿਨਾਂ ਜ਼ੋਖਿਮ ਚੁੱਕਿਆਂ ਕਰਦੇ ਹਨ। ਦੂਜੇ ਪਾਸੇ ਸੱਜੇ ਦਿਮਾਗ ਦੇ ਨਾਲ ਸੋਚਣ ਵਾਲੇ ਲੋਕ ਇਕ ਦੂਜੀ ਹੀ ਦੁਨੀਆ 'ਚ ਰਹਿੰਦੇ ਹਨ, ਜੋ ਸਹਿਜ ਗਿਆਨ ਅਤੇ ਕਲਪਨਾਸ਼ੀਲਤਾ ਨਾਲ ਚਲਦੀ ਹੈ। ਅਜਿਹੇ ਲੋਕ ਦਾਰਸ਼ਨਿਕ ਹੁੰਦੇ ਹਨ ਅਤੇ ਜ਼ੋਖਿਮ ਚੁਕਣ 'ਚ ਯਕੀਨ ਕਰਦੇ ਹਨ। ਖੱਬੇ ਦਿਮਾਗ ਵਾਲਿਆਂ ਦੇ ਉਲਟ ਸੱਜੇ ਦਿਮਾਗ ਵਾਲੇ ਚੀਜ਼ਾਂ ਨੂੰ ਸੰਪੂਰਨ ਤਰੀਕੇ ਨਾਲ ਦੇਖਦੇ ਹਨ। ਉਨ੍ਹਾਂ ਦੀ ਦਿਲਚਸਪੀ ਪੈਟਰਨ, ਆਕ੍ਰਿਤੀ ਅਤੇ ਆਕਾਰ 'ਚ ਹੁੰਦੀ ਹੈ। ਇਨ੍ਹਾਂ ਲੋਕਾਂ ਦੀ ਦਿਲਚਸਪੀ ਗਾਇਕੀ, ਚਿੱਤਰਕਲਾ ਅਤੇ ਕਾਵਿ ਆਦਿ ਵਰਗੀਆਂ ਕਲਾਵਾਂ 'ਚ ਹੁੰਦੀ ਹੈ ਭਾਵ ਇਹ ਕਲਾਤਮਕ ਰੁਝਾਨ ਵਾਲੇ ਹੁੰਦੇ ਹਨ।

**ਖੱਬਾ ਦਿਮਾਗ ਜਾਂ ਸੱਜਾ ਦਿਮਗਾ-ਕਿਹੜਾ ਹੈ ਬੇਹਤਰ ?**

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡਾ ਬੱਚਾ ਖੱਬੇ ਦਿਮਾਗ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਦਿਮਾਗ ਦੀ ਕਿਉਂਕਿ ਦਿਮਾਗ ਦੇ ਦੋਵੇਂ ਹੀ ਹਿੱਸੇ ਸਰਗਰਮ ਰਹਿੰਦੇ ਹਨ, ਬਸ ਫਰਕ ਸਿਰਫ ਇੰਨਾ ਹੈ ਕਿ ਇਕ ਹਿੱਸਾ ਵਧੇਰੇ ਫੁਰਤੀਲਾ ਹੁੰਦਾ ਹੈ, ਜੋ ਦੂਜੇ ਦੇ ਪੱਲੜੇ ਨੂੰ ਕੁਝ ਝੁਕਾ ਦਿੰਦਾ ਹੈ ਪਰ ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਦੇ ਦਿਮਾਗ ਦੇ ਦੋਵੇਂ ਹਿੱਸੇ ਕੰਮ ਕਰਦੇ ਹੋਣ ਅਤੇ ਇਕ-ਦੂਜੇ ਨਾਲ ਲੈਅ-ਤਾਲ ਮਿਲਾ ਕੇ ਕਿਰਿਆਸ਼ੀਲ ਰਹਿੰਦੇ ਹੋਣ। ਇਹ ਇਸ ਲਈ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਸੰਪੂਰਨ ਦਿਮਾਗ ਦੀ ਵਰਤੋਂ ਕਰਨ ਵਾਲਾ ਵਿਅਕਤੀ ਬਣੇ, ਇਸ ਦੀਆਂ ਸਰਗਰਮੀਆਂ ਦਿਮਾਗ ਦੇ ਕਿਸੇ ਇਕ ਹਿੱਸੇ ਵੱਲ ਕੇਂਦਰਿਤ ਨਾ ਰਹਿ ਜਾਣ। ਇਸ ਤਰ੍ਹਾਂ ਉਹ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ ਅਤੇ ਪੂਰਾ ਨਜ਼ਰੀਆ ਅਪਣਾਏਗਾ।

**ਦਿਮਾਗ ਦੇ ਸੰਪੂਰਨ ਵਿਕਾਸ ਨੂੰ ਕਿਵੇਂ ਬੇਹਤਰ ਬਣਾਇਆ ਜਾ ਸਕਦਾ ਹੈ ?**

ਇਸ ਦੇ ਲਈ ਇਹ ਜ਼ਰੂਰੀ ਹੈ ਕਿ ਦਿਮਾਗ ਦੇ ਦੋਵੇਂ ਹਿੱਸੇ ਮਿਲ ਕੇ ਕੰਮ ਕਰਨ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਅਕਸਰ ਅਜਿਹੀਆਂ ਸਰਗਰਮੀਆਂ 'ਚ ਸ਼ਾਮਲ ਕਰਨ, ਜਿਨ੍ਹਾਂ ਨਾਲ ਸੱਜਾ ਦਿਮਾਗ ਸਰਗਰਮ ਹੋਵੇ ਕਿਉਂਕਿ ਸਕੂਲਾਂ 'ਚ ਬੱਚਿਆਂ ਨੂੰ ਜੋ ਸਿਖਲਾਈ ਦਿੱਤੀ ਜਾਂਦੀ ਹੈ, ਉਸ ਨਾਲ ਖੱਬਾ ਦਿਮਾਗ ਤਾਂ ਤੇਜ਼ ਹੁੰਦਾ ਹੈ ਪਰ ਦਿਮਾਗ ਦਾ ਸੱਜਾ ਹਿੱਸਾ ਪਿੱਛੜ ਜਾਂਦਾ ਹੈ। ਸੱਜੇ ਦਿਮਾਗ ਦੇ ਬਿਹਤਰ ਵਿਕਾਸ ਲਈ ਬੱਚਿਆਂ ਤੋਂ ਰਚਨਾਤਮਕ ਕੰਮ ਕਰਵਾਢ, ਉਨ੍ਹਾਂ ਨੂੰ ਕੋਈ ਭੂਮਿਕਾ ਨਿਭਾਉਣ ਲਈ ਦਿਓ, ਗਾਉਣ, ਪੇਂਟਿੰਗ ਜਾਂ ਕੋਈ ਸਾਜ਼ ਵਜਾਉਣ ਲੀ ਉਤਸ਼ਾਹਿਤ ਕਰੋ ਜਾਂ ਇਸੇ ਕਿਸਮ ਦੀਆਂ ਹੋਰ ਰਚਨਾਤਮਕ ਸਰਗਰਮੀਆਂ 'ਚ ਉਨ੍ਹਾਂ ਨੂੰ ਹਿੱਸਾ ਲੈਣ ਦਿਓ।

ਨਾਲ ਹੀ ਬੱਚਿਆਂ ਦੀ ਖ਼ੁਰਾਕ 'ਤੇ ਵੀ ਖਾਸ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਅਜਿਹੀ ਖੁਰਾਕ ਦਿਓ, ਜੋ ਦਿਮਾਗ ਦੇ ਸੰਪੂਰਨ ਵਿਕਾਸ ਲਈ ਜਾਣੀ ਜਾਂਦੀ ਹੋਵੇ, ਜਿਵੇਂ ਗਿਰੀਆਂ (ਬਦਾਮ ਆਦਿ) ਅਤੇ ਜੜ੍ਹੀ-ਬੂਟੀਆਂ (ਬ੍ਰਾਮੀ ਆਦਿ), ਇਨ੍ਹਾਂ ਨੂੰ ਬੱਚਿਆਂ ਨੂੰ ਦਿਨ 'ਚ ਦੋ ਵਾਰ ਖੁਆਓ ਕਿਉਂਕਿ ਇਨ੍ਹਾਂ ਨਾਲ ਦਿਮਾਗ ਦੇ ਦੋਵੇਂ ਹਿੱਸੇ ਸਰਗਰਮ ਹੁੰਦੇ ਹਨ।

# ਮਹਾਮਾਰੀ ਬਣਿਆ ਹਾਈ ਬਲੱਡ ਪ੍ਰੈਸ਼ਰ

ਜੀਵਨ ਸ਼ੈਲੀ ਨਾਲ ਸਬੰਧਿਤ ਰੋਗਾਂ 'ਚ ਹਾਈ ਬਲੱਡ ਪ੍ਰੈਸ਼ਰ ਇਕ ਮਹਾਮਾਰੀ ਵਾਂਗ ਫੈਲਦਾ ਜਾ ਰਿਹਾ ਹੈ। ਹਾਈ ਬਲੱਡ ਪ੍ਰੈਸ਼ਰ ਆਪਣੇ ਆਪ 'ਚ ਤਾਂ ਇਕ ਗੰਭੀਰ ਰੋਗ ਹੀ ਹੈ, ਕਈ ਗੰਭੀਰ ਰੋਗਾਂ ਜਿਵੇਂ ਹਾਰਟ ਅਟੈਕ ਅਤੇ ਲਕਵੇ ਦੀ ਸੰਭਾਵਨਾ ਨੂੰ ਵੀ ਵਧਾਉਂਦਾ ਹੈ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹੀ ਨਹੀਂ ਜਿੱਥੇ ਪਹਿਲਾਂ ਹਾਈ ਬਲੱਡ ਪ੍ਰੈਸ਼ਰ 40-45 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਸੀ, ਉਥੇ ਹੀ ਅੱਜ 30-35 ਸਾਲ ਦੀ ਉਮਰ 'ਚ ਵੀ ਹਾਈ ਬਲੱਡ ਪ੍ਰੈਸ਼ਰ ਰੋਗ ਹੋਣਾ ਆਮ ਗੱਲ ਹੈ।

ਹਾਈ ਬਲੱਡ ਪ੍ਰੈਸ਼ਰ ਦਾ ਸਭ ਤੋਂ ਅਹਿਮ ਕਾਰਨ ਹੈ ਨਮਕ ਦੀ ਵਧੇਰੇ ਮਾਤਰਾ 'ਚ ਵਰਤੋਂ ਕਰਨਾ। ਨਮਕ ਭਾਵ ਸੋਡੀਅਮ ਕਲੋਰਾਈਡ ਦੇ ਰੂਪ 'ਚ ਅਸੀਂ ਆਪਣੀ ਡਾਈਟ 'ਚ ਸੋਡੀਅਮ ਦੀ ਵਰਤੋਂ ਕਰਦੇ ਹਾਂ। ਉਂਝ ਤਾਂ ਸੋਡੀਅਮ ਦੀ ਕੁਝ ਮਾਤਰਾ ਸਰੀਰ ਲਈ ਬੇਹੱਦ ਜ਼ਰੂਰੀ ਹੈ, ਦਿਲ ਦੀ ਧੜਕਨ ਨੂੰ ਸਧਾਰਨ ਬਣਾਈ ਰੱਖਣ 'ਚ ਸਰੀਰ 'ਚ ਪਾਣੀ ਦੇ ਪੱਧਰ ਤੇ ਸੰਤੁਲਨ ਅਤੇ ਮਾਸਪੇਸ਼ੀਆਂ ਦੇ ਸੁੰਗੜਨ 'ਚ ਸੋਡੀਅਮ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਮਾਹਿਰਾਂ ਮੁਤਾਬਿਕ ਰੋਜ਼ਾਨਾ ਸੋਡੀਅਮ ਦੀ 500 ਮਿ. ਗ੍ਰਾ. ਮਾਤਰਾ ਦੀ ਵਰਤੋਂ ਸੁਰੱਖਿਅਤ ਹੈ ਪਰ ਅੱਜਕਲ 'ਸਾਲਟੀ ਫੂਡ' ਦੀ ਵਰਤੋਂ ਵਧੇਰੇ ਕੀਤੀ ਜਾ ਰਹੀ ਹੈ, ਜਿਸ ਕਾਰਨ ਵਿਅਕਤੀ ਵੱਲੋਂ ਨਮਕ ਦੀ ਵਰਤੋਂ ਕਰ ਲਈ ਜਾਂਦੀ ਹੈ। ਅਚਾਰ, ਪਾਪੜ, ਪ੍ਰੋਸੈਸਡ ਫੂਡ ਆਦਿ 'ਚ ਸੋਡੀਅਮ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

ਭਾਵੇਂ ਹਾਈ ਬਲੱਡ ਪ੍ਰੈਸ਼ਰ ਦੀ ਗੰਭੀਰਤਾ ਨੂੰ ਜਾਣ ਕੇ ਲਕਾਂ ਨੇ ਭੋਜਨ 'ਚ ਨਮਕ ਦੀ ਮਾਤਰਾ ਘੱਟ ਕਰ ਦਿੱਤੀ ਹੈ, ਫਿਰ ਵੀ ਉਹ ਅਣਜਾਣੇ 'ਚ ਪ੍ਰੋਸੈਸਡ ਫੂਡ, ਵੇਫਰਸ, ਨਮਕੀਨ, ਅਚਾਰ, ਆਦਿ ਦੇ ਰੂਪ 'ਚ ਇਸ ਦੀ ਮਾਤਰਾ ਦੀ ਵਧੇਰੇ ਵਰਤੋਂ ਕਰ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ, ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਦੀ ਵਰਤੋਂ 'ਤੇ ਕੰਟਰੋਲ ਕੀਤਾ ਜਾਵੇ।

ਮਾਹਿਰਾਂ ਮੁਤਾਬਿਕ ਜਿਸ ਵਿਅਕਤੀ ਦਾ ਬਲੱਡ ਪ੍ਰੈਸ਼ਰ ਸਧਾਰਨ ਵੀ ਹੋਵੇ, ਉਸ ਨੂੰ ਨਿਯਮਿਤ ਮਾਤਰਾ 'ਚ ਨਮਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੋ ਵਿਅਕਤੀ ਹਾਈਪਰਟੈਂਸ਼ਨ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਤਾਂ ਨਮਕ ਦੀ ਵਰਤੋਂ 'ਚ ਵਧੇਰੇ ਸਾਵਧਾਨੀ ਵਰਤਣੀ ਚਾਹੀਦੀ ਹੈ। ਪ੍ਰੋਸੈਸਡ ਫੂਡ ਦੇ ਨਿਰਮਾਣ 'ਚ ਤਾਂ ਨਮਕ ਦੀ ਵਧੇਰੇ ਵਰਤੋਂ ਹੁੰਦੀ ਹੈ, ਇਸ ਲਈ ਪ੍ਰੋਸੈਸਡ ਫੂਡ ਦੀ ਵਰਤੋਂ ਨਾ ਕਰੋ। ਭੋਜਨ ਬਣਾਉਣ ਵੇਲੇ ਸੁਆਣੀਆਂ ਨੂੰ ਵੀ ਨਮਕ ਦੀ ਘੱਟ ਮਾਤਰਾ ਵਰਤਣੀ ਚਾਹੀਦੀ ਹੈ।

ਡਾਈਨਿੰਗ ਟੇਬਲ 'ਤੇ ਤਾਂ ਨਮਕ ਬਿਲਕੁਲ ਨਾ ਰੱਖੋ। ਸਲਾਦ 'ਤੇ ਵੀ ਨਮਕ ਦੀ ਥਾਂ ਨਿੰਬੂ ਆਦਿ ਸੋਡੀਅਮ ਰਹਿਤ ਚੀਜ਼ਾਂ ਪਾਓ, ਜੋ ਭੋਜਨ ਨੂੰ ਸੁਆਦ ਵੀ ਦੇਣ ਅਤੇ ਨਮਕ ਦੀ ਮਾਤਰਾ ਦਾ ਅਹਿਸਾਸ ਵੀ ਨਾ ਹੋਣ ਦੇਣ।

ਪਿਛਲੇ ਦਿਨੀਂ ਹੋਈ ਇਕ ਖੋਜ ਮੁਤਾਬਿਕ ਨਮਕ ਦੀ 3 ਗ੍ਰਾਮ ਮਾਤਰਾ ਦੀ ਵੀ ਵਰਤੋਂ ਘੱਟ ਕਰ ਦਿਓ, ਜੋ ਸੁਰੱਖਿਅਤ ਮਾਤਰਾ ਤੋਂ ਪਹਿਲਾਂ ਹੀ ਬਹੁਤ ਜ਼ਿਆਦਾ ਹੈ ਤਾਂ ਹਾਰਟ ਅਟੈਕ ਅਤੇ ਲਕਵੇ ਦੀ ਸੰਭਾਵਨਾ ਨੂੰ ਕਾਫੀ ਘੱਟ ਕਰ ਸਕਦੇ ਹੋ। ਇਸ ਤੋਂ ਇਲਾਵਾ ਹਾਈ ਬਲੱਡ ਪ੍ਰੈਸ਼ਰ ਦੇ ਹੋਰ ਕਾਰਨਾਂ 'ਤੇ ਵੀ ਗੌਰ ਕਰਨਾ ਜ਼ਰੂਰੀ ਹੈ। ਭਾਰ ਨੂੰ ਕੰਟਰੋਲ ਰੱਖੋ। ਸਿਗਰਟਨੋਸ਼ੀ ਵੀ ਹਾਈ ਬਲੱਡ ਪ੍ਰੈਸ਼ਰ ਦਾ ਇਕ ਕਾਰਨ ਹੈ। ਇਸ ਨੂੰ ਵੀ ਤਿਆਗ ਦਿਓ।

ਅਲਕੋਹਲ ਦੀ ਵੀ ਸੀਮਤ ਮਾਤਰਾ 'ਚ ਵਰਤੋਂ ਕਰੋ। ਤਣਾਅ ਨੂੰ ਆਪਣੀ ਜ਼ਿੰਦਗੀ 'ਚ ਕੱਢ ਦਿਓ। ਫਲ ਅਤੇ ਸਬਜ਼ੀਆਂ ਵੱਧ ਤੋਂ ਵੱਧ ਖਾਓ।

ਜੀਵਨ ਸ਼ੈਲੀ 'ਚ ਥੋੜ੍ਹੀ ਜਿਹੀ ਤਬਦੀਲੀ ਲਿਆ ਕੇ ਤੁਸੀਂ ਇਨ੍ਹਾਂ ਗੰਭੀਰ ਰੋਗਾਂ ਤੋਂ ਸੁਰੱਖਿਆ ਪ੍ਰਾਪਤ ਕਰ ਸਕਦੇ ਹੋ। ਤੁਸੀਂ ਆਪ ਤਾਂ ਨਮਕ ਦੀ ਵਰਤੋਂ ਘੱਟ ਕਰੋ ਹੀ, ਆਪਣੇ ਬੱਚਿਆਂ ਨੂੰ ਵੀ ਇਸ ਦੀ ਵਰਤੋਂ 'ਚ ਸਾਵਧਾਨੀ ਵਰਤਣੀ ਸਿਖਾਓ ਤਾਂ ਕਿ ਆਉਣ ਵਾਲੀ ਨਵੀਂ ਪੀੜ੍ਹੀ ਤੰਦਰੁਸਤ ਜੀਵਨ ਸ਼ੈਲੀ ਅਪਣਾਵੇ ਅਤੇ ਮਹਾਮਾਰੀ ਦੇ ਰੂਪ 'ਚ ਫੈਲ ਰਹੇ ਇਸ ਰੋਗ 'ਤੇ ਕੰਟਰੋਲ ਕੀਤਾ ਜ ਸਕੇ।



# ਸ਼ਰਾਬ ਨਾਲ ਹੋ ਸਕਦਾ ਹੈ ਮਿਹਦੇ ਦਾ ਕੈਂਸਰ



**ਸਭ ਤੋਂ ਪਹਿਲਾਂ ਸ਼ਰਾਬ ਪੀਣੀ ਛੱਡ ਦਿਓ। ਦੇਖਿਆ ਗਿਆ ਹੈ ਕਿ ਜ਼ਿਆਦਾਤਰ ਲੋਕ ਇਨ੍ਹਾਂ ਲੱਛਣਾਂ ਨੂੰ ਗੈਸ ਬਣਨਾ ਜਾਂ ਗੈਸਟ੍ਰਾਈਟਿਸ ਜਾਂ ਅਲਸਰ ਸਮਝ ਲੈਂਦੇ ਹਨ। ਮਿਹਦੇ ਦਾ ਕੈਂਸਰ ਜ਼ਖਮ ਦੇ ਰੂਪ 'ਚ ਮਸ਼ਰੂਮ ਵਾਂਗ ਵੱਧਦਾ ਹੈ ਅਤੇ ਉਹ ਹੌਲੀ ਹੌਲੀ ਮਿਹਦੇ ਦੀ ਥੈਲੀ ਵੱਲ ਵੱਧਦਾ ਹੈ।**

ਮਿਹਦੇ ਦੇ ਕੈਂਬਰ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਜੇਕਰ ਗੱਲ ਸ਼ਰਾਬ ਦੀ ਕਰੀਏ ਤਾਂ ਸ਼ਰਾਬ ਪੀਣ ਨਾਲ ਮਿਹਦੇ ਦੇ ਕੈਂਸਰ ਨੂੰ ਬਲ ਮਿਲ ਰਿਹਾ ਹੈ। ਸ਼ਰਾਬ ਨਾਲ ਨਾ ਸਿਰਫ ਸਰੀਰ ਖੋਖਲਾ ਹੁੰਦਾ ਹੈ, ਸਗੋਂ ਇਹ ਕਈ ਭਿਆਨਕ ਰੋਗਾਂ ਨੂੰ ਵੀ ਜਨਮ ਦਿੰਦੀ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਅਤੇ ਈਸਟ ਦਿੱਲੀ ਮੈਡੀਕਲ ਸੈਂਟਰ ਦੇ ਸੀਨੀਅਰ ਡਾਕਟਰ ਪ੍ਰਵੀਨ ਗਰਗ ਦਾ ਕਹਿਣਾ ਹੈ ਕਿ ਤੰਬਾਕੂ ਅਤੇ ਸਿਗਰਟਨੋਸ਼ੀ ਨਾਲ ਸਰੀਰ ਦੇ ਵੱਖ-ਵੱਖ ਅੰਗਾਂ 'ਚ ਹੋਣ ਵਾਲੇ ਕੈਂਸਰ ਬਾਰੇ ਤਾਂ ਲੋਕਾਂ ਨੂੰ ਜਾਣਕਾਰੀ ਹੈ ਪਰ ਸ਼ਰਾਬ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਹੋਣ ਵਾਲੇ ਰੋਗਾਂ ਤੋਂ ਉਹ ਅਣਜਾਣ ਹਨ।

ਡਾ. ਗਰਗਗਰ ਮੁਤਾਬਿਕ ਮਿਹਦਾ ਸਰੀਰ ਦਾ ਇਕ ਅਜਿਹਾ ਅੰਗ ਹੈ, ਜੋ ਪਾਚਨ ਪ੍ਰਣਾਲੀ ਦੇ ਕਈ ਮੁੱਖ ਅੰਗ ਅਤੇ ਭੋਜਨ ਨਲੀ ਤੋਂ ਬਾਅਦ ਜੁੜੀ ਹੋਈ ਇਕ ਥੈਲੇਨੁਮਾ ਸੰਰਚਨਾ ਹੈ। ਇਸ 'ਚ ਭੋਜਨ ਜਮ੍ਹਾ ਹੁੰਦਾ ਰਹਿੰਦਾ ਹੈ। ਇਥੋਂ ਹੀ ਪਾਚਨ ਕਿਰਿਆ ਦਾ ਸ਼ੁਰੂਆਤੀ ਕੰਮ ਸ਼ੁਰੂ ਹੁੰਦਾ ਹੈ।

**ਮਿਹਦੇ ਦੇ ਕੈਂਸਰ ਦੇ ਲੱਛਣ**

- ਖਾਣ-ਪੀਣ ਤੋਂ ਪਹਿਲਾਂ ਜਾਂ ਬਾਅਦ 'ਚ ਦਰਦ ਨਾਲ ਜਲਣ।
- ਰੋਗੀ ਨੂੰ ਭੁੱਖ ਨਾ ਲੱਗਣਾ।
- ਪੇਟ ਅੰਦਰ ਭਾਰਾਪਣ।
- ਖ਼ੂਨ ਦੀ ਉਲਟੀ।
- ਪਖਾਨੇ ਨਾਲ ਖ਼ੂਨ ਆਉਣਾ।
- ਸਾਹ ਦਾ ਫੁੱਲਣਾ।
- ਪੇਟ 'ਚ ਪਾਣੀ ਨਾਲ ਪੇਟ ਫੁੱਲਣਾ।

ਸਭ ਤੋਂ ਪਹਿਲਾਂ ਸ਼ਰਾਬ ਪੀਣੀ ਛੱਡ ਦਿਓ। ਦੇਖਿਆ ਗਿਆ ਹੈ ਕਿ ਜ਼ਿਆਦਾਤਰ ਲੋਕ ਇਨ੍ਹਾਂ ਲੱਛਣਾਂ ਨੂੰ ਗੈਸ ਬਣਨਾ ਜਾਂ ਗੈਸਟ੍ਰਾਈਟਿਸ ਜਾਂ ਅਲਸਰ ਸਮਝ ਲੈਂਦੇ ਹਨ। ਮਿਹਦੇ ਦਾ ਕੈਂਸਰ ਜ਼ਖਮ ਦੇ ਰੂਪ 'ਚ ਮਸ਼ਰੂਮ ਵਾਂਗ ਵੱਧਦਾ ਹੈ ਅਤੇ ਉਹ ਹੌਲੀ ਹੌਲੀ ਮਿਹਦੇ ਦੀ ਥੈਲੀ ਵੱਲ ਵੱਧਦਾ ਹੈ।

ਇਸ ਵੇਲੇ ਮਰੀਜ਼ ਨੂੰ ਭੁੱਖ ਨਹੀਂ ਲੱਗਦੀ ਅਤੇ ਉਹ ਪੇਟ 'ਚ ਭਾਰਾਪਣ ਮਹਿਸੂਸ ਕਰਦਾ ਹੈ। ਉਂਝ ਭੁੱਖ ਲੱਗਣਾ ਜਾਂ ਨਾ ਲੱਗਣਾ ਸਰੀਰ ਦੀ ਸਾਧਾਰਨ ਸਥਿਤੀ 'ਚ ਮਿਹਦੇ ਦੀਆਂ ਗ੍ਰੰਥੀਆਂ 'ਚੋਂ ਪਾਚਕ ਰਸ ਦੇ ਰਿਸਾਅ ਨਾਲ ਨਿਕਲਣ ਜਾਂ ਨਾ ਨਿਕਲਣ 'ਤੇ ਨਿਰਭਰ ਕਰਦਾ ਹੈ। ਮਿਹਦੇ ਅੰਦਰ ਕੈਂਸਰ ਦੇ ਅਣਲੋੜੀਂਦੇ ਵਾਧੇ ਅਤੇ ਪਾਚਕ ਰਸ ਦੀਆਂ ਰਿਸਾਅ ਗ੍ਰੰਥੀਆਂ ਨੂੰ ਦਬਾ ਦੇਣ ਕਾਰਨ ਵੀ ਇਹ ਹੋ ਸਕਦਾ ਹੈ।

**ਜਾਂਚ**

- ਦਵਾਈ ਯੁਕਤ ਪੇਟ ਦਾ ਐਕਸ-ਰੇ।
- ਐਂਡੋਸਕੋਪੀ ਰਾਹੀਂ ਜਾਂਚ।
- ਪ੍ਰਭਾਵਿਤ ਸਥਾਨ ਤੋਂ ਮਾਸ ਦੇ ਟੁਕੜੇ ਰਾਹੀਂ ਜਾਂਚ।

ਜੇਕਰ ਸ਼ੁਰੂਆਤੀ ਦੌਰ 'ਚ ਹੀ ਮਿਹਦੇ ਦੇ ਕੈਂਸਰ ਬਾਰੇ ਜਾਣਕਾਰੀ ਮਿਲ ਜਾਵੇ ਤਾਂ ਸਰਜਰੀ ਰਾਹੀਂ ਇਸ ਰੋਗ ਤੋਂ ਹਮੇਸ਼ਾ ਲਈ ਛੁਟਕਾਰਾ ਪਾਇਆ ਜਾ ਸਕਦਾ ਹੈ।

# ਯੋਗ ਪੈਥੀ ਰਾਹੀਂ ਹਾਸਲ ਕਰੋ ਬਹਾਦਰਾਂ ਵਰਗੀ ਤਾਕਤ



ਵੀਰ ਭੱਦਰ ਆਸਣ

ਵੀਰ ਭੱਦਰ ਆਸਣ ਕਰਨ ਨਾਲ ਤੁਸੀਂ ਨਾ ਸਿਰਫ ਬਹਾਦਰਾਂ ਵਰਗੀ ਤਾਕਤ ਪ੍ਰਾਪਤ ਕਰੋਗੇ, ਸਗੋਂ ਇਹ ਆਸਣ ਤੁਹਾਨੂੰ ਇਕ ਚੰਗਾ, ਸਹੀ ਆਕਾਰ ਪ੍ਰਦਾਨ ਕਰਨ ਦੇਨਾਲ-ਨਾਲ ਤੁਹਾਡੀਆਂ ਮਾਸਪੇਸ਼ੀਆਂ ਵਿਕਸਿਤ ਕਰਨ 'ਚ ਵੀ ਮਦਦ ਕਰਦਾ ਹੈ।

**ਵਿਧੀ :** ਆਪਣੇ ਦੋਹਾਂ ਪੈਰਾਂ 'ਚ ਲੱਗਭਗ ਤਿੰਨ ਫੁੱਟ ਦਾ ਫਾਸਲਾ ਬਣਾ ਕੇ ਖੜ੍ਹੇ ਹੋ ਜਾਓ। ਸਾਹ ਨੂੰ ਦੋਹਾਂ ਫੇਫੜਿਆਂ 'ਚ ਭਰਦਿਆਂ ਆਪਣੀਆਂ ਦੋਹਾਂ ਬਾਹਾਂ ਨੂੰ ਫੈਲਾਓ। ਫਿਰ ਸਾਹ ਨੂੰ ਅੰਦਰ ਹੀ ਰੋਕਦਿਆਂ ਕੁੰਭਕ ਲਗਾ ਕੇ ਸੱਜੀ ਲੱਤ ਨੂੰ ਗੋਡੇ ਕੋਲੋਂ ਮੋੜਦਿਆਂ ਹੇਠਾਂ ਜ਼ਮੀਨ ਵੱਲ ਝੁਕੋ। ਧਿਆਨ ਰਹੇ ਕਿ ਸੱਜਾ ਪੈਰ ਬਾਹਰ ਵਾਲੇ ਪਾਸੇ ਹੋਵੇ ਅਤੇ ਝੁਕਣ ਵੇਲੇ ਗੋਡਾ ਪੈਰ ਦੇ ਪੰਜ ਦੀ ਸੇਧ 'ਚ ਹੋਵੇ। ਛਾਤੀ ਤਾਣਦਿਆਂ ਵਾਪਸ ਸਧਾਰਨ ਸਥਿਤੀ 'ਚ ਖੜ੍ਹੇ ਹੋ ਜਾਓ। ਫਿਰ ਅਜਿਹਾ ਹੀ ਦੂਜੀ ਵਾਰ ਦੁਹਰਾਓ ਅਤੇ ਇਕ ਵਾਰ ਤੋਂ ਦੁਹਰਾਉਂਦੇ ਹੋਏ ਤਿੰਨ-ਤਿੰਨ ਵਾਰ ਤੱਕ ਹੌਲੀ-ਹੌਲੀ ਇਸ ਅਭਿਆਸ ਨੂੰ ਦੁਹਰਾਇਆ ਜਾ ਸਕਦਾ ਹੈ।

**ਲਾਭ :** 1 . ਮੇਰੂਦੰਡ ਨੂੰ ਮਜ਼ਬੂਤ ਕਰਨ 'ਚ ਅਤੇ ਮਣਕਿਆਂ ਨੂੰ ਆਪਣੀ ਥਾਂ ਟਿਕਾਈ ਰੱਖਣ ਲਈ ਇਹ ਆਸਣ ਉਤਮ ਹੈ।

2. ਸਰਵਾਇਕੀਲ ਪੁਆਇੰਟ ਨੂੰ ਲਚਕੀਲਾ ਬਣਾਉਣ 'ਚ ਮਦਦ ਕਰਦਾ ਹੈ।

3. ਪੂਰੇ ਸਰੀਰ 'ਚ ਖਿਚਾਅ ਆਉਣ ਨਾਲ ਜ਼ਬਰਦਸਤ ਊਰਜਾ ਪ੍ਰਦਾਨ ਕਰਦਾ ਹੈ।

4. ਲੱਤਾਂ ਅਤੇ ਚੂਲ੍ਹਿਆਂ 'ਚ ਖਿਚਾਅ ਆਉਣ ਨਾਲ ਉਨ੍ਹਾਂ ਨੂੰ ਸਹੀ ਆਕਾਰ ਮਿਲਦਾ ਹੈ ਅਤੇ ਗੋਡਿਆਂ ਦਾ ਟੇਢਾਪਣ ਦੂਰ ਕਰਦਾ ਹੋਇਆ ਚਾਲ ਨੂੰ ਸਿੱਧਾ ਕਰਨ 'ਚ ਮਦਦ ਕਰਦਾ ਹੈ।

5 ਮਨ ਦੀ ਇਕਾਗਰਤ ਵਧਾਉਂਦਾ ਹੈ ਅਤੇ ਬਹਾਦਰਾਂ ਵਰਗੀ ਬਹਾਦਰੀ ਪ੍ਰਦਾਨ ਕਰਦਾ ਹੈ।

**ਖਾਸ ਕਰ :** ਇਹ ਆਸਣ ਛਾਤੀ ਚੌੜੀ ਕਰਨ ਲਈ ਬਹੁਤ ਉਤਮ ਮੰਨਿਆ ਜਾਂਦਾ ਹੈ। ਫਿਰ ਭਾਵੇਂ ਔਰਤ ਹੋਵੇ ਜਾਂ ਮਰਦ, ਇਸ ਆਸਣ ਦੇ ਲਗਾਤਾਰ ਅਭਿਆਸ ਨਾਲ ਤੁਸੀਂ ਇਕ ਵੱਖਰੀ ਜਿਹੀ ਦ੍ਰਿੜ੍ਹਤਾ ਮਹਿਸੂਸ ਕਰੋਗੇ।

**ਸਾਵਧਾਨੀਆਂ :** ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਮਰੀਜ਼ਾਂ ਲਈ ਇਹ ਆਸਣ ਵਰਜਿਤ ਹੈ। ਫਿਰ ਵੀ ਕੋਈ ਯੋਗ ਆਸਣ ਅਤੇ ਕਸਰਤ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਓ।

**ਨੋਟ :** ਵੀਰ ਭੱਦਰ ਆਸਣ ਜਿੱਥੇ ਸਰੀਰ ਨੂੰ ਤੰਦਰੁਸਤ ਅਤੇ ਤਰੋਤਾਜ਼ਾ ਕਰਦਾ ਹੈ, ਉਥੇ ਹੀ ਸਰੀਰ ਦੀ ਇਕ-ਇਕ ਮਾਸਪੇਸ਼ੀ ਨੂੰ ਵੀ ਮਜ਼ਬੂਤੀ ਪ੍ਰਦਾਨ ਕਰਦਾ ਹੈ ਅਤੇ ਧਿਆਨ ਰਹੇ ਕਿ ਇਸ ਆਣ ਨੂੰ ਦੂਜੀ ਵਾਰ ਦੁਹਰਾਉਣ ਤੋਂ ਪਹਿਲਾਂ ਇਕ ਵਾਰ ਸਾਹ ਨੂੰ ਸਧਾਰਨ ਸਥਿਤੀ 'ਚ ਜ਼ਰੂਰ ਆਉਣ ਦਿਓ।

**-ਅਨੁਪ੍ਰਿਆ**

# ਕਿਸਾਨਾਂ ਨੇ ਖੇਤੀ ਨੀਤੀ ਖਰੜੇ ਦੀਆਂ ਕਾਪੀਆਂ ਫੂਕੀਆਂ ਪੰਜਾਬ ਵਿੱਚ 100 ਤੋਂ ਵੱਧ ਥਾਵਾਂ ’ਤੇ ਕੀਤੇ ਮੁਜ਼ਾਹਰੇ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਨਵੀਂ ਕੇਂਦਰੀ ਖੇਤੀ ਮੰਡੀਕਰਨ ਨੀਤੀ ਵਿਰੁੱਧ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨਿੱਤਰ ਆਈਆਂ ਹਨ ਜਿਨ੍ਹਾਂ ਨੇ ਅੱਜ ਲੋਹੜੀ ਦੇ ਤਿਉਹਾਰ ਮੌਕੇ ਪੰਜਾਬ ਭਰ ਵਿੱਚ 100 ਤੋਂ ਵੱਧ ਥਾਵਾਂ ’ਤੇ ਰੋਸ ਮੁਜ਼ਾਹਰੇ ਕੀਤੇ ਅਤੇ ਨਵੀਂ ਕੇਂਦਰੀ ਖੇਤੀ ਮੰਡੀਕਰਨ ਨੀਤੀ ਖਰੜੇ ਦੀਆਂ ਕਾਪੀਆਂ ਸਾੜੀਆਂ। ਇਸ ਵਿੱਚ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ), ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਜੁੜੀਆਂ ਸਾਰੀਆਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਨੌਜਵਾਨ, ਬਜ਼ੁਰਗ ਤੇ ਔਰਤਾਂ ਸ਼ਾਮਲ ਹੋਈਆਂ।



ਅੰਮ੍ਰਿਤਸਰ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਕਾਰਕੁਨ ਸਰਕਾਰੀ ਖੇਤੀ ਨੀਤੀ ਦਾ ਖਰੜਾ ਫੂਕਦੇ ਹੋਏ।

ਅੱਜ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੇ ਤਹਿਸੀਲਾਂ ਵਿੱਚ ਹੋਏ ਰੋਜ਼ ਮੁਜ਼ਾਹਰਿਆਂ ਨੂੰ ਕਿਸਾਨ ਆਗੂ ਮੁਕੇਸ਼ ਚੰਦਰ, ਬੂਟਾ ਸਿੰਘ ਬੁਰਜਗਿੱਲ, ਡਾ. ਸਤਨਾਮ ਅਜਨਾਲਾ, ਰੁਲਦੂ ਸਿੰਘ ਮਾਨਸਾ, ਨਿਰਭੈ ਸਿੰਘ ਢੁੱਡੀਕੇ, ਜੰਗਵੀਰ ਚੌਹਾਨ, ਬਿੰਦਰ ਸਿੰਘ ਗੋਲੇਵਾਲ, ਭੋਗ ਸਿੰਘ ਮਾਨਸਾ, ਪ੍ਰੇਮ ਸਿੰਘ ਭੰਗੂ, ਹਰਜਿੰਦਰ ਸਿੰਘ ਢਾਂਡਾ, ਸੁਖਦੇਵ ਸਿੰਘ ਕੋਕਰੀਕਲਾਂ, ਅੰਗਰੇਜ਼ ਸਿੰਘ ਭਦੌੜ, ਰੂਪ ਬਸੰਤ ਸਿੰਘ, ਬਲਕਰਨ ਸਿੰਘ ਬਰਾੜ, ਹਰਦੇਵ ਸਿੰਘ ਸੰਧੂ ਆਦਿ ਨੇ ਕਿਹਾ ਕਿ ਜੇ ਇਹ ਖਰੜਾ ਲਾਗੂ ਹੁੰਦਾ ਹੈ ਤਾਂ ਕਿਸਾਨਾਂ, ਖੇਤ ਮਜ਼ਦੂਰਾਂ, ਛੋਟੇ ਉਤਪਾਦਕਾਂ ਅਤੇ ਛੋਟੇ ਵਪਾਰੀਆਂ ਦੇ ਹਿੱਤਾਂ ਨੂੰ ਤਬਾਹ ਕਰ ਦੇਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਨਵੀਂ ਖੇਤੀ ਮੰਡੀਕਰਨ ਨੀਤੀ ਵਿੱਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਐੱਮਐੱਸਪੀ ਤੇ ਘੱਟੋ-ਘੱਟ ਉਜਰਤ ਨੂੰ ਯਕੀਨੀ ਬਣਾਉਣ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਦਾ ਮੁੱਖ ਪ੍ਰਸਤਾਵ ਮੌਜੂਦਾ ਖੇਤੀ ਮੰਡੀਕਰਨ ਪ੍ਰਣਾਲੀ ਦਾ ਬੁਨਿਆਦੀ ਢਾਂਚਾ ਬਦਲ ਕੇ ਇਕੋ ਕੌਮੀ ਮੰਡੀ ਸਥਾਪਤ ਕਰਨਾ ਹੈ।

ਇਸ ਦੇ ਲਾਗੂ ਹੋਣ ਨਾਲ ਦੇਸ਼ ਭਰ ਵਿੱਚ ਖੇਤੀ ਕਿੱਤੇ ਉੱਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਜਾਵੇਗਾ।

**ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ ’ਤੇ ਕਿਸਾਨਾਂ ਨੇ ਕੇਂਦਰ ਖ਼ਿਲਾਫ਼ ਕੱਢੀ ਭੜਾਸ**

ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ ’ਤੇ ਵੀ ਕੇਂਦਰ ਸਰਕਾਰ ਦੇ ਖੇਤੀ ਮੰਡੀ ਨੀਤੀ ਸਬੰਧੀ ਖਰੜੇ ਦੀਆਂ ਕਾਪੀਆਂ ਸਾੜ ਕੇ ਕੇਂਦਰ ਖਿਲਾਫ਼ ਪ੍ਰਦਰਸ਼ਨ ਕੀਤੇ ਗਏ। ਸ਼ੰਭੂ ਬਾਰਡਰ ਵਾਲੇ ਮੋਰਚੇ ’ਤੇ ਕਿਸਾਨਾਂ ਨੇ ਲੋਹੜੀ ਨੂੰ ਸਮਰਪਿਤ ਪਾਥੀਆਂ ਦੀ ਲਾਈ ਗਈ ਵੱਡੀ ਧੂਣੀ ’ਚ ਇਸ ਖਰੜੇ ਦੀਆਂ ਕਾਪੀਆਂ ਸਾੜੀਆਂ। ਕਿਸਾਨ ਯੂਨੀਅਨ ਭਟੇੜੀ ਦੇ ਆਗੂ ਬਲਕਾਰ ਸਿੰਘ ਬੈਂਸ ਨੇ ਦੱਸਿਆ ਕਿ ਇਸ ਦੌਰਾਨ ਗੁਰਅਮਨੀਤ ਮਾਂਗਟ, ਬਲਕਾਰ ਬੈਂਸ, ਸੁਖਵਿੰਦਰ ਸਭਰਾ, ਬਲਵੰਤ ਬਹਿਰਾਮਕੇ, ਰਣਜੀਤ ਰਾਜੂ, ਤੇਜਵੀਰ ਪੰਜੋਖਰਾ, ਜੰਗ ਸਿੰਘ ਭਟੇੜੀ, ਗੁਰਧਿਆਨ ਸਿਓਣਾ, ਗੁਰਦੇਵ ਗੱਦੋਮਾਜਰਾ ਨੇ ਸ਼ਿਰਕਤ ਕੀਤੀ। ਉਧਰ ਮਨਜੀਤ ਨਿਆਲ ਅਤੇ ਦਿਲਬਾਗ ਹਰੀਗੜ੍ਹ ਦਾ ਕਹਿਣਾ ਸੀ ਕਿ ਇਸੇ ਤਰ੍ਹਾਂ ਹੀ ਢਾਬੀਗੁੱਜਰਾਂ ਬਾਰਡਰ ’ਤੇ ਵੀ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ਼ ਭੜਾਸ ਕੱਢੀ।

**ਦੇਸ਼ ਭਰ ਵਿੱਚ 26 ਨੂੰ ਹੋਣਗੇ ਟਰੈਕਟਰ ਮਾਰਚ ?**

ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਕੇਂਦਰੀ ਨਵੀਂ ਖੇਤੀ ਮੰਡੀਕਰਨ ਨੀਤੀ ਹਰ ਵਰਗ ਲਈ ਘਾਤਕ ਸਾਬਤ ਹੋਵੇਗੀ। ਇਸ ਲਈ ਕਿਸੇ ਵੀ ਕੀਮਤ ’ਤੇ ਇਸ ਨੀਤੀ ਖਰੜੇ ਨੂੰ ਦੇਸ਼ ਅੰਦਰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਪੂਰੇ ਭਾਰਤ ਵਿੱਚ ਏਕਤਾ ਦਿਵਸ ਵਜੋਂ ਪਿੰਡ-ਪਿੰਡ ਟਰੈਕਟਰ ਮਾਰਚ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਇਸ ਮੁਲਕ ਪੱਧਰ ਦੇ ਸੰਘਰਸ਼ ਵਿਚ ਪਰਿਵਾਰਾਂ ਸਮੇਤ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਪੰਜਾਬ ਭਰ ਵਿੱਚ ਵੱਖ-ਵੱਖ ਥਾਵਾਂ ’ਤੇ ਹੋਏ ਰੋਸ ਮੁਜ਼ਾਹਰਿਆਂ ਦੌਰਾਨ ਕਿਸਾਨਾਂ ਨੇ ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਰਹੀ ਸਿਹਤ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਜਲਦ ਪ੍ਰਵਾਨ ਕਰੇ। ਉਨ੍ਹਾਂ ਕਿਹਾ ਕਿ ਜੇਕਰ ਜਗਜੀਤ ਸਿੰਘ ਡੱਲੇਵਾਲ ਨੂੰ ਕੁਝ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਹੋਵੇਗੀ।

# ਰੋਟਰੀ ਕਲੱਬ ਵੱਲੋਂ ਕਰਵਾਇਆ ਗਿਆ ਲੋਹੜੀ ਮੇਲਾ, ਪ੍ਰਸਿੱਧ ਅਦਾਕਾਰਾ ਹਰਸ਼ਜੋਤ ਕੌਰ ਮੁੱਖ ਮਹਿਮਾਨ ਵਜੋਂ ਹੋਏ ਸ਼ਾਮਲ

**ਸੁਨਾਮ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਸੁਨਾਮ ਵਲੋ ਪ੍ਰਧਾਨ ਦੇਵਿੰਦਰ ਪਾਲ ਸਿੰਘ ਰਿੰਪੀ ਤੇ ਚੀਫ਼ ਪ੍ਰੋਜੈਕਟ ਚੇਅਰਮੈਨ ਡਾ ?ਵਿਜੇ ਗਰਗ ਟੀਮ ਦੀ ਅਗਵਾਈ ਵਿੱਚ ਲੋਹੜੀ 2025 ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਜਿਸ ਵਿੱਚ ਰੋਟਰੀ ਕਲੱਬ ਦੇ ਮੈਂਬਰ ਪਰਿਵਾਰਾਂ ਨਾਲ ਸ਼ਾਮਲ ਹੋਏ ਤੇ ਇਸ ਮੇਲੇ ਦਾ ਆਨੰਦ ਮਾਣਿਆ। ਇਸ ਮੌਕੇ ਪ੍ਰਧਾਨ ਤੇ ਸਮੁੱਚੀ ਟੀਮ ਵਲੋ ਸਮਾਗਮ ਵਿੱਚ ਪਹੁੰਚੇ ਪਰਿਵਾਰਾਂ ਤੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਸਮਾਗਮ ਵਿੱਚ ਪ੍ਰਸਿੱਧ ਮਾਡਲ, ਅਦਾਕਾਰਾ ਤੇ ਕਾਲਮ ਨਵੀਸ ਹਰਸ਼ਜੋਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।





ਜਿਕਰਯੋਗ ਹੈ ਕਿ ਹਰਸ਼ਜੋਤ ਕੌਰ ਇਸ ਸਮੇਂ ਪੰਜਾਬ ਪੁਲਿਸ ਵਿੱਚ ਬਤੌਰ ਇਸਂਪੈਕਟਰ ਵਜੋਂ ਵੀ ਸੇਵਾਵਾਂ ਨਿਭਾ ਰਿਹਾ ਰਹੇ ਹਨ ਇਸ ਮੌਕੇ ਰੌਟਰੀ ਗਵਰਨਰ ਘਨਸ਼ਿਆਮ ਕਾਂਸਲ ਵਿਸ਼ੇਸ਼ ਮਹਿਮਾਨਾਂ ਵਜੋ ਸ਼ਾਮਲ ਹੋਏ। ਸਮਾਗਮ ਦਾ ਆਗਾਜ਼ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਰਾਸ਼ਟਰ ਗਾਨ ਨਾਲ ਹੋਇਆ ਉਪਰੰਤ ਆਏ ਹੋਏ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਵਲੋ ਸ਼ਮਾ ਰੋਸ਼ਨ ਕੀਤੀ ਗਈ। ਸਮਾਗਮ ਦਾ ਰਸਮੀ ਤੌਰ ਤੇ ਅਗਾਜ਼ ਪ੍ਰਧਾਨ ਦਵਿੰਦਰ ਪਾਲ ਸਿੰਘ ਰਿੰਪੀ ਦੇ ਸਵਾਗਤੀ ਭਾਸ਼ਣ ਨਾਲ ਹੋਇਆ ਜਿਸ ਦੌਰਾਨ ਉਨਾਂ ਆਪਣੇ ਕਾਰਜਕਾਲ ਦੌਰਾਨ ਹੋਏ ਕੰਮਾਂ ਤੇ ਆਉਣ ਵਾਲੇ ਪ੍ਰਾਜੈਕਟਾਂ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਰੌਟਰੀ ਗਵਰਨਰ ਘਨਸ਼ਿਆਮ ਕਾਂਸਲ ਵਲੋ ਰੌਟਰੀ ਡਿਸਟ੍ਰਿਕ 3090 ਵਲੋ ਕੀਤੇ ਜਾ ਰਹੇ ਕੰਮਾਂ ਬਾਰੇ ਦਸਿਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੀ ਅਦਾਕਾਰਾ ਹਰਸ਼ਜੋਤ ਕੌਰ ਨੇ ਵੀ ਸੰਬੋਧਨ ਕੀਤਾ ਤੇ ਆਏ ਹੋਏ ਸਾਰੇ ਪਤਵੰਤਿਆਂ ਨੂੰ ਲੋਹੜੀ ਦੇ ਤਿਓਹਾਰ ਦੀ ਮੁਬਾਰਕਬਾਦ ਦਿੱਤੀ ਤੇ ਆਪਣੇ ਭਾਸ਼ਣ ਦੌਰਾਨ ਰੌਟਰੀ ਕਲੱਬ ਵਲੋ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਇਸ ਮੌਕੇ ਉਨਾਂ ਮਹਿਲਾ ਸਸ਼ਕਤੀਕਰਨ ਬਾਰੇ ਸੰਬੋਧਨ ਕਰਦਿਆਂ ਕਿਹਾ ਕਿ ਮਹਿਲਾਵਾਂ ਨੂੰ ਬਰਾਬਰੀ ਦੇ ਹੱਕ, ਮੌਕੇ ਅਤੇ ਅਧਿਕਾਰ ਦੇਣਾ ਤਾਂ ਜੋ ਉਹ ਆਪਣੇ ਫੈਸਲੇ ਖੁਦ ਲੈ ਸਕਣ। ਅੱਜ ਦੇ ਯੁਗ ਵਿੱਚ, ਮਹਿਲਾਵਾਂ ਹਰ ਖੇਤਰ ਵਿੱਚ ਆਪਣੀ ਪਛਾਣ ਬਣਾ ਰਹੀਆਂ ਹਨ।

ਸਰਕਾਰਾਂ ਨੇ ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੀਆਂ ਯੋਜਨਾਵਾਂ ਦੇ ਜਰੀਏ ਮਹਿਲਾਵਾਂ ਨੂੰ ਮਜ਼ਬੂਤ ਬਣਾਉਣ ਦੇ ਕਦਮ ਚੁੱਕੇ ਹਨ। । ਇਸ ਮੌਕੇ ਰੌਟਰੀ ਕਲੱਬ ਸੁਨਾਮ ਦੀ ਸਮੁੱਚੀ ਟੀਮ ਵਲੋਂ ਹਰਸ਼ਜੋਤ ਕੋਰ ਦਾ ਅਦਾਕਾਰੀ ਤੇ ਅਤੇ ਸਮਾਜਿਕ ਖੇਤਰ ਵਿੱਚ ਪਾਏ ਵਿਸ਼ੇਸ਼ ਯੋਗਦਾਨ ਦੇ ਚਲਦਿਆਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ।ਇਸ ਮੌਕੇ ਕੈਬਿਨਟ ਮੰਤਰੀ ਅਮਨ ਅਰੌੜਾ ਅਤੇ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਬਰਨਾਲਾ ਵਲੋ ਨਿੱਜੀ ਕਾਰਨਾਂ ਕਰਕੇ ਸਮਾਗਮ ਵਿੱਚ ਸ਼ਾਮਲ ਨਾ ਹੋਣ ਦੇ ਚਲਦਿਆਂ ਲੋਹੜੀ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਭੇਜੀਆਂ ਗਈਆ। ਸਮਾਗਮ ਵਿੱਚ ਕਈ ਤਰਾਂ ਦੀ ਵੰਣਗੀਆਂ ਦੀ ਪੇਸ਼ਕਾਰੀ ਕੀਤੀ ਗਈ ਜਿਸ ਵਿੱਚ ਤੰਬੋਲਾ, ਕੁਇਜ਼ ਆਦਿ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਗਾਇਕਾ ਸਰਿਤਾ ਬੁਸ਼ਾਰੀ ਨੇ ਜਿੱਥੇ ਨਵੇਂ ਪੁਰਾਣੇ ਗੀਤਾਂ ਨਾਲ ਚੰਗਾ ਰੰਗ ਬੰਨਿਆ ਉੱਥੇ ਹੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਗਾਇਕ ਸੰਜੀਵ ਸੁਲਤਾਨ ਨੇ ਵੀ ਆਪਣੀ ਪੇਸ਼ਕਾਰੀ ਨਾਲ ਮਹਿਫ਼ਲ ਚ ਚੰਗਾ ਸਮਾਂ ਬੰਨਿਆ।ਇਸ ਮੌਕੇ ਇਸ ਮੌਕੇ ਅਸਿਸਟੈਂਟ ਗਵਰਨਰ ਅਨਿਕ ਬਾਂਸਲ, ਰੋਟਰੈਕਟ ਕਲੱਬ ਦੇ ਪ੍ਰਧਾਨ ਹਿਮਾਂਸ਼ੂ ਗੋਇਲ ਅਤੇ ਲਾਇਨ ਕਰਨ ਗੋਇਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਸੈਕਟਰੀ ਹਨੀਸ਼ ਸਿੰਗਲਾ ਅਤੇ ਮੈਡਮ ਸ਼ਸ਼ੀ ਬਾਲਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਕੈਸ਼ੀਅਰ ਰਾਜਨ ਸਿੰਗਲਾ, ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਅਨਿਲ ਜਨੇਜਾ, ਰਜੇਸ਼ ਗੋਇਲ, ਸੁਰਜੀਤ ਗਹੀਰ, ਨਿਤਿਨ ਜਿੰਦਲ ,ਹਰੀਸ਼ ਗੋਇਲ, ਰਕੇਸ਼ ਜਿੰਦਲ, ਵਿਨੀਤ ਗਰਗ, ਜਗਜੀਤ ਸਿੰਘ ਜੌੜਾ, ਰਜਨੀਸ਼ ਗਰਗ, ਜਗਦੀਪ ਭਾਰਦਵਾਜ, ਵਿਜੇ ਮੋਹਨ, ਚਰਨਦਾਸ ਗੋਇਲ, ਸ਼ਿਵ ਜਿੰਦਲ, ਰਕੇਸ਼ ਸਿੰਗਲਾ, ਰਮੇਸ਼ ਗਰਗ ਬੀਕੇਓ, ਡਾਕਟਰ ਰੋਮਿਤ ਗੁਪਤਾ, ਡਾਕਟਰ ਸ਼ਿਵ ਜਿੰਦਲ, ਡਾਕਟਰ ਪਰਸ਼ੋਤਮ ਵਸ਼ਿਸ਼ਟ , ਲਾਡੀ ਚੰਦ, ਰਮੇਸ਼ ਜਿੰਦਲ, ਨਵੀਨ ਸਿੰਗਲਾ, ਦਿਨੇਸ਼ ਬਾਂਸਲ, ਤਨੁਜ ਜਿੰਦਲ, ਅਤੁਲ ਗੁਪਤਾ, ਸੰਜੀਵ ਸਿੰਗਲਾ, ਬਹਾਲ ਸਿੰਘ ਕਾਲੇਕਾ, ਅਜੈਬ ਸਿੰਘ ਸੱਗੂ, ਸੰਦੀਪ ਦੀਪਾ, ਵਿਕਰਮ ਗਰਗ ਵਿੱਕੀ, ਸੁਮਿਤ ਬਦਲਿੰਸ਼, ਸੰਦੀਪ ਜੈਨ, ਰਚਿਨ ਗੁਪਤਾ, ਅਨੁਪ੍ਰੀਤ ਜੌੜਾ, ਪ੍ਰਵੀਨ ਜੈਨ, ਮਨੋਹਰ ਲਾਲ ਅਰੋੜਾ, ਅਮਨਦੀਪ ਸ਼ਾਸਤਰੀ, ਸ੍ਰੀ ਕ੍ਰਿਸ਼ਨ ਰਾਜੂ, ਵਿਨੋਦ ਗਰਗ ਬੋਬੀ ਆਦਿ ਮੈਂਬਰ ਹਾਜ਼ਰ ਸਨ। ਰੋਟਰੀ ਕਲੱਬ ਸੁਨਾਮ ਵਲੋਂ ਕਰਵਾਇਆ ਗਿਆ ਲੋਹੜੀ ਦਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ ।

# ਆਪਸੀ ਸਹਿਮਤੀ ਨਾਲ ਕੇਸਾਂ ਦੇ ਨਿਪਟਾਰੇ ਲਈ 8 ਮਾਰਚ ਨੂੰ ਲੱਗੇਗੀ ਕੌਮੀ ਲੋਕ ਅਦਾਲਤ : ਗੋਇਲ

## 8 ਮਾਰਚ ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦੇ ਨਿਪਟਾਰੇ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ

**ਫਤਹਿਗੜ੍ਹ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਲੋਕ ਅਦਾਲਤਾਂ ਵਿੱਚ ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਏ ਜਾਂਦੇ ਹਨ ਅਤੇ ਜ਼ਿਲ੍ਹਾ ਕਚਹਿਰੀਆਂ ਅਤੇ ਸਬ ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ 08 ਮਾਰਚ ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਕੱਤਰ-ਕਮ-ਚੀਫ ਜੁਡੀਸ਼ੀਅਲ ਮੈਜਿਸਟਰੇਟ ਸ਼੍ਰੀਮਤੀ ਦੀਪਤੀ ਗੋਇਲ ਨੇ ਕੌਮੀ ਲੋਕ ਅਦਾਲਤ ਦੇ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਮਝੌਤਾ ਸਦਨ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਬੈਂਕ ਅਧਿਕਾਰੀਆਂ, ਨਗਰ ਕੌਂਸਲ ਦੇ ਅਧਿਕਾਰੀਆਂ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤਾਂ ਰਾਹੀਂ ਆਪਸੀ ਸਹਿਮਤੀ ਨਾਲ ਹੋਣ ਵਾਲੇ ਫੈਸਲਿਆਂ ਨਾਲ ਜਿੱਥੇ ਪ੍ਰਭਾਵਿਤ ਲੋਕਾਂ ਦਾ ਕੀਮਤੀ ਸਮਾਂ ਅਤੇ ਪੈਸਾ ਬੱਚਦਾ ਹੈ ਉੱਥੇ ਹੀ ਦੋਵੇਂ ਧਿਰਾਂ ਦੀ ਆਪਸੀ ਕੁੜੱਤਣ ਵੀ ਦੂਰ ਹੁੰਦੀ ਹੈ।



ਸ਼੍ਰੀਮਤੀ ਗੋਇਲ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ, ਸਮਝੌਤਾਯੋਗ, ਫੌਜ਼ਦਾਰੀ, ਬੈਂਕ ਰਿਕਵਰੀ, ਚੈੱਕ ਬਾਊਂਸ, ਮਜ਼ਦੂਰਾਂ ਨਾਲ ਸਬੰਧਤ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲਾਂ ਸਬੰਧੀ ਅਤੇ ਘਰੇਲੂ ਝਗੜਿਆਂ ਸਬੰਧੀ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੈਂਕਾਂ ਦੇ ਲੰਬਿਤ ਪਏ ਰਿਕਵਰੀ ਦੇ ਕੇਸ ਵੱਧ ਤੋਂ ਵੱਧ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ ਤਾਂ ਜੋ ਉਨ੍ਹਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਹੋ ਸਕੇ। ਸਕੱਤਰ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਝਗੜਿਆਂ ਦੇ ਨਿਪਟਾਰੇ ਲਈ ਇਸ ਲੋਕ ਅਦਾਲਤ ਦਾ ਲਾਭ ਉਠਾਉਣ, ਕਿਉਂਕਿ ਇਸ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਹੋਣ ਨਾਲ ਦੋਵਾਂ ਧਿਰਾਂ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ। ਇਸ ਲੋਕ ਅਦਾਲਤ ਵਿੱਚ ਲਗਾਏ ਜਾਣ ਵਾਲੇ ਕੇਸਾਂ ਦੀ ਕੋਰਟ ਫੀਸ ਵੀ ਨਹੀਂ ਲੱਗਦੀ ਅਤੇ ਲੋੜਵੰਦਾਂ ਨੂੰ ਵਕੀਲ ਦੀਆਂ ਮੁਫਤ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ ਨੇ ਕਿਹਾ ਕਿ ਵੱਖ-ਵੱਖ ਝਗੜਿਆਂ ਦੇ ਨਿਪਟਾਰੇ ਲਈ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਨਾਗਰਿਕ ਜ਼ਿਲ੍ਹਾ ਪੱਧਰ ਤੇ ਕਿਸੇ ਵੀ ਅਦਾਲਤ ਵਿੱਚ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿਖੇ ਅਤੇ ਸਬ ਡਵੀਜਨ ਪੱਧਰ ਦੀਆਂ ਅਦਾਲਤਾਂ ਵਿੱਚ ਵੀ ਸੰਪਰਕ ਕਰਕੇ ਆਪਣੇ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਬੇਨਤੀ ਪੱਤਰ ਦੇ ਸਕਦੇ ਹਨ।

# ਯੂ.ਡੀ.ਆਈ.ਡੀ. ਕਾਰਡਾਂ ਵਿੱਚ ਸੋਧ ਕਰਨ ਲਈ ਲਗਾਏ ਜਾਣਗੇ ਕੈਂਪ: ਡਿਪਟੀ ਕਮਿਸ਼ਨਰ

**ਫਤਹਿਗੜ੍ਹ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਦਿਵਿਆਂਗਜ਼ਨਾਂ ਦੇ ਯੂ.ਡੀ.ਆਈ.ਡੀ. ਕਾਰਡ/ਮੈਨੁਅਲ ਢੰਗ ਨਾਲ ਬਣੇ ਅੰਗਹੀਣਤਾ ਸਰਟੀਫਿਕੇਟ ਵਿੱਚ ਸੋਧ ਕਰਨ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਹਰੇਕ ਮੰਗਲਵਾਰ ਤੇ ਵੀਰਵਾਰ ਵਾਲੇ ਦਿਨ ਵਿਸ਼ੇਸ਼ ਕੈਂਪ ਲਗਾਏ ਜਾਣਗੇ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਜਿਹੜੇ ਦਿਵਿਆਂਗ ਵਿਅਕਤੀ ਮੈਨੁਅਲ ਢੰਗ ਨਾਲ ਅੰਗਹੀਣਤਾ ਸਰਟੀਫਿਕੇਟ ਜਾਂ ਯੂ.ਡੀ.ਆਈ.ਡੀ. ਕਾਰਡਾਂ ਵਿੱਚ ਸੋਧ ਕਰਵਾਉਣਾ ਚਾਹੁੰਦੇ ਹਨ ਉਹ 30 ਜਨਵਰੀ ਤੱਕ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚ ਕੇ ਆਪਣੇ ਯੂ.ਡੀ.ਆਈ.ਡੀ. ਕਾਰਡ ਵਿੱਚ ਦਰੁਸਤੀ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਦਿਵਿਆਂਗਜ਼ਨਾਂ ਦੀ ਬਿਹਤਰ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।



ਡਾ: ਸੋਨਾ ਥਿੰਦ ਨੇ ਦੱਸਿਆ ਕਿ ਜਿਹੜੇ ਦਿਵਿਆਂਗਜ਼ਨਾਂ ਦੀ 50 ਫੀਸਦੀ ਤੋਂ ਲੈ ਕੇ 100 ਫੀਸਦੀ ਤੱਕ ਦਿਵਿਆਂਗਤਾ ਹੋਣ ਦੇ ਬਾਵਜੂਦ ਯੂ.ਡੀ.ਆਈ.ਡੀ. ਕਾਰਡ ਵਿੱਚ ਘੱਟ ਅੰਗਹੀਣਤਾ ਦਰਸਾਈ ਗਈ ਹੈ ਅਤੇ ਉਨ੍ਹਾਂ ਨੂੰ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਨਹੀਂ ਮਿਲ ਰਿਹਾ, ਉਹ ਦਿਵਿਆਂਗਜ਼ਨ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਹਰੇਕ ਮੰਗਲਵਾਰ ਤੇ ਵੀਰਵਾਰ ਵਾਲੇ ਦਿਨ ਸਿਵਲ ਹਸਪਤਾਲ ਦੀ ਨਵੀਂ ਬਣੀ ਇਮਾਰਤ ਲਗਾਏ ਜਾਣ ਵਾਲੇ ਕੈਂਪਾਂ ਵਿੱਚ ਪਹੁੰਚ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਕੈਂਪ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਲਗਾਏ ਜਾਣਗੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਦਿਵਿਆਂਗਜ਼ਨ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਯੂ.ਡੀ.ਆਈ.ਡੀ. ਕਾਰਡ ਜਾਂ ਮੈਨੁਅਲ ਤੌਰ ਤੇ ਬਣੇ ਦਿਵਿਆਂਗਤਾ ਸਰਟੀਫਿਕੇਟ ਵਿੱਚ ਸੋਧ ਕਰਵਾਉਣ ਲਈ ਤੈਅ ਦਿਨਾਂ ਨੂੰ ਆਪਣੇ ਯੂ.ਡੀ.ਆਈ.ਡੀ. ਕਾਰਡ/ ਸਰਟੀਫਿਕੇਟ, ਆਧਾਰ ਕਾਰਡ ਆਦਿ ਦਸਤਾਵੇਜ ਨਾਲ ਲੈ ਕੇ ਸਿਵਲ ਹਸਪਤਾਲ ਵਿਖੇ ਪਹੁੰਚਣ ਤਾਂ ਜੋ ਭਵਿੱਖ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਇਨ੍ਹਾਂ ਕੈਂਪਾਂ ਸਬੰਧੀ ਵਧੇਰੇ ਜਾਣਕਾਰੀ ਹਾਸਲ ਕਰਨ ਵਾਸਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਫ਼ਤਹਿਗੜ੍ਹ ਸਾਹਿਬ ਦੇ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਅਪ੍ਰੈਂਟਿਸਸ਼ਿਪ ਪਾਸ ਵਰਕਰਾਂ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਲਾਈਨਮੈਨਾਂ ਦੀਆਂ ਪੋਸਟਾਂ ਕੱਢ ਕੇ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਇੱਕ ਨੁਕਾਤੀ ਮੰਗ ਨੂੰ ਲੈ ਕੇ ਵੀਹ ਦਿਨਾਂ ਤੋਂ ਕੜਾਕੇ ਦੀ ਠੰਢ ’ਚ ਇਥੇ ਸਥਿਤ ਪਾਵਰਕੌਮ ਦੇ ਮੁੱਖ ਦਫਤਰ ਪੱਕਾ ਮੋਰਚਾ ਲਾ ਕੇ ਬੈਠੇ ਇਨ੍ਹਾਂ ਬੇਰੁਜ਼ਗਾਰਾਂ ਨੂੰ ਅੱਜ ਲੋਹੜੀ ਦਾ ਤਿਓਹਾਰ ਰਾਸ ਆ ਗਿਆ।

ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਮੰਗ ਪੂਰੀ ਕਰਨ ਦਾ ਅੱਜ ਭਰੋਸਾ ਮਿਲ ਗਿਆ ਜਿਸ ਦੇ ਚੱਲਦਿਆਂ ਇਸ ਸੰਘਰਸ਼ ਦੀ ਅਗਵਾਈ ਕਰ ਰਹੇ ਯੂਨੀਅਨ ਦੇ ਸੂਬਾਈ ਪ੍ਰਧਾਨ ਗੁਰਮੀਤ ਸਿੰਘ ਤੇ ਸਾਥੀਆਂ ਨੇ ਇਹ ਧਰਨਾ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ।

# ਕੌਮੀ ਖੇਤੀ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਖ਼ਿਲਾਫ਼ ਕੀਤਾ ਜ਼ੋਰਦਾਰ ਪ੍ਰਦਰਸ਼ਨ



**ਗੜ੍ਹਸ਼ੰਕਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਗੜ੍ਹਸ਼ੰਕਰ ਵਿਖੇ ਕੁਲ ਹਿੰਦ ਕਿਸਾਨ ਸਭਾ ਦੇ ਚੌਧਰੀ ਅੱਛਰ ਸਿੰਘ ਬਿਲੜੋ, ਕਿਰਤੀ ਕਿਸਾਨ ਸਭਾ ਦੇ ਮਾਸਟਰ ਹੰਸ ਰਾਜ, ਜਮੂਹਰੀ ਕਿਸਾਨ ਸਭਾ ਦੇ ਰਾਮਜੀ ਦਾਸ ਚੌਹਾਨ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਕੌਮੀ ਖੇਤੀ ਮਾਰਕੀਟਿੰਗ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਸਾੜੀਆਂ ਗਈਆਂ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕੌਮੀ ਖੇਤੀ ਨੀਤੀਆਂ ਦੇ ਖਰੜੇ ਦੀਆਂ ਕਾਪੀਆਂ ਜੋ ਕਿ ਕੇਂਦਰ ਸਰਕਾਰ ਨੇ ਵੱਖ-ਵੱਖ ਸੂਬਿਆਂ ਨੂੰ ਪਾਸ ਕਰਨ ਲਈ ਭੇਜਿਆ ਹਨ। ਉਨ੍ਹਾਂ ਕਾਪੀਆਂ ਨੂੰ ਸਾੜ ਕੇ ਕੇਂਦਰ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਵੱਲੋਂ ਰੱਦ ਕਰਵਾਏ ਤਿੰਨ ਕਾਲੇ ਕਾਨੂੰਨਾਂ ਨੂੰ ਇਸ ਖਰੜੇ ਰਾਹੀਂ ਲਾਗੂ ਕਰਵਾਉਣਾ ਚਾਹੁੰਦੀ ਹੈ। ਜਿਸ ਨੂੰ ਕਿਸੇ ਵੀ ਕੀਮਤ ਤੇ ਕਿਸਮ ਜਥੇਬੰਦੀਆਂ ਲਾਗੂ ਨਹੀਂ ਹੋਣ ਦੇਣਗੀਆਂ।

ਉਨ੍ਹਾਂ ਕਿਹਾ ਕੇਂਦਰ ਸਰਕਾਰ ਐਮ.ਐਸ.ਪੀ ਦੀ ਕਾਨੂੰਨੀ ਗਰੰਟੀ ਦੇਵੇ ਅਤੇ ਪੰਜਾਬ ਸਰਕਾਰ ਪੰਜਾਬ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾ ਕੇ ਇਸ ਖਰੜੇ ਨੂੰ ਰੱਦ ਕਰੇ। ਇਸ ਮੌਕੇ ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ, ਮਹਿੰਦਰ ਕੁਮਾਰ ਬੱਡੋਆਣ, ਸ਼ੇਰ ਜੰਗ ਬਹਾਦਰ ਸਿੰਘ, ਇਕਬਾਲ ਸਿੰਘ, ਹਰਮੇਸ਼ ਸਿੰਘ ਢੇਸੀ, ਕੁਲਵਿੰਦਰ ਸਿੰਘ ਚਾਹਲ, ਕੁਲਵੰਤ ਸਿੰਘ, ਕੁਲਭੂਸ਼ਨ ਕੁਮਾਰ, ਸ਼ਿਗਾਰਾ ਰਾਮ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦਾ ਅਗਲਾ ਜੋ ਵੀ ਪ੍ਰੋਗਰਾਮ ਆਵੇਗਾ।

ਉਸ ਨੂੰ ਇੰਨਬਿੰਨ ਲਾਗੂ ਕੀਤਾ ਜਾਵੇਗਾ। ਇਸ ਮੌਕੇ ਕਸ਼ਮੀਰ ਸਿੰਘ ਭੱਜਲ, ਬਲਵੰਤ ਰਾਏ, ਪ੍ਰੇਮ ਸਿੰਘ ਰਾਣਾ, ਜੁਝਾਰ ਸਿੰਘ ਮੱਟੂ ਸਾਬਕਾ ਸਰਪੰਚ, ਗੁਰਮੀਤ ਸਿੰਘ ਅਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਵਿਖੇ ਰਾਸ਼ਟਰੀ ਯੁਵਕ ਦਿਵਸ ਸੰਬੰਧੀ ਲੇਖ ਰਚਨਾ ਮੁਕਾਬਲੇ ਅਤੇ ਸਹੁੰ ਚੁੱਕ ਸਮਾਗਮ ਕਰਵਾਇਆ



**ਗੜ੍ਹਸ਼ੰਕਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਧੀਨ ਕਾਲਜ ਦੇ ਕੌਮੀ ਸੇਵਾ ਯੋਜਨਾ ਯੂਨਿਟ ਵਲੋਂ ਐਜੂਕੇਸ਼ਨ ਵਿਭਾਗ ਅਤੇ ਸੋਸੀਅਲ ਇੰਟਰਪਨੇਓਰਸ਼ਿਪ ਸਵੱਛਤਾ ਰੂਰਲ ਇੰਗੇਜਮੈਂਟ ਸੈੱਲ (ਸੈਸਰੈਕ) ਦੇ ਸਹਿਯੋਗ ਨਾਲ ਰਾਸ਼ਟਰੀ ਯੁਵਕ ਦਿਵਸ ’ਤੇ ਲੇਖ ਰਚਨਾ ਮੁਕਾਬਲਾ ਅਤੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ‘ਰਾਸ਼ਟਰ-ਨਿਰਮਾਣ ਵਿਚ ਯੁਵਾ ਪੀੜ੍ਹੀ ਦੀ ਭੂਮਿਕਾ’ ਵਿਸ਼ੇ ’ਤੇ ਕਰਵਾਏ ਗਏ ਲੇਖ ਰਚਨਾ ਮੁਕਾਬਲੇ ਵਿਚ ਵਿਦਿਆਰਥੀ ਕੁਲਦੀਪ ਕੁਮਾਰ ਨੇ ਪਹਿਲਾ ਸਥਾਨ, ਚਰਨਜੀਤ ਕੌਰ ਨੇ ਦੂਜਾ, ਰਾਵੀਆ ਅਗਰਵਾਲ ਅਤੇ ਅਵਨੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਆਪਣਾ ਯੋਗਦਾਨ ਦੇਣ ਦੀ ਸਹੁੰ ਚੁੱਕੀ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਵਿਦਿਆਰਥੀਆਂ ਨੂੰ ਸਰੀਰਿਕ ਅਤੇ ਮਾਨਸਿਕ ਤੌਰ ’ਤੇ ਤੰਦਰੁਸਤ ਰਹਿਣ ਦੇ ਗੁਰ ਦੱਸਦੇ ਹੋਏ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਤੋਂ ਸੇਧ ਲੈਂਦਿਆ ਦੇਸ਼ ਦੀ ਸੇਵਾ ਵਿਚ ਵੱਖ-ਵੱਖ ਤਰੀਕਿਆ ਨਾਲ ਆਪਣਾ ਯੋਗਦਾਨ ਦਿੰਦੇ ਰਹਿਣ ਲਈ ਪ੍ਰੇਰਿਤ ਕੀਤਾ।

ਸੀਨੀਅਰ ਪ੍ਰੋ. ਲਖਵਿੰਦਰਜੀਤ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਅਜਿਹੇ ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਐੱਨ.ਐੱਸ.ਐੱਸ. ਕੋਆਰਡੀਨੇਟਰ ਡਾ. ਅਰਵਿੰਦਰ ਸਿੰਘ ਅਤੇ ਡਾ. ਨਰੇਸ਼ ਕੁਮਾਰੀ, ਸੈਸਰੈਕ ਦੇ ਕੋਆਰਡੀਨੇਟਰ ਡਾ. ਮਨਬੀਰ ਕੌਰ, ਰੈੱਡ ਰਿਬਨ ਦੇ ਕੋਆਰਡੀਨੇਟਰ ਡਾ. ਅਰਵਿੰਦਰ ਕੌਰ ਅਤੇ ਐਜੂਕੇਸ਼ਨ ਵਿਭਾਗ ਦੇ ਪ੍ਰੋ. ਕਿਰਨਜੋਤ ਕੌਰ ਆਦਿ ਹਾਜ਼ਰ ਹੋਏ।

# ਐਸ. ਐਸ. ਡੀ. ਗਰਲਜ਼ ਕਾਲਜ ਵਿਖੇ ਨੈਸ਼ਨਲ ਯੂਥ ਦਿਵਸ ਮਨਾਇਆ ਗਿਆ

**ਬਠਿੰਡਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ. ਐਸ. ਡੀ. ਗਲਰਜ਼ ਕਾਲਜ, ਬਠਿੰਡਾ ਵਿਖੇ ਯੁਵਕ ਸੇਵਾਵਾਂ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਨੀਰੂ ਗਰਗ ਦੀ ਅਗਵਾਈ ਹੇਠ ਐਨ. ਐਸ. ਐਸ. ਪ੍ਰੋਗਰਾਮ ਅਫ਼ਸਰ ਡਾ. ਸਿਮਰਜੀਤ ਕੌਰ ਅਤੇ ਮੈਡਮ ਗੁਰਮਿੰਦਰ ਜੀਤ ਕੌਰ ਦੀ ਸਰਪ੍ਰਸਤੀ ਹੇਠ ਐਨ. ਐਸ. ਐਸ. ਯੂਨਿਟਾਂ ,ਰੈੱਡ ਰਿਬਨ ਕਲੱਬਾਂ ਅਤੇ ਯੂਥ ਰੈੱਡ ਕਰਾਸ ਵੱਲੋਂ ਨੈਸ਼ਨਲ ਯੂਥ ਦਿਵਸ ਮਨਾਇਆ ਗਿਆ । ਜਿਸ ਵਿੱਚ 60 ਵਲੰਟੀਅਰ ਸ਼ਾਮਿਲ ਰਹੇ । ਇਸ ਸਮਾਗਮ ਦੀ ਸ਼ੁਰੂਆਤ ਯੂਥ ਰੈੱਡ ਕਰਾਸ ਦੇ ਕਾਊਂਸਲਰ ਮੋਨਿਕਾ ਕਪੂਰ ਵੱਲੋਂ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਤੇ ਚਾਨਣਾ ਪਾਇਆ ।

ਇਸ ਦਿਨ ਦੀ ਮਹੱਤਤਾ ਦੱਸਦੇ ਹੋਏ ਮੈਡਮ ਪ੍ਰਿੰਸੀਪਲ ਨੇ ਸਵਾਮੀ ਵਿਵੇਕਾਨੰਦ ਵੱਲੋਂ ਦਿੱਤੇ ਗਏ ਸਲੋਗਨਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਸਿਮਰਜੀਤ ਕੌਰ ਨੇ ਨੈਸ਼ਨਲ ਯੂਥ ਦਿਵਸ ਕਿਉਂ ਮਨਾਇਆ ਜਾਂਦਾ ਹੈ ਅਤੇ ਯੂਥ ਨੂੰ ਇਸ ਬਾਰੇ ਦੱਸਣਾ ਜਰੂਰੀ ਹੈ ਤਾਂਕਿ ਨੌਜਵਾਨਾਂ ਨੂੰ ਆਪਣੇ ਭਵਿੱਖ ਦੇ ਸੁਪਨੇ ਸਿਰਜਨ ਲਈ ਸਵਾਮੀ ਵਿਵੇਕਾਨੰਦ ਦੀ ਜੀਵਨੀ ਨੂੰ ਪੜ੍ਹਨਾ ਜਰੂਰੀ ਹੈ।

ਕਾਲਜ ਪ੍ਰਧਾਨ ਐਡਵੋਕੇਟ ਸ਼੍ਰੀ ਸੰਜੈ ਗੋਇਲ ਅਤੇ ਕਾਲਜ ਸਕੱਤਰ ਸ਼੍ਰੀ ਵਿਕਾਸ ਗਰਗ ਨੇ ਇਸ ਤਰ੍ਹਾਂ ਦੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਉਜਵਲ ਭਵਿੱਖ ਲਈ ਵਲੰਟੀਅਰਾਂ ਨੂੰ ਜੀਵਨ ਪ੍ਰਤੀ ਸੇਧ ਦੇਣ ਵਾਲੀਆਂ ਗਤੀਵਿਧੀਆਂ ਕਰਵਾਉਂਦੇ ਰਹਿਣ ਲਈ ਕਿਹਾ।

# ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਲਿਖਤੀ ਪ੍ਰੀਖਿਆ ਅਤੇ ਫਿਜ਼ੀਕਲ ਟਰੇਨਿੰਗ ਦੀ ਮੁਫ਼ਤ ਤਿਆਰੀ ਲਈ ਕੈਂਪ ਸੁਰੂ

**ਫਾਜ਼ਿਲਕਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਹਕੂਮਤ ਸਿੰਘ ( ਫਿਰੋਜ਼ਪੁਰ ) ਦੇ ਕੈਂਪ ਟ ?ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਕੰਪਿਊਟਰ ਬੇਸਿਸ ਲਿਖਤੀ ਪੇਪਰ ਅਪ੍ਰੈਲ 2025 ਨੂੰ ਹੋ ਰਿਹਾ ਹੈ । ਜਿਸ ਤਰ੍ਹਾਂ ਦਾ ਲਿਖਤੀ ਪੇਪਰ ਅਪ੍ਰੈਲ 2025 ਹੋਣਾ ਹੈ ਉਸ ਤਰ੍ਹਾਂ ਹੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਮਿਤੀ : 17 ਜਨਵਰੀ 2025 ਤੋਂ ਕੰਪਿਊਟਰ ਦੇ ਕਰਵਾਈ ਜਾਵੇਗੀ। ਲਿਖਤੀ ਪੇਪਰ ਦੀ ਆਨ ਲਾਈਨ ਰਿਜ਼ਟਰੇਸ਼ਨ ਮਿਤੀ : 06.02.2025 ਤੋਂ www.joinindianarmy.nic.in ਤੇ ਕਰਵਾਈ ਜਾ ਸਕਦੀ ਹੈ । ਫਿਰੋਜ਼ਪੁਰ, ਫਾਜਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ ਅਤੇ ਮੋਗਾ ਜਿਲ੍ਹੇ ਦੇ ਯੁਵਕ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਮਿਤੀ : 17 ਜਨਵਰੀ 2025 ਤੋਂ ਆਪਣੇ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆ ਕੇ ਕਰ ਸਕਦੇ ਹਨ । ਲਿਖਤੀ ਪੇਪਰ ਦੀ ਤਿਆਰੀ ਮਿਤੀ : 17 ਜਨਵਰੀ 2025 ਤੋਂ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਸੁਰੂ ਹੋ ਰਹੀ ਹੈ। ਕੈਂਪ ਵਿੱਚ ਆਉਣ ਸਮੇਂ ਆਨਲਾਈਨ ਅਪਲਾਈ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ । ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 09:00 ਵਜੇ ਹੈ। ਯੁਵਕ ਦੀ ਉਮਰ 17 1/2 ਸਾਲ ਤੋਂ 21 ਸਾਲ ਤੱਕ ਹੋਵੇ ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 7 ਇੰਚ ਹੋਵੇ । ਯੁਵਕ ਘੱਟੋ-ਘੱਟ 10ਵੀਂ 45% ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ। ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਹਾਇਸ਼ ਬਿਲਕੁੱਲ ਮੁਫਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ ।ਵਧੇਰੇ ਜਾਣਕਾਰੀ ਲਈ 88728-02046, 78888-48823 ਅਤੇ 78891-75575 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ

# ਆਨੰਦਪੁਰ ਸਾਹਿਬ ਵਿਖੇ ਨਵਜੰਮੀਆਂ ਧੀਆਂ ਦੀ ਮਨਾਈ ਲੋਹੜੀ

**ਸ੍ਰੀ ਆਨੰਦਪੁਰ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਪੰਜਾਬ, ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਡਾ.ਅਨੰਦ ਘਈ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਅੱਜ ਸਥਾਨਕ ਭਾਈ ਜੈਤਾ ਜੀ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਨਵਜਨਮੀਆਂ ਬੱਚੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਤੇ ਡਾ.ਅਨੰਦ ਘਈ ਵੱਲੋਂ ਨਵ ਜਨਮੀਆਂ ਬੱਚੀਆਂ ਨੂੰ ਲੋਹੜੀ ਦੇ ਗਿਫਟ ਦਿੱਤੇ ਗਏ। ਉਨ੍ਹਾਂ ਨੇ ਦੱਸਿਆ ਕਿ ਅੱਜ ਧੀਆਂ ਸਮਾਜ ਵਿੱਚ ਅੱਗੇ ਵੱਧ ਕੇ ਵੱਡੇ ਮੁਕਾਮ ਹਾਸਲ ਕਰ ਰਹੀਆਂ ਹਨ।

ਧੀਆਂ ਦੀ ਲੋਹੜੀ ਮਨਾਉਣ ਨਾਲ ਸਮਾਜ ਵਿੱਚ ਬਰਾਬਰੀ ਦਾ ਸੰਦੇਸ਼ ਦਿੱਤਾ ਹੈ। ਅੱਜ ਧੀਆਂ ਕਿਸੇ ਵੀ ਖੇਤਰ ਵਿੱਚ ਪੁਰਸ਼ਾ ਤੋ ਘੱਟ ਨਹੀ ਹਨ, ਨਵਜੰਮੀਆਂ ਧੀਆਂ ਦਾ ਸਨਮਾਨ ਕਰਦੇ ਹੋਏ ਧੀਆਂ ਦੀ ਲੋਹੜੀ ਮਨਾਈ ਗਈ। ਉਨ੍ਹਾਂ ਨੇ ਧੀਆ ਦੀ ਚੰਗੀ ਪਰਵਰਿਸ਼ ਕਰਨ ਅਤੇ ਉਨ੍ਹਾਂ ਨੂੰ ਬਰਾਬਰੀ ਦੇ ਅਧਿਕਾਰ ਦੇਣ ਲਈ ਪਰਿਵਾਰਾ ਨੂੰ ਉਸਾਰੂ ਸੋਚ ਰੱਖਣ ਦੀ ਅਪੀਲ ਕੀਤੀ।

ਡਾ.ਸੁਨੈਨਾ ਗੁਪਤਾ ਗਾਇਨੀਕੋਲੋਜਿਸਟ ਵੱਲੋਂ ਸਮੂਹ ਨਵਜੰਨਮੀਆਂ ਬੱਚੀਆ ਦੇ ਮਾਪਿਆ ਨੂੰ ਲੋਹੜੀ ਦੇ ਮੌਕੇ ਤੇ ਬੱਚੀਆਂ ਨੂੰ ਸਮਾਨ ਅਧਿਕਾਰ ਦੇਣ ਲਈ ਪ੍ਰੇਰਿਤ ਕੀਤਾ, ਉਹਨਾਂ ਕਿਹਾ ਬੱਚੀਆਂ ਭਵਿੱਖ ਵਿੱਚ ਆਪਣੇ ਮਾਂ ਬਾਪ ਅਤੇ ਦੇਸ਼ ਦਾ ਨਾਮ ਰੋਸ਼ਨ ਕਰਨਗੀਆਂ।ਇਸ ਮੌਕੇ ਡਾ.ਕੇ.ਪੀ ਸਿੰਘ, ਡਾ.ਜਸਮੀਨ ਕੌਰ, ਡਾ.ਅਮਰਿੰਦਰ ਸਿੰਘ, ਡਾ.ਤਾਨੀਆ ਗੁਪਤਾ, ਰੁਬਿੰਦਰ ਕੌਰ, ਨੀਰਜ ਸ਼ਰਮਾ, ਰਾਣਾ ਬਖਤਾਬਰ ਸਿੰਘ, ਮਨਪ੍ਰੀਤ ਕੌਰ, ਕੁਲਬੀਰ ਕੌਰ, ਬਿੰਦੀਆ ਪ੍ਰਾਸ਼ਰ, ਮੋਹਨ ਲਾਲ ਅਤੇ ਸਮੂਹ ਸਟਾਫ ਅਤੇ ਬੱਚੀਆਂ ਦੇ ਮਾਤਾ ਪਿਤਾ ਹਾਜ਼ਰ ਸਨ।

# ਐਕਸ਼ਨ 'ਚ ਜਲੰਧਰ ਦੇ ਮੇਅਰ ਵਿਨੀਤ ਧੀਰ, ਬੋਲੇ- ਗੈਰ ਕਾਨੂੰਨੀ ਕੰਮ ਨਹੀਂ ਹੋਵੇਗਾ ਬਰਦਾਸਤ

ਸਰਦੂਲ ਸਿੰਘ

ਜਲੰਧਰ 17 ਜਨਵਰੀ। ਨਗਰ ਨਿਗਮ ਦੇ ਨਵੇਂ ਮੇਅਰ ਵਨੀਤ ਧੀਰ, ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ ਅਤੇ ਡਿਪਟੀ ਮੇਅਰ ਮਲਕੀਤ ਸਿੰਘ ਨੇ ਰਸਮੀ ਤੌਰ 'ਤੇ ਅਹੁਦਾ ਸੰਭਾਲਣ ਤੋਂ ਬਾਅਦ ਟੀਮ ਵਰਕ ਵਾਂਗ ਕੰਮ ਕਰਨਾ ਸੁਰੂ ਕਰ ਦਿੱਤਾ ਹੈ। ਇਸ ਦੇ ਪਹਿਲੇ ਪੜਾਅ ਤਹਿਤ ਐਤਵਾਰ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਮੇਅਰ ਵਿਨੀਤ ਧੀਰ ਨੇ ਕਿਹਾ ਕਿ ਹੁਣ ਨਗਰ ਨਿਗਮ ਵਿਚ ਭ੍ਰਿਸਟਾਚਾਰ ਅਤੇ ਗੈਰ-ਕਾਨੂੰਨੀ ਕੰਮ ਬਰਦਾਸਤ ਨਹੀਂ ਕੀਤਾ ਜਾਵੇਗਾ। ਆਉਣ ਵਾਲੇ ਸਮੇਂ ਵਿਚ ਟੈਕਸ ਡਿਫਾਲਟਰਾਂ 'ਤੇ ਸਖਤੀ ਵਰਤੀ ਜਾਵੇਗੀ ਅਤੇ ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਭ੍ਰਿਸਟਾਚਾਰ ਦੇ ਮਾਮਲੇ ਵਿਚ ਜੀਰੋ ਟਾਲਰੈਂਸ ਦੀ ਨੀਤੀ ਅਪਨਾਈ ਹੋਈ ਹੈ। ਅਜਿਹੇ 'ਚ ਜੇਕਰ ਕਿਸੇ ਨੇ ਭ੍ਰਿਸਟਾਚਾਰ ਦਾ ਸਹਾਰਾ ਲਿਆ, ਭਾਵੇਂ ਉਹ ਕੋਈ ਜਾਣਕਾਰ, ਪਾਰਟੀ ਵਰਕਰ ਹੋਵੇ ਜਾਂ ਪਰਿਵਾਰਕ ਮੈਂਬਰ ਹੀ ਕਿਉਂ ਨਾ ਹੋਵੇ, ਉਸ ਨੂੰ ਗਲਤ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਸਿਸਟਮ ਵਿਚ ਕਈ ਖਾਮੀਆਂ ਪੈਦਾ ਹੋ ਗਈਆਂ ਹਨ ਅਤੇ ਵਰਕ ਕਲਚਰ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ, ਅਜਿਹੇ ਵਿਚ ਜਮੀਨੀ ਕੰਮ ਕਰ ਕੇ ਉਨ੍ਹਾਂ ਕਮੀਆਂ ਨੂੰ ਦੂਰ ਕੀਤਾ ਜਾਵੇਗਾ ਅਤੇ ਵਰਕ ਕਲਚਰ ਨੂੰ ਬਹਾਲ ਕੀਤਾ ਜਾਵੇਗਾ। ਇਸ ਦੇ ਲਈ ਸਾਧਨਾਂ ਅਤੇ ਮੈਨਪਾਵਰ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ ਅਤੇ ਇਸ ਲਈ ਸਰਕਾਰ ਅਤੇ ਲੋਕਲ ਬਾਡੀਜ ਮੰਤਰੀ ਨਾਲ ਗੱਲ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਲ ਬਾਡੀਜ ਮੰਤਰੀ ਪਹਿਲਾਂ ਹੀ ਭਰੋਸਾ ਦੇ ਚੁੱਕੇ ਹਨ ਕਿ ਜਲੰਧਰ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਕ ਸਵਾਲ ਦੇ ਜਵਾਬ ਵਿਚ ਮੇਅਰ ਵਨੀਤ ਧੀਰ ਅਤੇ ਹੋਰਨਾਂ ਨੇ ਕਿਹਾ ਕਿ ਨਗਰ ਨਿਗਮ ਦੀ ਆਮਦਨ ਅਤੇ ਖਰਚੇ ਵਿਚਲਾ ਪਾੜਾ ਕਾਫੀ ਵਧ ਗਿਆ ਹੈ, ਜਿਸ ਨੂੰ ਆਉਣ ਵਾਲੇ ਸਮੇਂ ਵਿਚ ਦੂਰ ਕਰ ਕੀਤਾ ਜਾਵੇਗਾ। ਹਰੇਕ ਵਿਭਾਗ ਦੀ ਆਮਦਨ ਸਬੰਧੀ ਰਿਪੋਰਟ ਲਈ ਜਾਵੇਗੀ ਅਤੇ ਉਨ੍ਹਾਂ ਨੂੰ ਅਗਲੇ ਟੀਚੇ ਦਿੱਤੇ ਜਾਣਗੇ। ਰੈਵੇਨਿਊ ਜੈਨਰੇਸ਼ਨ ਦੇ ਮਾਮਲੇ ਵਿਚ ਜੋ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿਚ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਨਾਗਰਿਕ ਆਪਣਾ ਬਣਦਾ ਟੈਕਸ ਇਮਾਨਦਾਰੀ ਨਾਲ ਅਦਾ ਕਰੇ, ਭਾਵੇਂ ਇਸ ਲਈ ਸਖਤੀ ਹੀ ਕਿਉਂ ਨਾ ਕਰਨੀ ਪਵੇ। ਨਿਗਮ ਦੀ ਫਾਇਨਾਂਸ ਸਬੰਧੀ ਜਲਦ ਮੀਟਿੰਗ ਬੁਲਾਈ ਜਾਵੇਗੀ ਅਤੇ ਵਿੱਤ ਕਮਿਸਨ ਤੇ ਜਿਹੜੀਆਂ ਗ੍ਰਾਂਟਾਂ ਪੈਂਡਿੰਗ ਪਈਆਂ ਹੋਈਆਂ ਹਨ, ਉਨ੍ਹਾਂ ਨੂੰ ਲਿਆਉਣ ਦੇ ਯਤਨ ਕੀਤੇ ਜਾਣਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਮੇਅਰ, ਸੀਨੀਅਰ ਡਿਪਟੀ ਮੇਅਰ



ਅਤੇ ਡਿਪਟੀ ਮੇਅਰ ਦੀ ਚੋਣ ਤੋਂ ਬਾਅਦ ਪਾਰਟੀ ਦੇ ਅੰਦਰ ਕੁਝ ਨਾਰਾਜਗੀ ਦੇਖੀ ਗਈ ਅਤੇ ਤਰਸੇਮ ਲਖੋਤਰਾ ਵਰਗੇ ਕੌਂਸਲਰ ਗੁੱਸੇ ਵਿਚ ਪਾਰਟੀ ਨੂੰ ਛੱਡ ਕੇ ਅਤੇ ਨਾਰਾਜ ਹੋ ਕੇ ਵਾਪਸ ਚਲੇ ਗਏ ਤਾਂ ਉਨ੍ਹਾਂ ਕਿਹਾ ਕਿ 46 ਕੌਂਸਲਰਾਂ ਦੇ ਦਲ ਵਿਚੋਂ ਅਹੁਦੇ 3 ਕੌਂਸਲਰਾਂ ਨੂੰ ਮਿਲਣੇ ਸਨ, ਅਜਿਹੀ ਸਥਿਤੀ ਵਿਚ ਕੁਝ ਨਾਰਾਜਗੀ ਸੁਭਾਵਿਕ ਹੈ। ਭਾਵੇਂ ਅਜਿਹੀ ਨਾਰਾਜਗੀ ਸਾਡੀ ਜਾਣਕਾਰੀ ਵਿਚ ਨਹੀਂ ਹੈ ਪਰ ਫਿਰ ਵੀ ਜੇਕਰ ਪਤਾ ਲੱਗਦਾ ਹੈ ਤਾਂ ਤਿੰਨੋਂ ਮਿਲ ਕੇ ਸਬੰਧਤ ਧਿਰ ਦੀ ਨਾਰਾਜਗੀ ਦੂਰ ਦਿਵਾਂਗੇ। ਮਜਬੂਤ ਵਿਰੋਧੀ ਧਿਰ ਸਬੰਧੀ ਚੁਣੌਤੀ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਕੰਮ ਕਰਨ ਦੀ ਇੱਛਾ ਸ਼ਕਤੀ ਨੂੰ ਹੌਂਸਲਾ ਮਿਲਦੀ ਹੈ। ਵਿਨੀਤ ਧੀਰ ਨੇ ਦੁਹਰਾਇਆ ਕਿ ਸਮਾਰਟ ਸਿਟੀ ਕੰਪਨੀ ਜਲੰਧਰ ਵਿਚ ਪਿਛਲੇ ਸਮੇਂ ਦੌਰਾਨ ਜੋ ਵੀ ਭ੍ਰਿਸ਼ਟਾਚਾਰ ਹੋਇਆ, ਉਸ ਦੀ ਜਾਂਚ ਕਰਵਾਈ ਜਾਵੇਗੀ ਅਤੇ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬਿਲਕੁਲ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕੋਈ ਵੱਡਾ ਅਧਿਕਾਰੀ ਹੋਵੇ ਜਾਂ ਕੋਈ ਸਿਆਸਤਦਾਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਮਾਰਟ ਸਿਟੀ ਦੇ ਕੰਮਾਂ ਦੀ ਵਿਜੀਲੈਂਸ ਤੋਂ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਹੋਏ ਹਨ ਪਰ ਵਿਜੀਲੈਂਸ ਸਰਕਾਰ ਵੱਲੋਂ ਤਕਨੀਕੀ ਟੀਮਾਂ ਮੁਹੱਈਆ ਕਰਵਾਉਣ ਦੀ ਉਡੀਕ ਕਰ ਰਹੀ ਹੈ। ਇਸ ਜਾਂਚ ਨੂੰ ਜਲਦੀ ਨਿਪਟਾਉਣ ਲਈ ਪੰਜਾਬ ਸਰਕਾਰ ਨਾਲ ਸੰਪਰਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਰਟ ਸਿਟੀ ਲਈ ਮਿਲਿਆ ਪੈਸਾ ਆਮ ਲੋਕਾਂ ਦਾ ਹੈ। ਇਹ ਯਕੀਨੀ ਬਣਾਇਆ ਜਾਵੇਗਾ ਕਿ ਸਮਾਰਟ ਸਿਟੀ ਦੇ ਫੰਡ ਵਿਚ ਜੋ ਪੈਸਾ ਬਚਿਆ ਹੋਇਆ ਹੈ, ਉਸ ਨੂੰ ਸਹੀ ਕੰਮਾਂ 'ਤੇ ਖਰਚਿਆ ਜਾਵੇ। ਸਮਾਰਟ ਸਿਟੀ ਦੇ ਪੈਂਡਿੰਗ ਕੰਮ ਜਲਦ ਪੂਰੇ ਕਰਵਾਏ ਜਾਣਗੇ। ਵਿਨੀਤ ਧੀਰ ਨੇ ਕਿਹਾ ਕਿ ਉਨ੍ਹਾਂ ਕੌਂਸਲਰ ਹੁੰਦਿਆਂ ਵਾਰਡਾਂ ਦੀਆਂ ਸਮੱਸਿਆਵਾਂ ਨੂੰ ਨੇੜਿਓਂ ਜਾਣਿਆ ਸੀ। ਵਧੇਰੇ ਵਾਰਡਾਂ ਵਿਚ ਸਾਫ-ਸਫਾਈ, ਸੀਵਰੇਜ, ਗੈਰ-ਕਾਨੂੰਨੀ ਕਾਲੋਨੀਆਂ ਅਤੇ ਗੈਰ-ਕਾਨੂੰਨੀ ਉਸਾਰੀਆਂ ਸਬੰਧੀ ਸਮੱਸਿਆਵਾਂ ਹਨ, ਜਿਸ ਬਾਬਤ ਯੋਜਨਾ ਬਣਾ ਕੇ ਕੰਮ ਕੀਤਾ ਜਾਵੇਗਾ। ਸਰਫੇਸ ਵਾਟਰ ਪ੍ਰਾਜੈਕਟ ਕਾਰਨ ਜੋ ਸੜਕਾਂ ਟੁੱਟੀਆਂ ਹੋਈਆਂ ਹਨ, ਉਨ੍ਹਾਂ ਨੂੰ ਜਲਦ ਬਣਵਾਇਆ ਜਾਵੇਗਾ। ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਹੁਣ ਅਧਿਕਾਰੀਆਂ ਵੱਲੋਂ ਦਿਖਾਈ ਜਾ ਰਹੀ ਸੁਸਤੀ ਅਤੇ ਖਾਨਾਪੂਰਤੀ ਨਹੀਂ ਚੱਲੇਗੀ। ਸਰਕਾਰੀ ਪੋਰਟਲ ਐੱਮ-ਸੇਵਾ ਸਬੰਧੀ ਜੋ ਸ਼ਿਕਾਇਤਾਂ ਆ ਰਹੀਆਂ ਹਨ, ਉਨ੍ਹਾਂ ਨੂੰ ਵੀ ਦੂਰ ਕਰਵਾਇਆ ਜਾਵੇਗਾ। ਨਿਗਮ ਅਧਿਕਾਰੀਆਂ ਨੇ ਨਿਗਮ ਚੋਣਾਂ ਤੋਂ ਇਕ ਮਹੀਨਾ ਪਹਿਲਾਂ ਜਿਵੇਂ ਫੀਲਡ ਵਿਚ ਆ ਕੇ ਕੰਮ ਕੀਤਾ ਸੀ, ਅਗਲੇ 5 ਸਾਲ ਵੀ ਉਨ੍ਹਾਂ ਨੂੰ ਇਸੇ ਤਰ੍ਹਾਂ ਨਾਲ ਕੰਮ ਕਰਨਾ ਹੋਵੇਗਾ। ਇਸ ਦੌਰਾਨ ਡਿਪਟੀ ਮੇਅਰ ਮਲਕੀਤ ਸਿੰਘ ਨੇ ਕਿਹਾ ਕਿ ਨਿਗਮ ਦੀ ਹੱਦ ਵਿਚ ਸਾਮਲ ਹੋਏ ਪਿੰਡਾਂ ਵਿਚ ਅਜੇ ਤੱਕ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਹੈ, ਇਸ ਨੂੰ ਤੇਜੀ ਨਾਲ ਪੂਰਾ ਕਰਨ ਲਈ ਯਤਨ ਕੀਤੇ ਜਾਣਗੇ।

## ਸਾਵਧਾਨ ! ਹੁਣ ਨਵੀਂ ਤਕਨੀਕ ਨਾਲ ਹੋ ਰਹੀ ਧੋਖਾਧੜੀ, ਕਿਤੇ ਕਰ ਨਾ ਲਿਓ ਇਹ ਗਲਤੀ

ਵੈੱਬ ਡੈਸਕ 17 ਜਨਵਰੀ। ਸਾਈਬਰ ਅਪਰਾਧੀ ਮਾਸੂਮ ਲੋਕਾਂ ਨੂੰ ਲੁੱਟਣ ਲਈ ਨਵੇਂ-ਨਵੇਂ ਤਰੀਕੇ ਲੱਭਦੇ ਰਹਿੰਦੇ ਹਨ। ਇਸ ਵਾਰ ਇੱਕ ਨਵਾਂ ਘੁਟਾਲਾ ਮਾਰਕੀਟ 'ਚ ਆਇਆ ਹੈ, ਜਿਸਦਾ ਨਾਮ ਹੈ-ਜੰਪ ਡਿਪਾਜ਼ਿਟ ਘੁਟਾਲਾ। ਦਰਅਸਲ, ਇਹ ਇੱਕ ਨਵਾਂ ਸਾਈਬਰ ਘੁਟਾਲਾ ਹੈ




ਜੋ ਯੂਨੀਫਾਈਡ ਪੇਮੈਂਟਸ ਇੰਟਰਫੇਸ () ਉਪਭੋਗਤਾਵਾਂ ਨੂੰ ਨਿਸਾਨਾ ਬਣਾ ਰਿਹਾ ਹੈ। ਇਸ ਘੁਟਾਲੇ 'ਚ, ਧੋਖੇਬਾਜ ਪਹਿਲਾਂ ਪੀੜਤਾਂ ਨੂੰ ਬਿਨਾਂ ਪੁੱਛੇ ਉਨ੍ਹਾਂ ਦੇ ਬੈਂਕ ਖਾਤੇ 'ਚ ਥੋੜ੍ਹੀ ਜਿਹੀ ਰਕਮ ਜਮ੍ਹਾ ਕਰਵਾ ਕੇ ਫਸਾਉਂਦੇ ਹਨ। ਇਸ ਤੇਜੀ ਨਾਲ ਹੋਏ ਜਮ੍ਹਾਂ ਘੁਟਾਲੇ ਰਾਹੀਂ, ਘੁਟਾਲੇਬਾਜ ਰਾਹੀਂ ਪੀੜਤ ਦੇ ਬੈਂਕ ਖਾਤੇ ਵਿੱਚ ਥੋੜ੍ਹੀ ਜਿਹੀ ਰਕਮ ਭੇਜਦੇ ਹਨ। ਫਿਰ ਉਹ ਤੁਰੰਤ ਵੱਡੀ ਰਕਮ ਕਢਵਾਉਣ ਦੀ ਬੇਨਤੀ ਕਰਦੇ ਹਨ। ਇਸ ਅਚਾਨਕ ਜਮ੍ਹਾਂ ਰਕਮ ਦੇ ਕਾਰਨ, ਪੀੜਤ ਤੁਰੰਤ ਆਪਣੇ ਬੈਂਕ ਖਾਤੇ ਦੇ ਬਕਾਏ ਦੀ ਜਾਂਚ ਕਰ ਸਕਦੇ ਹਨ। ਪੀੜਤ ਨੂੰ ਬੈਂਕ ਵੇਰਵੇ ਖੋਲ੍ਹਣ ਲਈ ਪਿੰਨ ਦਰਜ ਕਰਦੇ ਹਨ। ਜਿਸ ਕਾਰਨ ਧੋਖਾਧੜੀ ਵਾਲੀ ਨਿਕਾਸੀ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ। ਤਾਮਿਲਨਾਡੂ ਸਾਈਬਰ ਕ੍ਰਾਈਮ ਪੁਲਸ ਨੇ ਪਹਿਲਾਂ ਹੀ ਜਨਤਾ ਨੂੰ ਅਜਿਹੇ ਅਚਾਨਕ ਡਿਪਾਜ਼ਿਟ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਸੀ। ਦ ਹਿੰਦੂ ਦੀ ਇੱਕ ਰਿਪੋਰਟ ਦੇ ਅਨੁਸਾਰ, ਅਧਿਕਾਰੀਆਂ ਦੇ ਹਵਾਲੇ ਨਾਲ, ਘੁਟਾਲੇਬਾਜ ਪ੍ਰਾਪਤਕਰਤਾ ਦੀ ਅਣਚਾਹੀ ਜਮ੍ਹਾਂ ਰਕਮ ਬਾਰੇ ਉਤਸੁਕਤਾ ਦਾ ਫਾਇਦਾ ਉਠਾ ਕੇ ਫੰਡਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਨੈਸਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ ਨੂੰ ਇਸ ਨਵੇਂ ਘੁਟਾਲੇ ਬਾਰੇ ਕਈ ਸ਼ਿਕਾਇਤਾਂ ਮਿਲੀਆਂ ਹਨ। ਧੋਖਾਧੜੀ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ? ਉਪਭੋਗਤਾ ਆਪਣੇ ਆਪ ਨੂੰ ਦੋ ਤਰੀਕਿਆਂ ਨਾਲ ਵੱਧ ਰਹੇ ਡਿਪਾਜ਼ਿਟ ਘੁਟਾਲੇ ਤੋਂ ਬਚਾ ਸਕਦੇ ਹਨ- ਜਦੋਂ ਤੁਸੀਂ ਆਪਣੇ ਬੈਂਕ ਖਾਤੇ ਵਿੱਚ ਅਚਾਨਕ ਜਮ੍ਹਾਂ ਰਕਮ ਦੇਖਦੇ ਹੋ, ਤਾਂ ਬੈਂਕ ਬੈਲੇਂਸ ਦੀ ਜਾਂਚ ਕਰਨ ਤੋਂ ਪਹਿਲਾਂ 15-30 ਮਿੰਟ ਉਡੀਕ ਕਰੋ

## ਪੰਜਾਬ 'ਚ ਵੱਡਾ ਹਾਦਸਾ, ਭੈਡਾਂ ਨਾਲ ਭਰੇ ਟਰੱਕ ਨੇ ਸਕੂਟਰੀ ਸਵਾਰ ਨੂੰ ਪਾਇਆ ਘੇਰਾ, ਘੜੀਸਾ ਲੈ ਗਿਆ ਮੌਤ ਦੇ ਘਾਟ

ਦੀਨਾਨਗਰ 17 ਜਨਵਰੀ। ਅੱਜ ਦੀਨਾਨਗਰ ਦੇ ਮਗਰਾਲਾ ਬਾਈਪਾਸ ਨੇੜੇ ਵੱਡਾ ਹਾਦਸਾ ਵਾਪਰ ਗਿਆ। ਜਿਥੇ ਇੱਕ ਤੇਜ ਰਫਤਾਰ ਟਰੱਕ ਨੇ ਸਕੂਟਰੀ ਸਵਾਰ ਨੂੰ ਆਪਣੀ ਲਪੇਟ ਲੈ ਲਿਆ ਅਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਦੀਨਾਨਗਰ ਅਜਵਿੰਦਰ ਸਿੰਘ ਨੇ ਦੱਸਿਆ ਕਿ ਇੱਕ ਸਕੂਟਰੀ ਚਾਲਕ ਦੀਨਾਨਗਰ ਤੋਂ ਸਤਸੰਗ ਸੁਣ ਕੇ ਆਪਣੇ ਪਿੰਡ ਬਿਆਨਪੁਰ ਨੂੰ ਜਾ ਰਿਹਾ ਸੀ ਜਦ ਉਹ ਪਿੰਡ ਮਗਰਾਲਾ ਬਾਈਪਾਸ ਨੇੜੇ ਪਹੁੰਚਿਆ ਤਾਂ ਉਸ ਵੱਲੋਂ ਆਪਣੇ ਪਿੰਡ ਨੂੰ ਜਾਣ ਲਈ ਰੋਡ ਕਰਾਸ ਕਰ ਰਿਹਾ ਸੀ। ਇਸ ਦੌਰਾਨ ਅੰਮ੍ਰਿਤਸਰ ਤੋਂ ਭੇਡਾਂ ਨਾਲ ਲੱਦਿਆ ਤੇਜ ਰਫਤਾਰ ਟਰੱਕ ਆਇਆ ਤਾਂ ਸਕੂਟਰੀ ਚਾਲਕ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਕਾਫੀ ਦੂਰ ਤੱਕ ਘਸੀੜਦਾ ਹੋਇਆ ਲੈ ਗਿਆ। ਜਦ ਟਰੱਕ ਚਾਲਕ ਵੱਲੋਂ ਥੋੜੀ ਦੂਰੀ 'ਤੇ ਜਾ ਕੇ ਟਰੱਕ ਨੂੰ ਰੋਕਿਆ ਗਿਆ ਤਾਂ ਉਦੋਂ ਤੱਕ ਸਕੂਟਰੀ ਸਵਾਰ ਦੀ ਮੌਤ ਹੋ ਚੁੱਕੀ ਸੀ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਟਰੱਕ ਅਤੇ ਚਾਲਕ ਨੂੰ ਮੌਕੇ 'ਤੇ ਕਾਬੂ ਕਰ ਲਿਆ ਗਿਆ ਅਤੇ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਗੁਰਦਾਸਪੁਰ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਪੁਲਸ ਮੁਤਾਬਕ ਮ੍ਰਿਤਕ ਦੀ ਪਹਿਛਾਣ ਜੋਗਿੰਦਰ ਸਿੰਘ ਵਾਸੀ ਬਿਆਨਪੁਰ ਵਜੋਂ ਹੋਈ ਹੈ। ਪੁਲਸ ਵੱਲੋਂ ਟਰੱਕ ਚਾਲਕ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

## ਮਾਤਾ ਵੈਸ਼ਣੋ ਦੇਵੀ ਜਾ ਰਹੇ ਸ਼ਰਧਾਲੂਆਂ ਲਈ ਖ਼ੁਸ਼ਖਬਰੀ

ਕਿਸ਼ਨ ਪਾਲ

ਕਟੜਾ 17 ਜਨਵਰੀ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਤ੍ਰਿਕੁਟਾ ਪਹਾੜੀਆਂ 'ਤੇ ਸਥਿਤ ਮਾਤਾ ਵੈਸ਼ਣੋ ਦੇਵੀ ਮੰਦਰ ਦੀ ਪ੍ਰਾਚੀਨ ਗੁਫਾ ਮੰਗਲਵਾਰ ਨੂੰ ਮਕਰ ਸੰਕ੍ਰਾਂਤੀ ਉਤਸਵ 'ਤੇ ਸ਼ਰਧਾਲੂਆਂ ਲਈ ਖੋਲ੍ਹ ਦਿੱਤੀ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਪੂਜਾ ਤੋਂ ਬਾਅਦ ਪ੍ਰਾਚੀਨ ਗੁਫਾ ਦੇ ਦੁਆਰ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ। ਇਸ ਪੂਜਾ 'ਚ ਸ਼੍ਰੀ ਮਾਤਾ ਵੈਸ਼ਣੋ ਦੇਵੀ ਸ਼ਰਾਈਨ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਅੰਸ਼ੁਲ ਗਰਗ ਵੀ ਸ਼ਾਮਲ ਹੋਏ। ਮੰਦਰ ਦੇ ਗਰਭ ਗ੍ਰਹਿ ਦੇ ਅੰਦਰ ਪ੍ਰਾਚੀਨ ਗੁਫਾ ਆਮ ਤੌਰ 'ਤੇ ਸਰਦੀਆਂ ਦੇ ਮਹੀਨਿਆਂ ਦੌਰਾਨ ਖੋਲ੍ਹੀ ਜਾਂਦੀ ਹੈ, ਜਦੋਂ ਭਗਤਾਂ ਦੀ ਭੀੜ ਘੱਟ ਹੁੰਦੀ ਹੈ। ਕਈ ਭਗਤ ਪ੍ਰਾਚੀਨ ਗੁਫਾ ਦੇ ਮਾਧਿਅਮ ਨਾਲ ਮੰਦਰ 'ਚ ਦਰਸ਼ਨ ਕਰਨ ਲਈ ਉਤਸੁਕਤਾ ਨਾਲ ਦਿਨ ਦਾ ਇੰਤਜਾਰ ਕਰਦੇ ਹਨ। ਇਹ ਪ੍ਰਾਚੀਨ ਗੁਫਾ ਸੁਰੱਖਿਆ ਕਾਰਨਾਂ ਕਰ ਕੇ ਸਾਲ ਦੇ ਜ਼ਿਆਦਾਤਰ ਸਮੇਂ ਬੰਦ ਰਹਿੰਦੀ ਹੈ। ਗਰਗ ਨੇ



ਕਿਹਾ,"ਅੱਜ ਤੋਂ ਪ੍ਰਾਚੀਨ ਗੁਫਾ ਸ਼ਰਧਾਲੂਆਂ ਲਈ ਖੁੱਲ੍ਹ ਗਈ ਹੈ। ਅਸੀਂ ਤੀਰਥ ਯਾਤਰੀਆਂ ਨੂੰ ਪ੍ਰਾਚੀਨ ਗੁਫਾ ਦੇ ਦਰਸ਼ਨ ਦੀ ਮਨਜੂਰੀ ਉਦੋਂ ਦੇਵਾਂਗੇ ਜਦੋਂ ਉਨ੍ਹਾਂ ਦੀ ਗਿਣਤੀ 10 ਹਜਾਰ ਤੋਂ ਘੱਟ ਹੋਵੇਗੀ ਤਾਂ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਅਸਹੂਲਤ ਨਾ ਹੋਵੇ।" ਉਨ੍ਹਾਂ ਕਿਹਾ ਕਿ ਨਵੀਂ ਗੁਫਾ ਤੋਂ ਤੀਰਥ ਯਾਤਰਾ ਸੁਚਾਰੂ ਰੂਪ ਨਾਲ ਅੱਗੇ ਵੱਧ ਰਹੀ ਹੈ, ਜਿਸ ਨਾਲ ਵੱਡੀ ਗਿਣਤੀ 'ਚ ਤੀਰਥ ਯਾਤਰੀ ਬਿਨਾਂ ਕਿਸੇ ਕਠਿਨਾਈ ਦੇ ਯਾਤਰਾ ਕਰ ਸਕਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਨਵੇਂ ਸਾਲ ਦੀ ਸ਼ੁਰੂਆਤ ਤੋਂ ਹੁਣ ਤੱਕ 1.50 ਲੱਖ ਤੋਂ ਵੱਧ ਤੀਰਥ ਯਾਤਰੀ ਗੁਫਾ ਮੰਦਰ 'ਚ ਦਰਸ਼ਨ ਕਰ ਚੁੱਕੇ ਹਨ। ਮੰਦਰ ਬੋਰਡ ਦੇ ਸੀਈਓ ਨੇ ਕਿਹਾ,"ਸਾਡੇ ਇੱਥੇ ਹਰ ਰੋਜ ਲਗਭਗ 10,000 ਤੋਂ 15,000 ਤੀਰਥ ਯਾਤਰੀ ਗੁਫਾ ਮੰਦਰ 'ਚ ਦਰਸ਼ਨ ਲਈ ਆਉਂਦੇ ਹਨ। ਆਮ ਤੌਰ 'ਤੇ ਹਫਤਾਵਾਰੀ ਦੇ ਦਿਨਾਂ 'ਚ ਤੀਰਥ ਯਾਤਰੀਆਂ ਦੀ ਗਿਣਤੀ ਵੱਧ ਜਾਂਦੀ ਹੈ।" ਉਨ੍ਹਾਂ ਨੇ ਉਮੀਦ ਜਤਾਈ ਕਿ ਪ੍ਰਾਚੀਨ ਗੁਫਾ ਦੇ ਖੁੱਲ੍ਹਣ ਤੋਂ ਬਾਅਦ ਤੀਰਥ ਯਾਤਰੀਆਂ ਦੀ ਗਿਣਤੀ 'ਚ ਵਾਧਾ ਹੋਵੇਗਾ। ਪਿਛਲੇ ਸਾਲ 94.83 ਲੱਖ ਤੀਰਥ ਯਾਤਰੀਆਂ ਨੇ ਇਸ ਪਵਿੱਤਰ ਤੀਰਥ ਸਥਾਨ 'ਤੇ ਪ੍ਰਾਰਥਨਾ ਕੀਤੀ ਸੀ, ਜੋ ਇਕ ਦਹਾਕੇ 'ਚ ਸ਼ਰਧਾਲੂਆਂ ਦੀ ਦੂਜੀ ਸਭ ਤੋਂ ਵੱਡੀ ਗਿਣਤੀ ਸੀ।

## ਗਲਵਾਨ ਘਾਟੀ 'ਚ ਜੋ ਕੁਝ ਹੋਇਆ, ਨੂੰ ਦੁਹਰਾਇਆ ਨਹੀਂ ਜਾਣਾ ਚਾਹੀਦਾ

ਪੁਣੇ 17 ਜਨਵਰੀ। ਜਮੀਨੀ ਫੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਹੈ ਕਿ ਉੱਤਰੀ ਸਰਹੱਦ 'ਤੇ ਸਥਿਤੀ ਸਥਿਰ ਪਰ ਨਾਜ਼ੁਕ ਬਣੀ ਹੋਈ ਹੈ। ਗਲਵਾਨ ਘਾਟੀ 'ਚ ਜੋ ਕੁਝ ਹੋਇਆ, ਨੂੰ ਦੁਹਰਾਇਆ ਨਹੀਂ ਜਾਣਾ ਚਾਹੀਦਾ। ਇੱਥੇ 77ਵੇਂ ਫੌਜ ਦਿਵਸ ਸਮਾਰੋਹ 'ਚ ਆਪਣੇ ਸੰਬੋਧਨ ਦੌਰਾਨ ਜਨਰਲ ਦਿਵੇਦੀ ਨੇ ਬੁੱਧਵਾਰ ਕਿਹਾ ਕਿ ਭਾਵੇਂ ਇਹ ਯਤਨ ਕੂਟਨੀਤਕ ਹੋਣ ਜਾਂ ਫੌਜੀ, ਸਾਨੂੰ ਸਾਰਿਆਂ ਨੂੰ ਇਸ ਮੁੱਦੇ 'ਤੇ ਇਕਜੁੱਟ ਹੋਣਾ ਚਾਹੀਦਾ ਹੈ ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਵਿੱਖ 'ਚ ਅਜਿਹੀ ਸਥਿਤੀ ਪੈਦਾ ਨਾ ਹੋਵੇ। ਫੌਜ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਤੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਕੰਟਰੋਲ ਰੇਖਾ 'ਤੇ ਜੰਗਬੰਦੀ ਬਰਕਰਾਰ ਹੈ ਪਰ ਘੁਸਪੈਠ ਦੀਆਂ ਕੋਸ਼ਿਸ਼ਾਂ ਜਾਰੀ ਹਨ। ਜੰਮੂ-ਕਸਮੀਰ ਦੇ ਅੰਦਰੂਨੀ ਇਲਾਕਿਆਂ 'ਚ ਸੁਰੱਖਿਆ ਫੋਰਸਾਂ ਦੇ ਲਗਾਤਾਰ ਯਤਨਾਂ ਕਾਰਨ ਉੱਥੇ ਹਿੰਸਾ 'ਚ ਕਮੀ ਆਈ ਹੈ। ਜਨਰਲ ਦਿਵੇਦੀ ਨੇ ਜੋਰ ਦੇ ਕੇ ਕਿਹਾ ਕਿ ਉੱਤਰੀ ਸਰਹੱਦਾਂ 'ਤੇ ਆਧੁਨਿਕ ਉਪਕਰਣਾਂ ਤੇ ਅਹਿਮ ਬੁਨਿਆਦੀ ਢਾਂਚਿਆਂ ਦੇ ਵਿਕਾਸ 'ਤੇ ਵਿਸੇਸ ਧਿਆਨ ਦਿੱਤਾ ਗਿਆ ਹੈ। ਪੂਰਬੀ ਲੱਦਾਖ 'ਚ ਭਾਰਤ ਤੇ ਚੀਨ ਵਿਚਾਲੇ ਫੌਜੀ ਟਕਰਾਅ ਮਈ 2020 ਚ ਸੁਰੂ ਹੋਇਆ ਸੀ। ਉਸੇ ਸਾਲ ਜੂਨ 'ਚ ਗਲਵਾਨ ਘਾਟੀ 'ਚ ਹਿੰਸਕ ਝੜਪ ਹੋਈ ਸੀ। ਇਸ ਕਾਰਨ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਸਬੰਧ ਤਣਾਅਪੂਰਨ ਹੋ ਗਏ ਸਨ।

## 'ਟਾਰਜਨ ਬਾਬਾ' ਦੇ ਹਰ ਪਾਸੇ ਚਰਚੇ, 52 ਸਾਲ ਪੁਰਾਣੀ ਕਾਰ 'ਤੇ ਪਹੁੰਚੇ ਮਹਾਕੁੰਭ

ਨੈਸ਼ਨਲ ਡੈਸਕ 17 ਜਨਵਰੀ। ਪ੍ਰਯਾਗਰਾਜ ਵਿਚ 13 ਜਨਵਰੀ ਤੋਂ 26 ਫਰਵਰੀ ਤੱਕ ਚੱਲਣ ਵਾਲਾ ਮਹਾਕੁੰਭ 'ਚ ਦੇਸ਼-ਵਿਦੇਸ਼ ਤੋਂ ਸਾਧੂ-ਸੰਤਾਂ ਦਾ ਆਉਣਾ ਜਾਰੀ ਹੈ। ਇਨ੍ਹਾਂ ਬਾਬਿਆਂ ਵਿਚੋਂ ਇਕ ਖਾਸ ਬਾਬਾ ਹੈ, ਜਿਨ੍ਹਾਂ ਨੂੰ ਲੋਕ 'ਟਾਰਜਨ ਬਾਬਾ' ਦੇ ਨਾਂ ਤੋਂ ਜਾਣਦੇ ਹਾਂ। ਇਨ੍ਹਾਂ ਦਾ ਅਸਲੀ ਨਾਂ ਮਹੰਤ ਰਾਜ ਗਿਰੀ ਹੈ। ਟਾਰਜਨ ਬਾਬਾ ਦੀ ਪਛਾਣ ਉਨ੍ਹਾਂ ਦੀ 52 ਸਾਲ ਪੁਰਾਣੀ ਅੰਬੈਂਸਡਰ ਕਾਰ ਹੈ, ਜਿਸ ਨੂੰ ਉਨ੍ਹਾਂ ਨੇ ਸੈਫਰਨ (ਭਗਵਾ) ਰੰਗ ਵਿਚ ਪੇਂਟ ਕਰਵਾਇਆ ਹੋਇਆ ਹੈ। ਬਾਬਾ ਨੇ ਇਸ ਕਾਰ ਨੂੰ 40 ਸਾਲ ਪਹਿਲਾਂ ਦਾਨ ਵਿਚ ਪ੍ਰਾਪਤ ਕੀਤਾ ਸੀ। ਇਸ ਤੋਂ ਬਾਅਦ ਇਹ ਕਾਰ ਹੀ ਉਨ੍ਹਾਂ ਦਾ ਘਰ ਅਤੇ ਆਸ਼ਰਮ ਬਣ ਗਈ। ਬਾਬਾ ਇਸੇ ਕਾਰ ਵਿਚ ਸੌਂਦੇ



ਹਨ। ਬਾਬਾ ਇਸ ਕਾਰ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਮੰਨਦੇ ਹਨ। ਮਹੰਤ ਰਾਜ ਗਿਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਇਹ ਕਾਰ ਉਨ੍ਹਾਂ ਦਾ ਚੱਲਦਾ-ਫਿਰਦਾ ਆਸ਼ਰਮ ਹੈ। ਉਹ ਇਸ ਵਿਚ ਖੁਦ ਨੂੰ ਅਧਿਆਤਮਕ ਸ਼ਾਤੀ ਅਤੇ ਸੰਤੁਸ਼ਟੀ ਮਹਿਸੂਸ ਕਰਦੇ ਹਨ। ਇਹ ਹੀ ਵਜ੍ਹਾ ਹੈ ਕਿ ਬਾਬਾ ਇਸ ਕਾਰ ਨੂੰ ਮਾਂ ਦਾ ਦਰਜਾ ਦਿੰਦੇ ਹਨ। ਇਸ ਸਮੇਂ ਬਾਬਾ ਪ੍ਰਯਾਗਰਾਜ ਦੇ ਸ਼ਾਸਤਰੀ ਬ੍ਰਿਜ ਦੇ ਨੇੜੇ ਸੰਗਮ ਕਿਨਾਰੇ ਕੁਟੀਆ ਬਣਾ ਕੇ ਰਹਿ ਰਹੇ ਹਨ। ਉਨ੍ਹਾਂ ਦੀ ਅੰਬੈਂਸਡਰ ਕਾਰ ਕੁਟੀਆ ਦੇ ਬਾਹਰ ਖੜ੍ਹੀ ਹੋਈ ਹੈ, ਜੋ ਹਰ ਕਿਸੇ ਦਾ ਧਿਆਨ ਖਿੱਚ ਰਹੀ ਹੈ। ਮਹੰਤ ਰਾਜ ਗਿਰੀ ਬਾਬਾ ਪਿਛਲੇ ਚਾਰ ਸਾਲਾਂ ਤੋਂ ਕੁੰਭ ਅਤੇ ਮਹਾਕੁੰਭ ਵਰਗੇ ਆਯੋਜਨਾਂ ਵਿਚ ਆਪਣੀ ਹਾਜਰੀ ਦਰਜ ਕਰਵਾ ਰਹੇ ਹਨ। ਬਾਬਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪਰਿਵਾਰ ਅਤੇ ਸੁੱਖ-ਸਹੂਲਤਾਂ ਤੋਂ ਸੰਨਿਆਸ ਲੈ ਲਿਆ ਹੈ। ਹੁਣ ਉਹ ਸਿਰਫ ਆਪਣੀ ਅੰਬੈਂਸਡਰ ਕਾਰ ਨਾਲ ਹੀ ਰਹਿੰਦੇ ਹਨ। ਬਾਬਾ ਦੀ ਕਾਰ 1972 ਮਾਡਲ ਦੀ ਹੈ। ਬਾਬਾ ਨੇ ਇਸ ਨੂੰ ਆਪਣੀ ਜਰੂਰਤ ਮੁਤਾਬਕ ਸਜਾਇਆ ਹੈ ਅਤੇ ਇਸ ਨੂੰ ਆਪਣਾ ਸਭ ਕੁਝ ਮੰਨ ਲਿਆ ਹੈ। ਲੋਕਾਂ ਲਈ ਇਹ ਕਾਰ ਇਕ ਅਨੋਖਾ ਖਿੱਚ ਦਾ ਕੇਂਦਰ ਬਣ ਚੁੱਕੀ ਹੈ। ਮਹਾਕੁੰਭ ਵਿਚ ਆਉਣ ਵਾਲੇ ਸ਼ਰਧਾਲੂ ਅਤੇ ਹੋਰ ਸਾਧੂ-ਸੰਤ ਬਾਬਾ ਅਤੇ ਉਨ੍ਹਾਂ ਦੀ ਕਾਰ ਨੂੰ ਵੇਖਣ ਪਹੁੰਚ ਰਹੇ ਹਨ। ਇਹ ਕਾਰ ਬਾਬਾ ਦੀ ਅਧਿਆਤਮਕ ਯਾਤਰਾ ਦਾ ਪ੍ਰਤੀਕ ਬਣ ਗਈ ਹੈ।

## ਜਨਤਕ ਖੇਤਰ ਦੇ 5 ਬੈਂਕਾਂ ਨੂੰ ਲੈ ਕੇ ਸਰਕਾਰ ਦਾ ਵੱਡਾ ਕਦਮ, 10,000 ਕਰੋੜ ਰੁਪਏ ਜੁਟਾਉਣ ਦੀ ਯੋਜਨਾ

ਏਜੰਸੀਆਂ

ਨਵੀਂ ਦਿੱਲੀ 17 ਜਨਵਰੀ। ਕੇਂਦਰ ਸਰਕਾਰ ਨੇ ਕੁਆਲੀਫਾਈਡ ਇੰਸਟੀਚਿਊਸ਼ਨਲ ਪਲੇਸਮੈਂਟ () ਰਾਹੀਂ 10000 ਕਰੋੜ ਰੁਪਏ ਦਾ ਫੰਡ ਜੁਟਾਉਣ ਲਈ 5 ਬੈਂਕਾਂ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਬੈਂਕ ਆਫ ਮਹਾਰਾਸਟਰ, ਪੰਜਾਬ ਅਤੇ ਸਿੰਧ ਬੈਂਕ, ਇੰਡੀਅਨ ਓਵਰਸੀਜ ਬੈਂਕ, ਯੂਕੋ ਬੈਂਕ ਅਤੇ ਸੈਂਟਰਲ ਬੈਂਕ ਆਫ ਇੰਡੀਆ ਹਨ। ਤੁਹਾਨੂੰ ਦੱਸ ਦੇਈਏ ਕਿ ਬੈਂਕ ਆਫ ਮਹਾਰਾਸਟਰ ਵਿੱਚ ਕੇਂਦਰ ਸਰਕਾਰ ਦੀ 79.6% ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਪੰਜਾਬ ਐਂਡ ਸਿੰਧ ਬੈਂਕ ਵਿਚ 98.25 ਫੀਸਦੀ ਹਿੱਸੇਦਾਰੀ, ਇੰਡੀਅਨ ਓਵਰਸੀਜ ਬੈਂਕ ਵਿਚ 96.38 ਫੀਸਦੀ ਹਿੱਸੇਦਾਰੀ , ਯੂਕੋ ਬੈਂਕ ਵਿੱਚ 95.39% ਹਿੱਸੇਦਾਰੀ ਅਤੇ ਸੈਂਟਰਲ ਬੈਂਕ ਆਫ ਇੰਡੀਆ ਵਿੱਚ 93.08% ਹਿੱਸੇਦਾਰੀ ਹੈ। ਸੂਤਰਾਂ ਮੁਤਾਬਕ ਇਹ ਬੈਂਕ ਵਿੱਤੀ ਸਾਲ 2025 ਦੀ ਚੌਥੀ ਤਿਮਾਹੀ ਤੋਂ ਛੋਟੀਆਂ ਕਿਸਤਾਂ 'ਚ ਫੰਡ ਜੁਟਾ ਸਕਦੇ ਹਨ। ਸੂਤਰਾਂ ਮੁਤਾਬਕ ਵਿਨਿਵੇਸ ਅਤੇ ਜਨਤਕ ਸੰਪੱਤੀ ਪ੍ਰਬੰਧਨ ਵਿਭਾਗ () ਨੂੰ ਵੀ ਵਿਕਰੀ ਦੀ ਪੇਸਕਸ () ਰੂਟ ਰਾਹੀਂ ਇਨ੍ਹਾਂ ਰਿਣਦਾਤਿਆਂ ਦੀ ਹਿੱਸੇਦਾਰੀ ਵੇਚਣ ਦੇ ਆਦੇਸ ਮਿਲੇ ਹਨ। ਤੁਹਾਨੂੰ ਦੱਸ ਦੇਈਏ ਕਿ ਸਰਕਾਰ ਅਗਸਤ 2026 ਤੱਕ ਇਨ੍ਹਾਂ ਬੈਂਕਾਂ ਦੇ ਅੰਦਰ 25% ਘੱਟੋ-ਘੱਟ ਜਨਤਕ ਹਿੱਸੇਦਾਰੀ ਦੇ ਨਿਯਮਾਂ ਨੂੰ




ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੌਰਾਨ, ਵਿੱਤ ਮੰਤਰਾਲੇ ਨੇ ਜਨ ਸੁਰੱਖਿਆ ਅਤੇ ਮੁਦਰਾ ਯੋਜਨਾ ਸਮੇਤ ਵੱਖ-ਵੱਖ ਵਿੱਤੀ ਸਮਾਵੇਸ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਬੁੱਧਵਾਰ ਨੂੰ ਜਨਤਕ ਖੇਤਰ ਦੇ ਬੈਂਕਾਂ () ਦੇ ਮੁਖੀਆਂ ਦੀ ਮੀਟਿੰਗ ਬੁਲਾਈ ਹੈ। ਮੀਟਿੰਗ ਦੀ ਪ੍ਰਧਾਨਗੀ ਵਿੱਤੀ ਸੇਵਾਵਾਂ ਦੇ ਸਕੱਤਰ ਐਮ ਨਾਗਰਾਜੂ ਕਰਨਗੇ, ਜਿਸ ਵਿੱਚ ਨਿੱਜੀ ਖੇਤਰ ਦੇ ਬੈਂਕਾਂ ਦੇ ਪ੍ਰਤੀਨਿਧੀ ਵੀ ਹਿੱਸਾ ਲੈਣਗੇ। ਜਾਣਕਾਰੀ ਅਨੁਸਾਰ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਸਵਾਨਿਧੀ ਯੋਜਨਾਵਾਂ ਸਮੇਤ ਵੱਖ-ਵੱਖ ਵਿੱਤੀ ਸਮਾਵੇਸ ਯੋਜਨਾਵਾਂ ਦੀ ਪ੍ਰਗਤੀ 'ਤੇ ਵੀ ਚਰਚਾ ਕੀਤੀ ਜਾਵੇਗੀ ਅਤੇ ਸਮੀਖਿਆ ਕੀਤੀ ਜਾਵੇਗੀ। ਕੰਪਨੀਆਂ ਘਰੇਲੂ ਬਾਜਾਰ ਤੋਂ ਫੰਡ ਜੁਟਾਉਣ ਲਈ ਦੀ ਵਰਤੋਂ ਕਰਦੀਆਂ ਹਨ। ਨੂੰ ਮਾਰਕੀਟ ਰੈਗੂਲੇਟਰ ਯਾਨੀ ਤੋਂ ਮਨਜ਼ੂਰੀ ਦੀ ਲੋੜ ਨਹੀਂ ਹੁੰਦੀ ਹੈ। ਲਈ, ਕੰਪਨੀ ਨਿਯਮਾਂ ਅਨੁਸਾਰ ਸੇਅਰ ਦੀ ਕੀਮਤ ਤੈਅ ਕਰਦੀ ਹੈ। ਦੀ ਕੀਮਤ ਸੇਅਰ ਦੀ 2-ਹਫਤੇ ਦੀ ਔਸਤ ਕੀਮਤ ਤੋਂ ਘੱਟ ਨਹੀਂ ਹੋ ਸਕਦੀ। ਰਾਹੀਂ ਬੀਮਾ ਕੰਪਨੀਆਂ ਅਤੇ ਵਿੱਤੀ ਸੰਸਥਾਵਾਂ ਨੂੰ ਸੇਅਰ ਜਾਰੀ ਕੀਤੇ ਜਾ ਸਕਦੇ ਹਨ। ਸੇਅਰ ਵਿਦੇਸੀ ਸੰਸਥਾਗਤ ਨਿਵੇਸਕਾਂ ਅਤੇ ਉੱਦਮ ਪੂੰਜੀ ਫੰਡਾਂ ਨੂੰ ਵੀ ਜਾਰੀ ਕੀਤੇ ਜਾ ਸਕਦੇ ਹਨ। ਕੰਪਨੀਆਂ ਕੋਲ ਪੈਸਾ ਇਕੱਠਾ ਕਰਨ ਦਾ ਇੱਕ ਆਸਾਨ ਅਤੇ ਕਿਫਾਇਤੀ ਤਰੀਕਾ ਹੈ। ਨਿਵੇਸਕਾਂ ਨੂੰ ਸੇਅਰ ਦੀ ਬਿਹਤਰ ਕੀਮਤ ਦਾ ਵੀ ਫਾਇਦਾ ਹੁੰਦਾ ਹੈ।

## ਦਰਦਨਾਕ ਹਾਦਸੇ ਨੇ ਉਜਾੜਿਆ ਪਰਿਵਾਰ ; ਭੋਗ ਤੋਂ ਪਰਤਦੇ ਪਤੀ-ਪਤਨੀ ਦੀ ਥਾਈਂ ਹੋ ਗਈ ਮੌਤ

ਕਾਠਗੜ੍ਹ 17 ਜਨਵਰੀ। ਪੰਜਾਬ ਬਲਾਚੌਰ-ਰੂਪਨਗਰ ਹਾਈਵੇ 'ਤੇ ਸਥਿਤ ਪਿੰਡ ਟੌਂਸਾ ਤੋਂ ਇਖ ਬੇਹੱਦ ਦਰਦਨਾਕ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਕ੍ਰਾਸ ਕੱਟ ਕੋਲ ਹਾਈਵੇ 'ਤੇ ਖੜ੍ਹੇ ਇਕ ਟਰੱਕ ਵਿਚ ਮੋਟਰਸਾਈਕਲ ਦੇ ਵੱਜਣ ਕਾਰਨ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਰੈਲ ਮਾਜਰਾ ਦੇ ਸਮਾਜ ਸੇਵੀ ਸੁਰਿੰਦਰ ਸ਼ਿਦਾ ਨੇ ਦੱਸਿਆ ਕਿ ਮੋਟਰਸਾਈਕਲ 'ਤੇ ਜੈਮਲ ਉਰਫ ਜੰਮੂ (32) ਪੁੱਤਰ ਧਰਮ ਪਾਲ ਪਿੰਡ ਡਾਲੋ ਮਾਜਰਾ ਬਾਜੀਗਰ ਬਸਤੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਉਸ ਦੀ ਪਤਨੀ ਪ੍ਰੀਤੋ ਪਿੰਡ ਹੈਡੋਂ ਬੇਟ ਵਿਖੇ ਕਿਸੇ ਦੇ ਭੋਗ ਤੋਂ ਘਰ ਪਰਤ ਰਹੇ ਸਨ। ਜਦੋਂ ਉਹ ਦਾਣਾ ਮੰਡੀ ਟੌਂਸਾ ਦੇ ਕਰਾਸ ਕੱਟ ਕੋਲ ਪਹੁੰਚੇ ਤਾਂ ਹਾਈਵੇ 'ਤੇ ਖੜ੍ਹੇ ਇਕ ਟਰੱਕ ਵਿਚ ਉਨ੍ਹਾਂ ਦਾ ਮੋਟਰਸਾਈਕਲ ਜਾ ਵੱਜਿਆ। ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਸੜਕ ਸੁਰੱਖਿਆ ਪੁਲਸ ਦੇ ਇੰਚਾਰਜ ਪ੍ਰਵੀਨ ਕੁਮਾਰ ਅਤੇ ਚੌਕੀ ਆਸਰੋਂ ਦੇ ਇੰਚਾਰਜ ਏ.ਐੱਸ.ਆਈ. ਗੁਰਬਖਸ ਸਿੰਘ ਮੌਕੇ 'ਤੇ ਪਹੁੰਚੇ। ਪਰਿਵਾਰਕ ਮੈਂਬਰ ਦੋਵਾਂ ਨੂੰ ਸਿਵਲ ਹਸਪਤਾਲ ਰੋਪੜ ਵਿਖੇ ਇਲਾਜ ਲਈ ਲੈ ਗਏ, ਜਿਥੇ ਦੋਵਾਂ ਨੇ ਦਮ ਤੋੜ ਦਿੱਤਾ। ਮ੍ਰਿਤਕ ਪਤੀ-ਪਤਨੀ ਦਾ ਇਕ ਬੇਟਾ ਅਤੇ ਦੋ ਲੜਕੀਆਂ ਹਨ।

## ਗਊਆਂ ਤੇ ਬਲਦ ਬੁੱਚੜਖਾਨੇ ਲਿਜਾ ਰਹੇ ਪੰਜਾਬ ਪੁਲਸ ਦੇ ਮੁਲਾਜ਼ਮ ਸਮੇਤ 3 ਗ੍ਰਿਫ਼ਤਾਰ

ਏਜੰਸੀਆਂ

ਮਾਛੀਵਾੜਾ ਸਾਹਿਬ 17 ਜਨਵਰੀ। ਮਾਛੀਵਾੜਾ ਪੁਲਸ ਵਲੋਂ ਗਊ ਰੱਖਿਆ ਦਲ ਦੀ ਮੁਸ਼ਤੈਦੀ ਨਾਲ ਗਊਆਂ ਅਤੇ ਬਲਦ ਬੁੱਚੜਖਾਨੇ ਲਿਜਾ ਕੇ ਪੰਜਾਬ ਪੁਲਸ ਦੇ ਮੁਲਾਜ਼ਮ ਸਮੇਤ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਹਿਚਾਣ ਰੋਬਿਨ ਮਸੀਹ ਪਿੰਡ ਮੱਲੀਆਂ, ਗੁਰਦਾਸਪੁਰ, ਧੰਨਪਤੀ ਵਾਸੀ ਪਿੰਡ ਦਿਓਵਾਲ ਗੁਰਦਾਸਪੁਰ ਅਤੇ ਪਰਵਿੰਦਰ ਕੁਮਾਰ ਵਾਸੀ ਸਮਾਣਾ ਪਟਿਆਲਾ ਵਜੋਂ ਹੋਈ ਹੈ। ਗਊ ਰੱਖਿਆ ਦਲ ਦੇ ਪੰਜਾਬ ਪ੍ਰਧਾਨ ਨਿਕਸ਼ਨ ਕੁਮਾਰ ਵਾਸੀ ਰੂਪਨਗਰ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਪਿਛਲੇ 4-5 ਦਿਨ ਤੋਂ ਕੁਝ ਗੱਡੀਆਂ ਵਾਲੇ ਪਵਾਤ ਪੁਲ ਕੋਲ ਬਣੇ ਸ਼ੈੱਡ ਵਿਚ ਬੈਠੇ ਹਨ ਜਿਨ੍ਹਾਂ ਨੇ ਬਾਹਰ ਬਲਦ ਤੇ ਗਊ ਬੰਨ੍ਹੇ ਹੋਏ ਹਨ। ਬਿਆਨਕਰਤਾ ਅਨੁਸਾਰ ਇਹ ਵਿਅਕਤੀ ਬਲਦ ਤੇ ਗਊਆਂ ਦੀ ਤਸਕਰੀ ਕਰਦੇ ਹਨ। ਅੱਜ ਅੱਧੀ ਰਾਤ ਜਦੋਂ ਉਹ ਆਪਣੇ ਸਾਥੀਆਂ ਸਮੇਤ ਪਵਾਤ ਪੁਲ 'ਤੇ ਪਹੁੰਚਿਆ ਤਾਂ ਉਸਨੇ ਦੇਖਿਆ ਕਿ ਇੱਕ ਪਿਕਅੱਪ ਜੀਪ ਵਿਚ 2 ਵਿਅਕਤੀ ਬਲਦਾਂ ਨੂੰ ਲੱਦ ਰਹੇ ਸਨ ਜਦਕਿ 20 ਤੋਂ ਵੱਧ ਬਲਦ ਅਤੇ ਗਊਆਂ ਆਸਪਾਸ ਖੜ੍ਹੇ ਸਨ। ਜਦੋਂ ਉਨ੍ਹਾਂ ਨੂੰ ਗੱਡੀ ਵਿਚ ਬਲਦ ਭਰਨ ਬਾਰੇ ਪੁੱਛਿਆ ਤਾਂ ਗੱਡੀ ਦੇ ਡਰਾਇਵਰ ਨੇ ਆਪਣਾ ਨਾਮ ਰੋਬਿਨ ਮਸੀਹ ਜਦਕਿ ਬਾਕੀਆਂ ਨੇ ਆਪਣਾ ਨਾਮ ਧੰਨਪਤੀ ਤੇ ਪਰਵਿੰਦਰ ਕੁਮਾਰ ਦੱਸਿਆ। ਮੌਕੇ 'ਤੇ ਇਹ ਵਿਅਕਤੀ ਕੋਈ ਤਸੱਲੀਬਖ਼ਸ ਜਵਾਬ ਨਾ ਦੇ ਸਕੇ। ਬਿਆਨਕਰਤਾ ਅਨੁਸਾਰ ਅਸੀਂ ਗਊਆਂ ਤੇ ਬਲਦਾਂ ਦੀ ਹਿੰਦੂ ਧਰਮ ਅਨੁਸਾਰ ਪੂਜਾ ਕਰਦੇ ਹਾਂ ਪਰ ਇਹ ਵਿਅਕਤੀ ਇਨ੍ਹਾਂ ਦੀ ਹੱਤਿਆ ਕਰਨ ਲਈ ਬੁੱਚੜਖਾਨੇ ਲਿਜਾ ਰਹੇ ਸਨ ਜਿਸ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਸੂਚਨਾ ਮਿਲਦੇ ਹੀ ਥਾਣਾ ਮੁਖੀ ਪਵਿੱਤਰ ਸਿੰਘ, ਸਹਾਇਕ ਥਾਣੇਦਾਰ ਹਰਵਿੰਦਰ ਸਿੰਘ ਘੁੰਮਣ ਮੌਕੇ 'ਤੇ ਪਹੁੰਚ ਗਏ ਜਿਨ੍ਹਾਂ ਨੇ ਇਹ ਗਊਆਂ ਅਤੇ ਬਲਦ ਤਸਕਰੀ ਕਰ ਬੁੱਚੜਖਾਨੇ ਲਿਜਾਣ ਵਾਲੇ ਤਿੰਨੇ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਗੱਡੀ ਵੀ ਆਪਣੇ ਕਬਜੇ 'ਚ ਲੈ ਲਈ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਗਊ ਤੇ ਬਲਦ ਉਨ੍ਹਾਂ ਕਿੱਥੇ ਲਿਜਾ ਕੇ ਵੇਚਣੇ ਸਨ ਅਤੇ ਇਸ ਮਾਮਲੇ ਵਿਚ ਹੋਰ ਵੀ ਕੋਈ ਇਨ੍ਹਾਂ ਦਾ ਸਾਥ ਦੇ ਰਿਹਾ ਹੈ ਜਾਂ ਨਹੀਂ। ਮਾਛੀਵਾੜਾ ਪੁਲਸ ਵਲੋਂ ਗਊਆਂ ਤੇ ਬਲਦਾਂ ਦੀ ਤਸਕਰੀ ਕਰ ਬੁੱਚੜਖਾਨੇ ਲਿਜਾਣ ਦੇ ਮਾਮਲੇ ਵਿਚ ਜੋ 3 ਵਿਅਕਤੀ ਗ੍ਰਿਫ਼ਤਾਰ ਕੀਤੇ ਹਨ ਉਨ੍ਹਾਂ 'ਚੋਂ ਇਕ ਵਿਅਕਤੀ ਧੰਨਪਤੀ ਜੋ ਕਿ ਪੁਲਸ ਵਿਚ ਹੋਮਗਾਰਡ ਵਜੋਂ ਤਾਇਨਾਤ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਗਊ ਰੱਖਿਆ ਦਲ ਦੇ ਰਾਸ਼ਟਰੀ ਪ੍ਰਧਾਨ ਸਤੀਸ਼ ਕੁਮਾਰ, ਪੰਜਾਬ ਪ੍ਰਧਾਨ ਨਿਕਸ਼ਨ ਕੁਮਾਰ, ਹਿੰਦੂ ਤਖ਼ਤ ਦੇ ਪ੍ਰੈੱਸ ਸਕੱਤਰ ਕਮਲਜੀਤ ਸਿੰਘ, ਸਕੱਤਰ ਹਰੀ ਓਮ, ਸਲਾਹਕਾਰ ਸੰਦੀਪ ਸ਼ਰਮਾ, ਅਰੁਣ ਕੁਮਾਰ, ਅਮਿਤ ਕੁਮਾਰ ਅਤੇ ਗੌਤਮ ਸ਼ਰਮਾ ਨੇ ਦੱਸਿਆ ਕਿ ਪੰਜਾਬ ਪੁਲਸ ਦਾ ਇਹ ਮੁਲਾਜ਼ਮ ਗਊਆਂ ਦੀ ਤਸਕਰੀ ਵਿਚ ਅਹਿਮ ਰੋਲ ਨਿਭਾਅ ਰਿਹਾ ਸੀ ਅਤੇ ਇਹ ਆਪਣੇ ਪੁਲਸ ਪਹਿਚਾਣ ਪੱਤਰ ਰਾਹੀਂ ਨਾਕਿਆਂ



ਤੋਂ ਗਊਆਂ ਨਾਲ ਭਰੇ ਵਾਹਨ ਕਢਵਾਉਂਦਾ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਕ ਪ੍ਰਮੁੱਖ ਸਰਗਣਾ ਜੋ ਕਿ ਗਊ ਮਾਸ ਦੀ ਤਸਕਰੀ ਕਰਦਾ ਹੈ, ਉਸਦੀ ਇਸ ਪੁਲਸ ਕਰਮੀ ਨਾਲ ਪੂਰੀ ਗੰਢਤੁੱਪ ਹੈ ਅਤੇ ਉਸ ਦੇ ਲਈ ਇਹ ਗਊਆਂ ਤੇ ਬਲਦਾਂ ਦੀ ਤਸਕਰੀ ਕਰਦਾ ਆ ਰਿਹਾ ਹੈ। ਉਕਤ ਆਗੂਆਂ ਨੇ ਦੱਸਿਆ ਕਿ ਪਹਿਲਾਂ ਇਹ ਪੁਲਸ ਮੁਲਾਜ਼ਮ ਗਊਆਂ ਨਾਲ ਭਰੇ ਵਾਹਨ ਲੰਘਾਉਂਦਾ ਸੀ ਪਰ ਹੁਣ ਇਸ ਨੇ ਆਪਣੀ ਨਵੀਂ ਗੱਡੀ ਖਰੀਦ ਕੇ ਗਊਆਂ ਦੀ ਤਸਕਰੀ ਕਰਨੀ ਸ਼ੁਰੂ ਕਰ ਦਿੱਤੀ ਸੀ। ਗਊ ਰੱਖਿਆ ਦਲ ਦੇ ਆਗੂਆਂ ਨੇ ਕਿਹਾ ਕਿ ਪੁਲਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇ ਅਤੇ ਇਸ ਵਿਚ ਜੋ ਹੋਰ ਮੁਲਜ਼ਮ ਹਨ ਉਨ੍ਹਾਂ ਨੂੰ ਪਰਚੇ ਵਿਚ ਨਾਮਜ਼ਦ ਕਰ ਗ੍ਰਿਫ਼ਤਾਰ ਕੀਤਾ ਜਾਵੇ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜੋ ਵੀ ਮਾਮਲੇ 'ਚ ਹੋਰ ਵੀ ਦੋਸ਼ੀ ਹੋਇਆ ਉਸ ਨੂੰ ਨਾਮਜ਼ਦ ਕਰ ਕਾਬੂ ਕੀਤਾ ਜਾਵੇਗਾ। ਪੰਜਾਬ ਵਿਚ ਸੜਕਾਂ 'ਤੇ ਘੁੰਮਦੇ ਬਲਦ ਤੇ ਗਊਆਂ ਤੋਂ ਇਲਾਵਾ ਜੋ ਪਸ਼ੂ ਦੁੱਧ ਨਹੀਂ ਦਿੰਦੇ ਉਨ੍ਹਾਂ ਨੂੰ ਗਊ ਤਸਕਰ ਇਕੱਠਾ ਕਰ ਲੈਂਦੇ ਹਨ ਅਤੇ ਫਿਰ ਵਾਹਨਾਂ ਰਾਹੀਂ ਇੱਕ ਜਗ੍ਹਾ ਗੁਪਤ ਬੁੱਚੜਖਾਨੇ ਵਿਚ ਇਨ੍ਹਾਂ ਦਾ ਕਤਲ ਕੀਤਾ ਜਾਂਦਾ ਹੈ। ਪੁਲਸ ਜਾਂਚ ਦੌਰਾਨ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਗਊ ਮਾਸ ਦੀ ਤਸਕਰੀ ਏਸੀ ਵਾਹਨਾਂ ਰਾਹੀਂ ਜੰਮੂ ਕਸ਼ਮੀਰ ਵਿਖੇ ਕੀਤੀ ਜਾਂਦੀ ਹੈ ਜਿੱਥੇ ਇਸ ਨੂੰ ਭਾਰੀ ਕੀਮਤ ਵਿਚ ਵੇਚਿਆ ਜਾ ਰਿਹਾ ਹੈ। ਹੋਰ ਤਾਂ ਹੋਰ ਗਊਆਂ ਨੂੰ ਇਕੱਠੇ ਕਰ ਜਿਨ੍ਹਾਂ ਵਾਹਨਾਂ ਵਿਚ ਲੱਦਿਆ ਜਾਂਦਾ ਹੈ ਉਨ੍ਹਾਂ ਦੀ ਬਾਡੀ ਵੀ ਸਪੈਸ਼ਲ ਤਿਆਰ ਕੀਤੀ ਜਾਂਦੀ ਹੈ ਜਿਸ ਵਿਚ ਉਨ੍ਹਾਂ ਨੂੰ ਬੰਨ੍ਹਿਆ ਜਾ ਸਕੇ ਅਤੇ ਤਰਪਾਲਾਂ ਪਾ ਕੇ ਢਕਿਆ ਜਾ ਸਕੇ।

## ਕਾਰ 'ਚ ਘੁੰਮ ਕੇ ਵੇਚ ਰਿਹਾ ਸੀ ਚਾਈਨਾ ਡੋਰ, ਪੁਲਸ ਨੇ ਕਾਬੂ ਕਰ ਕੇ 100 ਗੱਟੂ ਕੀਤੇ ਬਰਾਮਦ

ਲੁਧਿਆਣਾ 17 ਜਨਵਰੀ। ਕਾਰ 'ਚ ਘੁੰਮ ਕੇ ਗਾਹਕਾਂ ਨੂੰ ਪਾਬੰਦੀਸ਼ੁਦਾ ਚਾਈਨਾ ਡੋਰ ਸਪਲਾਈ ਕਰਨ ਦੇ ਦੋਸ਼ 'ਚ ਥਾਣਾ ਹੈਬੋਵਾਲ ਦੀ ਪੁਲਸ ਨੇ ਇਕ ਨੌਜਵਾਨ ਨੂੰ ਕਾਬੂ ਕਰ ਲਿਆ। ਪੁਲਸ ਨੇ ਮੁਲਜ਼ਮ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਮੁਤਾਬਕ, ਪੁਲਸ ਨੇ ਮੁਲਜ਼ਮ ਦੀ ਪਛਾਣ ਸ੍ਰੀ ਗੁਰੂ ਨਾਨਕ ਦੇਵ ਨਗਰ ਵੱਡੀ ਹੈਬੋਵਾਲ ਦੇ ਰਹਿਣ ਵਾਲੇ ਸਿਮਰਨਜੀਤ ਸਿੰਘ ਵਜੋਂ ਕੀਤੀ ਹੈ। ਮਾਮਲੇ ਦੀ ਕਾਰਵਾਈ



ਕਰ ਰਹੇ ਏ. ਐੱਸ. ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ 'ਚ ਗਸ਼ਤ ਦੌਰਾਨ ਮੱਲ੍ਹੀ ਪੈਟਰੋਲ ਪੰਪ ਨੇੜੇ ਮੌਜੂਦ ਸੀ ਤਾਂ ਉਨ੍ਹਾਂ ਨੂੰ ਖਬਰੀ ਨੇ ਸੂਚਨਾ ਦਿੱਤੀ ਕਿ ਉਕਤ ਮੁਲਜ਼ਮ ਪਾਬੰਦੀਸ਼ੁਦਾ ਡੋਰ ਵੇਚ ਰਿਹਾ ਹੈ। ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਟੀਮ ਨੇ ਮੁਲਜ਼ਮ ਨੂੰ ਹਰਗੋਬਿੰਦ ਨਗਰ ਬੈੱਕ ਸਾਈਡ ਸਬਜੀ ਮੰਡੀ ਹੈਬੋਵਾਲ ਤੋਂ ਗ੍ਰਿਫਤਾਰ ਕਰ ਲਿਆ। ਮੁਲਜਮ ਕੋਲੋਂ ਪੁਲਸ ਨੇ ਚਾਈਨਾ ਡੋਰ ਦੇ ਕਰੀਬ 100 ਗੱਟੂ ਬਰਾਮਦ ਕੀਤੇ। ਪੁਲਸ ਨੇ ਮੁਲਜਮ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।